31-MAR-PAGE-1.qxd 3/30/2024 10:47 PM Page 1

ਐਤਵਾਰ, 31 ਮਾਰਚ, 2024
18 ਚੇਤ { ਨਾਨਕਸ਼ਾਹੀ 556 / ਬਿਕਰਮੀ 2080 }
ਜਿਲਦ/VOL. : 72
ਅੰਕ/NO. : 300

# ਨਵਾਂ ਜ਼ਮਾਨਾ

DAILY NAWAN ZAMANA • SUNDAY, 31 MARCH, 2024 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

# ਭਾਜਪਾ ਵਾਸ਼ਿੰਗ ਮਸ਼ੀਨ, ਮੋਦੀ ਵਾਸ਼ਿੰਗ ਪਾਊਡਰ : ਕਾਂਗਰਸ



**ਨਵੀਂ ਦਿੱਲੀ** : ਕਾਂਗਰਸ ਨੇਤਾ ਪਵਨ ਖੇੜਾ ਨੇ ਸ਼ਨੀਵਾਰ ਨੂੰ ਪ੍ਰੈੱਸ ਕਾਨਫਰੰਸ ਕੀਤੀ। ਉਨ੍ਹਾ ਸਾਹਮਣੇ ਟੇਬਲ 'ਤੇ ਵਾਸ਼ਿੰਗ ਮਸ਼ੀਨ ਰੱਖੀ ਸੀ। ਇਸ 'ਤੇ ਭਾਜਪਾ ਵਾਸ਼ਿੰਗ ਮਸ਼ੀਨ ਲਿਖਿਆ ਹੋਈ ਸੀ। ਖੇੜਾ ਨੇ ਕਿਹਾ—ਭਾਜਪਾ ਜਿਨ੍ਹਾਂ ਨੇਤਾਵਾਂ 'ਤੇ ਕਰੋੜਾਂ ਦੇ ਘੁਟਾਲਿਆਂ ਦਾ ਦੋਸ਼ ਲਾਉਂਦੀ ਹੈ, ਪਾਰਟੀ 'ਚ ਸ਼ਾਮਲ ਕਰਵਾਉਂਦੀ ਹੈ ਅਤੇ ਕੇਸ ਵਾਪਸ ਲੈ ਲੈਂਦੀ ਹੈ। ਉਨ੍ਹਾ ਕਿਹਾ ਕਿ ਭਾਜਪਾ ਕੋਲ ਇਸ ਤਰ੍ਹਾਂ ਦੀ ਵਾਸ਼ਿੰਗ ਮਸ਼ੀਨ ਹੈ, ਜਿਸ 'ਚ 10 ਸਾਲ ਪੁਰਾਣਾ ਕੇਸ ਵੀ ਪਾਓ ਤਾਂ ਦੋਸ਼ੀ ਬੇਦਾਗ ਨਿਕਲਦਾ ਹੈ। ਮਸ਼ੀਨ ਦੇ ਨਾਲ-ਨਾਲ ਇਹ ਕਮਾਲ ਮੋਦੀ ਵਾਸ਼ਿੰਗ ਪਾਊਡਰ ਦਾ ਵੀ ਹੈ। ਖੇੜਾ ਨੇ ਇੱਕ ਪੇਪਰ ਜਾਰੀ ਕਰਕੇ ਦੋਸ਼ ਵੀ ਲਾਇਆ ਕਿ ਵਿਰੋਧੀ ਦਲ ਦੇ ਨੇਤਾਵਾਂ ਨੂੰ ਡਰਾਉਣ ਅਤੇ ਧਮਕਾਉਣ ਲਈ ਸੀ ਬੀ ਆਈ, ਈ ਡੀ ਅਤੇ ਇਨਕਮ ਟੈਕਸ ਡਿਪਾਰਟਮੈਂਟ ਵਰਗੀਆਂ ਕੇਂਦਰੀ ਏਜੰਸੀਆ ਦਾ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਅਸੀਂ ਇਸ ਤਰ੍ਹਾਂ ਦੀ ਵਾਸ਼ਿੰਗ ਮਸ਼ੀਨ ਨਾ ਤੁਹਾਨੂੰ ਵੇਚ ਸਕਾਂਗੇ ਅਤੇ ਨਾ ਤੁਸੀਂ ਖਰੀਦ ਸਕੋਗੇ, ਕਿਉਂਕਿ 8552 ਕਰੋੜ ਦੀ ਮਸ਼ੀਨ ਕੇਵਲ ਇੱਕ ਹੀ ਆਦਮੀ ਰੱਖ ਸਕਦਾ ਹੈ, ਉਸ ਦਾ ਨਾਂਅ ਹੈ ਨਰੇਂਦਰ ਮੋਦੀ। ਉਹਨਾ ਆਪੋਜ਼ੀਸ਼ਨ ਆਗੂਆਂ ਦੇ 51 ਕੇਸ ਗਿਣਾਏ, ਜਿਸ 'ਤੇ ਕਾਰਵਾਈ ਹੋ ਰਹੀ ਹੈ।

ਇਸ ਤੋਂ ਇਲਾਵਾ ਉਨ੍ਹਾ 20 ਕੇਸ ਇਸ ਤਰ੍ਹਾਂ ਦੇ ਦੱਸੇ, ਜਿਸ 'ਚ ਸੱਤਾ ਪੱਖ ਅਤੇ ਉਨ੍ਹਾਂ ਦੇ ਕਰੀਬੀ ਪਾਰਟੀਆਂ ਦੇ ਨੇਤਾਵਾਂ 'ਤੇ ਕੇਸ ਦਰਜ ਹਨ, ਪਰ ਉਨ੍ਹਾ 'ਤੇ ਕੋਈ ਕਾਰਵਾਈ ਨਹੀਂ ਹੋ ਰਹੀ। ਜਿਨ੍ਹਾਂ ਨੇਤਾਵਾਂ ਬਾਰੇ ਉਹਨਾ ਕਿਹਾ, ਉਨ੍ਹਾਂ 'ਚ ਮੁਕੁਲ ਰਾਏ, ਸੁਵੇਂਦਰ ਅਧਿਕਾਰੀ, ਮਿਥੁਨ ਚਕਰਵਰਤੀ, ਸੋਵਨ ਚੈਟਰਜੀ, ਵਾਈ ਐੱਸ ਚੌਧਰੀ, ਜਗਨ ਰੈਡੀ ਦਾ ਨਾਂਅ ਵੀ ਸ਼ਾਮਲ ਹੈ। ਖੇੜਾ ਨੇ ਕਿਹਾ ਕਿ ਐੱਨ ਸੀ ਪੀ ਨੇਤਾ ਪ੍ਰਫੁੱਲ ਪਟੇਲ ਇਸ ਦੀ ਜਿਊਂਦੀ-ਜਾਗਦੀ ਉਦਾਹਰਨ ਹੈ। ਭਾਜਪਾ ਨੇ ਉਨ੍ਹਾ 'ਤੇ ਅਰਬਾਂ ਰੁਪਏ ਦੇ ਘੁਟਾਲੇ ਦਾ ਦੋਸ਼ ਲਾਇਆ। ਜਦ ਉਹ ਐੱਨ ਸੀ ਪੀ ਨੂੰ ਤੋੜ ਕੇ ਭਾਜਪਾ ਨਾਲ ਗਏ ਤਾਂ ਉਨ੍ਹਾ ਦੇ ਸਾਰੇ ਦਾਗ ਸਾਫ਼ ਹੋ ਗਏ।

ਅਸਾਮ ਦੇ ਮੁੱਖ ਮੰਤਰੀ ਹੇਮੰਤ ਬਿਸਵਾ ਸਰਮਾ ਦੀ ਵੀ ਕੁਝ ਇਹੀ ਕਹਾਣੀ ਹੈ। ਬਿਸਵਾ ਗੁਹਾਟੀ 'ਚ ਜਨਪੂਰਤੀ ਘੁਟਾਲੇ 'ਚ ਦੋਸ਼ੀ ਸੀ। ਭਾਜਪਾ ਨੇ ਪਹਿਲਾ ਉਨ੍ਹਾ ਖਿਲਾਫ਼ ਇੱਕ ਸਫੇਦ ਪੱਤਰ ਕੱਢਿਆ ਸੀ। ਨਰਾਇਣ ਰਾਣੇ ਖਿਲਾਫ਼ ਸੀ ਬੀ ਆਈ, ਈ ਡੀ ਨੇ ਕਈ ਮਾਮਲੇ ਦਰਜ ਕੀਤੇ। ਭਾਜਪਾ ਨੇਤਾ ਕਿਰੀਟ ਸੋਮੈਯਾ ਨੇ ਉਨ੍ਹਾ ਖਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ ਲਾਏ ਸਨ। ਅਜੀਤ ਪਵਾਰ 'ਤੇ ਮੋਦੀ ਨੇ 70,000 ਕਰੋੜ ਦੇ ਘੁਟਾਲੇ ਦਾ ਦੋਸ਼ ਲਾਇਆ। ਈ ਡੀ ਨੇ ਸਤਾਰਾ ਦੇ ਜਰਾਂਦੇਸ਼ਵਰ ਚੀਨੀ ਮਿੱਲ ਦੀ 2010 'ਚ ਧੋਖੇ ਨਾਲ ਹੋਈ ਵਿਕਰੀ 'ਚ ਚਾਰਜਸ਼ੀਟ ਦਾਖ਼ਲ ਕੀਤੀ। ਇਸ ਤਰ੍ਹਾਂ ਕਈ ਮਾਮਲੇ ਹਨ।

ਉਹਨਾ ਕਿਹਾ ਕਿ ਪ੍ਰਫੁੱਲ ਪਟੇਲ ਖਿਲਾਫ਼ ਸੀ ਬੀ ਆਈ ਨੇ ਮਾਮਲਾ ਬੰਦ ਕਰ ਦਿੱਤਾ ਹੈ। ਉਹ ਕੁਝ ਮਹੀਨੇ ਪਹਿਲਾਂ ਹੀ ਭਾਜਪਾ 'ਚ ਸ਼ਾਮਲ ਹੋਏ ਸਨ। ਪ੍ਰਫੁੱਲ ਵਾਸ਼ਿੰਗ ਮਸ਼ੀਲ 'ਚ ਗਏ ਅਤੇ ਸਾਫ਼ ਹੋ ਕੇ ਨਿਕਲੇ। ਇਹ ਸਿਰਫ਼ ਇੱਕ ਨਾਂਅ ਨਹੀਂ, ਬਲਕਿ ਇਸ ਤਰ੍ਹਾਂ ਦੇ ਕਈ ਨਾਂਅ ਹਨ।

ਮੋਦੀ ਸਰਕਾਰ ਨੇ ਈ ਡੀ, ਆਈ ਟੀ, ਸੀ ਬੀ ਆਈ ਵਰਗੀਆਂ ਸੰਸਥਾਵਾਂ ਦਾ ਇਸਤੇਮਾਲ ਆਪਣੇ ਰਾਜਨੀਤਕ ਵਿਸਥਾਰ ਲਈ ਹਥਿਆਰ ਦੇ ਰੂਪ 'ਚ ਕੀਤਾ ਹੈ। ਚਾਹੇ ਉਹ ਫਰਮਾਂ ਤੋਂ ਇਲੈਕਟ੍ਰੋਲ ਬਾਂਡ ਦੀ ਵਸੂਲੀ ਲਈ ਈ ਡੀ ਦਾ ਗਲਤ ਇਸਤੇਮਾਲ ਹੋਵੇ ਜਾਂ 30 ਸਾਲ ਪੁਰਾਣੇ ਨੋਟਿਸ ਜਰੀਏ ਪ੍ਰਮੁੱਖ ਵਿਰੋਧੀ ਦਲਾਂ ਨੂੰ ਪ੍ਰੇਸ਼ਾਨ ਕਰਨ ਲਈ ਆਮਦਨ ਕਰ ਵਿਭਾਗ ਦਾ ਇਸਤੇਮਾਲ ਹੋਵੇ, ਭਾਜਪਾ ਇਹਨਾਂ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਚ ਅਪਰਾਧੀ ਬਣ ਗਈ ਹੈ।

## ਆਈ ਟੀ ਭਾਜਪਾ ਦਾ ਟੈਕਸ ਟੈਰੇਰਿਜ਼ਮ : ਰਾਹੁਲ



**ਨਵੀਂ ਦਿੱਲੀ** : ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਭਾਜਪਾ 'ਤੇ ਨਿਸ਼ਾਨਾ ਲਾਇਆ ਹੈ। ਕਾਂਗਰਸ ਪਾਰਟੀ ਨੂੰ ਮਿਲੇ ਆਮਦਨ ਕਰ ਵਿਭਾਗ ਦੇ ਨੋਟਿਸ 'ਤੇ ਬੋਲਦੇ ਹੋਏ ਉਨ੍ਹਾ ਇਸ ਨੂੰ 'ਟੈਕਸ ਟੈਰੇਰਿਜ਼ਮ' ਕਿਹਾ। ਰਾਹੁਲ ਨੇ ਚੇਤਾਵਨੀ ਦਿੱਤੀ ਕਿ ਜਦ ਸਰਕਾਰ ਬਦਲੇਗੀ ਤਾਂ ਲੋਕਤੰਤਰ ਨੂੰ ਖ਼ਤਮ ਕਰਨ ਵਾਲਿਆਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਲੋਕ ਸਭਾ ਚੋਣਾਂ ਤੋਂ ਪਹਿਲਾ ਆਮਦਨ ਕਰ ਵਿਭਾਗ ਨੇ ਕਾਂਗਰਸ ਪਾਰਟੀ ਨੂੰ 1700 ਕਰੋੜ ਰੁਪਏ ਦਾ ਡਿਮਾਂਡ ਨੋਟਿਸ ਜਾਰੀ ਕੀਤਾ ਹੈ। ਸੂਤਰਾਂ ਮੁਤਾਬਕ ਪਾਰਟੀ ਨੂੰ ਜਾਰੀ ਕੀਤਾ ਗਿਆ ਤਾਜ਼ਾ ਨੋਟਿਸ ਸਾਲ 2017-18 ਤੋਂ 2020-21 ਨਾਲ ਜੁੜਿਆ ਹੈ। ਰਾਹੁਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ, 'ਜਦ ਸਰਕਾਰ ਬਦਲੇਗੀ ਤਾਂ ਲੋਕਤੰਤਰ ਦੇ ਨਾਲ ਖਿਲਵਾੜ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਹੋਵੇਗੀ ਅਤੇ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ ਕਿ ਦੋਬਾਰਾ ਕੋਈ ਇਹ ਸਭ ਕੁਝ ਕਰਨ ਦੀ ਹਿੰਮਤ ਨਹੀਂ ਕਰੇਗਾ, ਇਹ ਮੇਰੀ ਗਰੰਟੀ ਹੈ।' ਇਸੇ ਦੌਰਾਨ ਕਾਂਗਰਸ ਨੇਤਾ ਅਜੈ ਮਾਕਨ ਨੇ ਕਿਹਾ, 'ਭਾਜਪਾ ਨੇ ਟੈਕਸ ਕਾਨੂੰਨਾਂ ਦਾ ਗੰਭੀਰ ਉਲੰਘਣ ਕੀਤਾ ਹੈ। ਆਈ ਟੀ ਵਿਭਾਗ ਨੂੰ ਉਨ੍ਹਾਂ ਤੋਂ 4600 ਕਰੋੜ ਤੋਂ ਵੱਧ ਦੀ ਮੰਗ ਕਰਨੀ ਚਾਹੀਦੀ ਹੈ। 1 ਅਪ੍ਰੈਲ ਨੂੰ ਕਾਂਗਰਸ ਇਸ ਮਾਮਲੇ ਨੂੰ ਲੈ ਕੇ ਦੋਬਾਰਾ ਸੁਪਰੀਮ ਕੋਰਟ ਜਾਵੇਗੀ।

## ਪਾਰਟੀ ਲਈ ਚੰਦਾ, ਵਪਾਰੀਆਂ ਨੂੰ ਡੰਡਾ ਤੇ ਈ ਡੀ ਦਾ ਫੰਦਾ : ਜੈਰਾਮ ਰਮੇਸ਼



**ਨਵੀਂ ਦਿੱਲੀ** : ਕਾਂਗਰਸ ਬੁਲਾਰੇ ਜੈਰਾਮ ਰਮੇਸ਼ ਨੇ ਪ੍ਰੈੱਸ ਕਾਨਫਰੰਸ 'ਚ ਕਿਹਾ, 'ਐਤਵਾਰ ਦੀ ਰੈਲੀ ਵਿਅਕਤੀ ਕੇਂਦਰਤ ਰੈਲੀ ਨਹੀਂ। ਇਹ 'ਇੰਡੀਆ' ਗਠਜੋੜ ਦੀ ਰੈਲੀ ਹੈ। ਇਹ ਕਿਸੇ ਇੱਕ ਪਾਰਟੀ ਦੀ ਰੈਲੀ ਨਹੀਂ। ਪਹਿਲੀ ਰੈਲੀ ਮੁੰਬਈ ਦੇ ਸ਼ਿਵਾਜੀ ਪਾਰਕ 'ਚ ਹੋਈ ਅਤੇ ਦੂਜੀ ਰੈਲੀ ਦਿੱਲੀ ਦੇ ਰਾਮਲੀਲ੍ਹਾ ਮੈਦਾਨ 'ਚ ਹੋਣ ਜਾ ਰਹੀ ਹੈ।' ਜੈਰਾਮ ਰਮੇਸ਼ ਨੇ ਕਿਹਾ ਕਿ ਕੇਂਦਰੀ ਏਜੰਸੀਆਂ ਦਾ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਵਿਰੋਧੀ ਦਲਾਂ ਖਿਲਾਫ਼ 'ਟੈਕਸ ਟੈਰੇਰਿਜ਼ਮ' ਕੀਤਾ ਜਾ ਰਿਹਾ ਹੈ। ਖਾਸ ਤੌਰ 'ਤੇ ਕਾਂਗਰਸ ਪਾਰਟੀ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਉਨ੍ਹਾ ਕਿਹਾ ਕਿ ਭਾਜਪਾ ਤਿੰਨ ਮਨਸੂਬਿਆਂ 'ਤੇ ਕੰਮ ਕਰ ਰਹੀ ਹੈ ਅਤੇ ਉਹ ਹਨ, 'ਪਾਰਟੀ ਲਈ ਚੰਦਾ, ਵਪਾਰੀਆਂ ਨੂੰ ਡੰਡਾ ਅਤੇ ਈ ਡੀ ਦਾ ਫੰਦਾ।'

## ਤੇਰਾ ਗਮ, ਮੇਰਾ ਗਮ



**ਨਵੀਂ ਦਿੱਲੀ** : ਜੇਲ੍ਹ 'ਚ ਬੰਦ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਤਨੀ ਕਲਪਨਾ ਸੋਰੇਨ ਦਿੱਲੀ ਪਹੁੰਚੀ। ਉਹ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਮੁਲਾਕਾਤ ਲਈ ਮੁੱਖ ਮੰਤਰੀ ਨਿਵਾਸ ਗਈ। ਉਨ੍ਹਾ ਦੇ ਨਾਲ ਦਿੱਲੀ ਦੇ ਮੰਤਰੀ ਅਤੇ ਆਮ ਆਦਮੀ ਪਾਰਟੀ ਨੇਤਾ ਸੌਰਭ ਭਾਰਦਵਾਜ ਵੀ ਸਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਕੇਜਰੀਵਾਲ ਈ ਡੀ ਦੀ ਕਸਟਡੀ 'ਚ ਹਨ। ਉਨ੍ਹਾ ਨੂੰ ਕਥਿਤ ਸ਼ਰਾਬ ਘੁਟਾਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਥੇ ਹੀ ਹੇਮੰਤ ਸੋਰੇਨ ਨੂੰ ਵੀ ਕਥਿਤ ਜ਼ਮੀਨ ਘੁਟਾਲੇ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਮੁਲਾਕਾਤ ਤੋਂ ਬਾਅਦ ਕਲਪਨਾ ਸੋਰੇਨ ਨੇ ਕਿਹਾ, 'ਜੋ ਘਟਨਾ ਝਾਰਖੰਡ 'ਚ ਦੋ ਮਹੀਨੇ ਪਹਿਲਾਂ ਹੋਈ ਸੀ, ਉਸੇ ਤਰ੍ਹਾਂ ਦੀ ਘਟਨਾ ਦਿੱਲੀ 'ਚ ਵੀ ਹੋਈ ਹੈ। ਮੇਰੇ ਪਤੀ ਨੂੰ ਵੀ ਜੇਲ੍ਹ ਭੇਜਿਆ ਗਿਆ, ਉਥੇ ਹੀ ਅਰਵਿੰਦ ਨੂੰ ਵੀ ਜੇਲ੍ਹ ਭੇਜਿਆ ਗਿਆ। ਜੋ ਸਥਿਤੀ ਝਾਰਖੰਡ 'ਚ ਹੈ, ਉਹੀ ਹੁਣ ਇੱਥੇ ਹੋ ਗਈ ਹੈ। ਮੈਂ ਸੁਨੀਤਾ ਕੇਜਰੀਵਾਲ ਨੂੰ ਮਿਲਣ ਅਤੇ ਉਨ੍ਹਾ ਦਾ ਦੁੱਖ ਵੰਡਾਉਣ ਆਈ ਸੀ। ਉਨ੍ਹਾ ਨੇ ਵੀ ਆਪਣੀ ਸਥਿਤੀ ਦੱਸੀ। ਅਸੀਂ ਦੋਵਾਂ ਨੇ ਮਿਲ ਕੇ ਇਹੀ ਪ੍ਰਣ ਲਿਆ ਕਿ ਇਸ ਲੜਾਈ ਨੂੰ ਬਹੁਤ ਦੂਰ ਤੱਕ ਲੈ ਕੇ ਜਾਵਾਂਗੀਆਂ। ਪੂਰਾ ਝਾਰਖੰਡ ਅਰਵਿੰਦ ਕੇਜਰੀਵਾਲ ਦੇ ਨਾਲ ਹਮੇਸ਼ਾ ਰਹੇਗਾ।'

ਇਸੇ ਦੌਰਾਨ ਆਪ ਨੇਤਾ ਸੌਰਭ ਭਾਰਦਵਾਜ ਨੇ ਕਿਹਾ, 'ਹੇਮੰਤ ਸੋਰੇਨ ਵਿਰੋਧੀ ਦਲ ਦੇ ਇੱਕ ਵੱਡੇ ਨੇਤਾ ਸਨ ਅਤੇ ਗੈਰ ਭਾਜਪਾ ਸੂਬੇ 'ਚ ਚੰਗੀ ਸਰਕਾਰ ਚਲਾ ਰਹੇ ਸਨ, ਜਿਸ ਤਰ੍ਹਾਂ ਉਨ੍ਹਾ ਨੂੰ ਜੇਲ੍ਹ 'ਚ ਸੁੱਟਿਆ ਗਿਆ, ਉਹ ਸਾਰਿਆਂ ਨੇ ਦੇਖਿਆ। ਅਰਵਿੰਦ ਕੇਜਰੀਵਾਲ ਨੂੰ ਜਿਸ ਤਰ੍ਹਾਂ ਜੇਲ੍ਹ ਦਿੱਤੀ, ਉਹ ਵੀ ਸਾਰਿਆਂ ਨੇ ਦੇਖਿਆ। ਅੱਜ ਕਲਪਨਾ ਸੋਰੇਨ ਸੁਨੀਤਾ ਕੇਜਰੀਵਾਲ ਨੂੰ ਮਿਲਣ ਆਈ ਸੀ, ਦੋਵਾਂ ਦੀ ਸਥਿਤੀ ਲੱਗਭੱਗ ਇੱਕੋ ਜੈਸੀ ਹੈ, ਕੇਂਦਰ ਸਰਕਾਰ ਨੇ ਇਨ੍ਹਾਂ ਦੋਵਾਂ ਦੇ ਪਤੀਆਂ ਨੂੰ ਜੇਲ੍ਹ ਦੇ ਅੰਦਰ ਰੱਖਿਆ ਹੈ। ਅੱਜ ਦੋਵਾਂ ਨੇ ਇੱਕ-ਦੂਜੇ ਨਾਲ ਗੱਲਬਾਤ ਕੀਤੀ ਅਤੇ ਇੱਕ-ਦੂਜੇ ਨੂੰ ਹੌਸਲਾ ਦਿੱਤਾ।

## ਪੰਜਾਬ 'ਚ ਜਲਦ ਹੀ 2 ਹੋਰ ਟੋਲ ਪਲਾਜ਼ੇ ਹੋ ਜਾਣਗੇ ਬੰਦ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਪੰਜਾਬ 'ਚੋਂ ਦੋ ਹੋਰ ਟੋਲ ਪਲਾਜ਼ੇ ਬੰਦ ਕਰਨ ਦਾ ਐਲਾਨ ਕਰਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਹੈ।ਲੁਧਿਆਣਾ ਤੋਂ ਬਰਨਾਲਾ ਜਾਂਦੇ ਸਮੇਂ ਦੋ ਟੋਲ ਪਲਾਜ਼ੇ ਪੈਂਦੇ ਹਨ। ਇੱਕ ਟੋਲ ਪਲਾਜ਼ਾ ਮੁੱਲਾਂਪੁਰ ਦੇ ਨਜ਼ਦੀਕੀ ਪਿੰਡ ਰਕਬਾ ਤੇ ਦੂਜਾ ਟੋਲ ਪਲਾਜ਼ਾ ਪਿੰਡ ਮਹਿਲ ਕਲਾਂ ਵਿੱਚ ਪੈਂਦੇ ਹਨ।ਇਹ ਦੋਵੇਂ ਟੋਲ ਪਲਾਜ਼ੇ ਇੱਕ ਹੀ ਕੰਪਨੀ ਦੇ ਹਨ।ਪੰਜਾਬ ਸਰਕਾਰ ਵੱਲੋਂ ਇਹ ਦੋਵੇਂ ਟੋਲ ਪਲਾਜ਼ੇ ਬੰਦ ਕਰਕੇ ਲੋਕਾਂ ਨੂੰ ਵੱਡੀ ਰਾਹਤ ਦਿੱਤੀ ਗਈ ਹੈ। ਇਹ ਦੋਵੇਂ ਟੋਲ 2 ਅਪ੍ਰੈਲ ਰਾਤ 12 ਵਜੇ ਬੰਦ ਹੋ ਜਾਣਗੇ।

ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਐੱਕਸ ਹੈਂਡਲ 'ਤੇ ਪੋਸਟ ਸਾਂਝੀ ਕਰਦੇ ਹੋਏ ਲਿਖਿਆ ਕਿ ਲੁਧਿਆਣਾ ਤੋਂ ਬਰਨਾਲਾ ਵਾਇਆ ਸੁਧਾਰ-ਰਾਏਕੋਟ-ਮਹਿਲ ਕਲਾਂ ਦੋ ਟੋਲ ਪਲਾਜ਼ੇ ਹਨ। ਇੱਕ ਪਿੰਡ ਰਕਬਾ ਨੇੜੇ ਮੁੱਲਾਂਪੁਰ ਤੇ ਦੂਜਾ ਪਿੰਡ ਮਹਿਲ ਕਲਾਂ 'ਚ, ਇਹ ਇੱਕੋ ਕੰਪਨੀ ਦੇ ਹਨ। ਕੰਪਨੀ ਨੇ ਕੋਵਿਡ ਅਤੇ ਕਿਸਾਨ ਅੰਦੋਲਨ ਦਾ ਵੇਰਵਾ ਦੇ ਕੇ 448 ਦਿਨਾਂ ਦੀ ਟੋਲ ਨੂੰ ਵਧਾਉਣ ਦੀ ਮੰਗ ਕੀਤੀ ਸੀ, ਜਿਸ ਨੂੰ ਪੰਜਾਬ ਸਰਕਾਰ ਵੱਲੋਂ ਨਹੀਂ ਮੰਨਿਆ ਗਿਆ। ਇਹ ਦੋਵੇਂ ਟੋਲ 2 ਅਪ੍ਰੈਲ ਰਾਤ 12 ਵਜੇ ਬੰਦ ਹੋ ਜਾਣਗੇ।

## ਐੱਲ ਜੀ ਪੀ ਨੇ ਜਾਰੀ ਕੀਤੀ 5 ਉਮੀਦਵਾਰਾਂ ਦੀ ਲਿਸਟ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ 2024 ਨੂੰ ਲੈ ਕੇ ਬਿਹਾਰ 'ਚ ਐੱਨ ਡੀ ਏ ਦੇ ਸਹਿਯੋਗੀ ਦਲ ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ) ਨੇ ਆਪਣੇ ਕੋਟੇ ਦੇ 5 ਉਮੀਦਵਾਰਾਂ ਦੀ ਲਿਸਟ ਜਾਰੀ ਕਰ ਦਿੱਤੀ ਹੈ। ਪਾਰਟੀ ਪ੍ਰਧਾਨ ਚਿਰਾਗ ਪਾਸਵਾਨ ਜਮੂਈ ਤੋਂ ਨਹੀਂ ਬਲਕਿ ਹਾਜੀਪੁਰ ਸੀਟ ਤੋਂ ਚੋਣ ਲੜਨਗੇ। ਹਾਜੀਪੁਰ ਦੀ ਲੋਕ ਸਭਾ ਸੀਟ ਤੋਂ ਪਹਿਲਾ ਸਾਬਕਾ ਕੇਂਦਰੀ ਮੰਤਰੀ ਅਤੇ ਚਿਰਾਗ ਦੇ ਪਿਤਾ ਰਾਮਵਿਲਾਸ ਪਾਸਵਾਨ ਚੋਣ ਲੜਦੇ ਸਨ। ਹੁਣ ਹਾਜੀਪੁਰ 'ਚ ਰਾਮਵਿਲਾਸ ਪਾਸਵਾਨ ਦੀ ਵਿਰਾਸਤ ਚਿਰਾਗ ਪਾਸਵਾਨ ਹੀ ਸੰਭਾਲਣਗੇ। ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ) ਵੱਲੋਂ ਜਾਰੀ ਲਿਸਟ ਮੁਤਾਬਕ ਜਮੂਈ ਤੋਂ ਅਰੁਣ ਭਾਰਤੀ, ਸਮਸਤੀਪੁਰ ਤੋਂ ਸਾਂਭਵੀ ਚੌਧਰੀ, ਹਾਜੀਪੁਰ ਤੋਂ ਚਿਰਾਗ ਪਾਸਵਾਨ, ਵੈਸ਼ਾਲੀ ਤੋਂ ਵੀਣਾ ਦੇਵੀ ਅਤੇ ਖਗੜਿਆ ਤੋਂ ਰਾਜੇਸ਼ ਵਰਮਾ ਨੂੰ ਟਿਕਟ ਦਿੱਤੀ ਗਈ ਹੈ। ਚਿਰਾਗ ਧੜੇ ਵੱਲੋਂ ਇਸ ਲਿਸਟ 'ਚ ਚਰਚਾ ਸਾਂਭਵੀ ਚੌਧਰੀ ਦੇ ਨਾਂਅ ਦੀ ਵੀ ਹੈ, ਕਿਉਂਕਿ ਸਾਂਭਵੀ ਚੌਧਰੀ ਮੁੱਖ ਮੰਤਰੀ ਨਿਤਿਸ਼ ਦੇ ਕਰੀਬੀ ਮੰਤਰੀ ਅਸ਼ੋਕ ਚੌਧਰੀ ਦੀ ਬੇਟੀ ਹੈ।

## ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ

**ਨਵੀਂ ਦਿੱਲੀ** : ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ ਛੱਤੀਸਗੜ੍ਹ ਦੀਆਂ 11 ਲੋਕ ਸਭਾ ਸੀਟਾਂ ਲਈ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ। ਇਸ 'ਚ ਮਲਿਕਅਰਜਨ ਖੜਗੇ, ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਸਮੇਤ ਕਈ ਨੇਤਾਵਾਂ ਦੇ ਨਾਂਅ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਹ ਸਟਾਰ ਪ੍ਰਚਾਰਕ ਪ੍ਰਦੇਸ਼ 'ਚ ਕਾਂਗਰਸ ਉਮੀਦਵਾਰਾਂ ਦੇ ਹੱਕ 'ਚ ਰੈਲੀਆਂ ਨੂੰ ਸੰਬੋਧਨ ਕਰਨਗੇ। ਸੂਚੀ 'ਚ ਕੇਂਦਰ ਅਤੇ ਸੂਬੇ ਦੇ 40 ਨੇਤਾਵਾਂ ਦੇ ਨਾਂਅ ਸ਼ਾਮਲ ਹਨ। ਇਸ 'ਚ ਸਾਬਕਾ ਮੁੱਖ ਮੰਤਰੀ ਭੂਪੇਸ਼ ਬਘੇਲ, ਟੀ ਐੱਸ ਸਿੰਘਦੇਵ, ਚਰਨਦਾਸ ਸਮੇਤ, ਤਾਮਰਧਵਜ ਸਾਹੂ, ਅਮਰਜੀਤ ਭਗਤ, ਗੁਰੂ ਰੁਦਰੂ ਕੁਮਾਰ ਅਤੇ ਦੀਪਕ ਬੈਜ ਸਮੇਤ ਕਈ ਨੇਤਾਵਾਂ ਦਾ ਨਾਂਅ ਸ਼ਾਮਲ ਹੈ।

## ਨਦੀ 'ਚ ਡਿੱਗੀ ਕਾਰ, ਪੰਜ ਦੀ ਮੌਤ

**ਕਾਠਮੰਡੂ** : ਨੇਪਾਲ ਦੇ ਚਿਤਵਾਨ ਜ਼ਿਲ੍ਹੇ 'ਚ ਇੱਕ ਕਾਰ ਨਦੀ 'ਚ ਡਿੱਗਣ ਕਾਰਨ ਪੰਜ ਲੋਕਾਂ ਦੀ ਮੌਤ ਹੋ ਗਈ, ਜਦਕਿ ਇਕ ਵਿਅਕਤੀ ਲਾਪਤਾ ਹੈ।ਸ਼ਨੀਵਾਰ ਸਵੇਰੇ ਨੇਪਾਲ ਦੇ ਚਿਤਵਾਨ ਜ਼ਿਲ੍ਹੇ ਵਿੱਚ ਇੱਕ ਕਾਰ ਰਾਹੀਂ 6 ਲੋਕ ਕਾਠਮੰਡੂ ਤੋਂ ਗੋਰਖਾ ਜ਼ਿਲ੍ਹੇ ਲਈ ਜਾ ਰਹੇ ਸਨ।ਇਸ ਦੌਰਾਨ ਕਾਰ ਨਦੀ ਵਿੱਚ ਡਿੱਗ ਗਈ।ਇਸ ਹਾਦਸੇ ਵਿੱਚ ਦੋ ਔਰਤਾਂ ਅਤੇ ਇੱਕ ਨਾਬਾਲਗ ਲੜਕੇ ਸਮੇਤ ਪੰਜ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਸਵੇਰੇ ਕਰੀਬ 7 ਵਜੇ ਵਾਪਰਿਆ। ਕਾਰ ਤ੍ਰਿਸ਼ੂਲੀ ਨਦੀ 'ਚ 100 ਮੀਟਰ ਡੂੰਘੀ ਖੱਡ 'ਚ ਡਿੱਗ ਗਈ। ਇੱਕ 18 ਸਾਲਾ ਲੜਕਾ ਲਾਪਤਾ ਹੈ।

## ਸਕੂਲ ਵੈਨ ਤੇ ਟਰੱਕ ਦੀ ਟੱਕਰ 'ਚ ਡਰਾਈਵਰ ਸਮੇਤ 2 ਬੱਚਿਆਂ ਦੀ ਮੌਤ

**ਨਵੀਂ ਦਿੱਲੀ** : ਦਿੱਲੀ-ਮੇਰਠ ਐੱਕਸਪ੍ਰੈੱਸ ਵੇਅ 'ਤੇ ਸ਼ਨੀਵਾਰ ਇੱਕ ਸਕੂਲ ਵੈਨ ਅਤੇ ਟਰੱਕ ਦੀ ਟੱਕਰ ਹੋ ਗਈ। ਹਾਦਸੇ 'ਚ 'ਚ ਵੈਨ ਚਾਲਕ ਅਤੇ ਦੋ ਬੱਚਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦਕਿ ਵੈਨ 'ਚ ਸਵਾਰ ਕਈ ਹੋਰ ਵਿਦਿਆਰਥੀ ਜ਼ਖ਼ਮੀ ਹੋ ਗਏ। ਇਹ ਹਾਦਸਾ ਸੀ ਸੀ ਟੀ ਵੀ ਕੈਮਰਿਆਂ 'ਚ ਕੈਦ ਹੋ ਗਿਆ। ਗਾਜ਼ੀਆਬਾਦ ਦੇ ਦਿੱਲੀ-ਮੇਰਠ ਐੱਕਸਪ੍ਰੈਸ ਵੇਅ 'ਤੇ ਸ਼ਨੀਵਾਰ ਸਵੇਰੇ ਕਰੀਬ 7 ਵਜੇ ਇੱਕ ਸਕੂਲ ਵੈਨ ਨੇ ਅੱਗੇ ਜਾ ਰਹੇ ਟਰੱਕ ਨੂੰ ਪਿੱਛੋਂ ਟੱਕਰ ਮਾਰ ਦਿੱਤੀ। ਟੱਕਰ ਏਨੀ ਜ਼ੋਰਦਾਰ ਸੀ ਕਿ ਵੈਨ ਚਾਲਕ ਅਤੇ ਦੋ ਬੱਚਿਆਂ ਦੀ ਮੌਤ ਹੋ ਗਈ। ਬੱਚੇ ਅਮਰੋਹਾ ਤੋਂ ਦਿੱਲੀ ਦੇ ਜਾਮੀਆ 'ਚ ਪ੍ਰੀਖਿਆ ਦੇਣ ਲਈ ਜਾ ਰਹੇ ਸਨ। ਵੈਨ 'ਚ ਕਰੀਬ ਇੱਕ ਦਰਜਨ ਸਕੂਲੀ ਬੱਚੇ ਸਵਾਰ ਸਨ।

## ਪੰਜ ਹਸਤੀਆਂ ਨੂੰ ਭਾਰਤ ਰਤਨ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਾਬਕਾ ਪ੍ਰਧਾਨ ਮੰਤਰੀ ਪੀ ਵੀ ਨਰਸਿਮ੍ਹਾ ਰਾਓ, ਚੌਧਰੀ ਚਰਨ ਸਿੰਘ, ਕਰਪੂਰੀ ਠਾਕੁਰ ਅਤੇ ਐੱਮ ਐੱਸ ਸਵਾਮਿਨਾਥਨ ਨੂੰ ਮਰਨ ਉਪਰੰਤ ਭਾਰਤ ਰਤਨ ਨਾਲ ਸਨਮਾਨਤ ਕੀਤਾ। ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਅਤੇ ਭਾਜਪਾ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਨੂੰ ਵੀ ਭਾਰਤ ਰਤਨ ਦਿੱਤਾ ਗਿਆ ਹੈ। ਹਾਲਾਂਕਿ ਉਨ੍ਹਾ ਦੀ ਖਰਾਬ ਸਿਹਤ ਅਤੇ ਉਮਰ ਨੂੰ ਦੇਖਦੇ ਹੋਏ ਐਤਵਾਰ ਨੂੰ ਰਾਸ਼ਟਰਪਤੀ ਮੁਰਮੂ ਖੁਦ ਉਨ੍ਹਾ ਨਾਲ ਮੁਲਾਕਾਤ ਕਰਨ ਉਨ੍ਹਾ ਦੇ ਨਿਵਾਸ 'ਤੇ ਜਾਣਗੇ ਅਤੇ ਇਹ ਸਨਮਾਨ ਪ੍ਰਦਾਨ ਕਰਨਗੇ।

ਜ਼ਿਕਰਯੋਗ ਹੈ ਕਿ ਕੇਂਦਰ ਨੇ ਇਸ ਸਾਲ ਪੰਜ ਹਸਤੀਆਂ ਨੂੰ ਭਾਰਤ ਰਤਨ ਦੇਣ ਦਾ ਐਲਾਨ ਕੀਤਾ ਸੀ। 2014 'ਚ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਮਦਨ ਮੋਹਨ ਮਾਲਵੀਆ, ਅਟਲ ਬਿਹਾਰੀ ਵਾਪਜਾਈ, ਪ੍ਰਣਬ ਮੁਖਰਜੀ, ਭੂਪਨ ਹਜਾਰਿਕਾ ਅਤੇ ਨਾਨਾਜੀ ਦੇਸ਼ਮੁਖ ਨੂੰ ਸਰਵਉਚ ਨਾਗਰਿਕ ਸਨਮਾਨ ਨਾਲ ਨਵਾਜਿਆ ਜਾ ਚੁੱਕਾ ਹੈ। ਹੁਣ ਤੱਕ 53 ਲੋਕਾਂ ਨੂੰ ਭਾਰਤ ਰਤਨ ਦਿੱਤਾ ਗਿਆ ਹੈ।

## ਬਾਬਾ ਤਰਸੇਮ ਸਿੰਘ ਹੱਤਿਆ ਕਾਂਡ : ਸਾਬਕਾ ਆਈ ਏ ਐੱਸ ਸਮੇਤ 5 ਖ਼ਿਲਾਫ਼ ਕੇਸ ਦਰਜ

**ਦੇਹਰਾਦੂਨ** : ਉੱਤਰਾਖੰਡ ਦੇ ਊਧਮ ਸਿੰਘ ਨਗਰ ਜ਼ਿਲ੍ਹੇ 'ਚ ਨਾਨਕਮੱਤਾ ਗੁਰਦੁਆਰੇ ਦੇ ਕਾਰ ਸੇਵਾ ਮੁਖੀ ਬਾਬਾ ਤਰਸੇਮ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਸੇਵਾਮੁਕਤ ਆਈ ਏ ਐੱਸ ਅਧਿਕਾਰੀ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ।ਬਾਬਾ ਤਰਸੇਮ ਸਿੰਘ ਦੀ ਬੀਤੇ ਵੀਰਵਾਰ ਨੂੰ ਗੁਰਦੁਆਰੇ ਦੀ ਹਦੂਦ ਅੰਦਰ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।ਐੱਫ ਆਈ ਆਰ 'ਚ ਨਾਮਜ਼ਦ ਵਿਅਕਤੀਆਂ 'ਚ ਦੋ ਹਮਲਾਵਰਾਂ ਸਰਬਜੀਤ ਸਿੰਘ ਅਤੇ ਅਮਰਜੀਤ ਸਿੰਘ, ਸਾਬਕਾ ਆਈ ਏ ਐੱਸ ਅਧਿਕਾਰੀ ਹਰਬੰਸ ਸਿੰਘ ਚੁੱਘ, ਜੋ ਨਾਨਕਮੱਤਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਹਨ, ਬਾਬਾ ਅਨੂਪ ਸਿੰਘ ਅਤੇ ਪ੍ਰੀਤਮ ਸਿੰਘ ਸ਼ਾਮਲ ਹਨ। ਐੱਸ ਐੱਸ ਪੀ ਮੰਜੂ ਨਾਥ ਟੀਸੀ ਕਿਹਾ ਕਿ ਸ਼ੁੱਕਰਵਾਰ ਨੂੰ ਐੱਫ ਆਈ ਆਰ ਦਰਜ ਕੀਤੀ ਗਈ ਸੀ।ਸਰਬਜੀਤ ਸਿੰਘ ਪੰਜਾਬ ਦੇ ਤਰਨ ਤਾਰਨ ਦਾ ਰਹਿਣ ਵਾਲਾ ਹੈ, ਜਦਕਿ ਅਮਰਜੀਤ ਸਿੰਘ ਉੱਤਰ ਪ੍ਰਦੇਸ਼ ਦੇ ਰਾਮਪੁਰ ਦਾ ਰਹਿਣ ਵਾਲਾ ਹੈ।ਉਨ੍ਹਾਂ 'ਤੇ ਭਾਰਤੀ ਦੰਡਾਵਲੀ ਦੀ ਧਾਰਾ 302 (ਕਤਲ), 120ਬੀ (ਅਪਰਾਧਕ ਸਾਜ਼ਿਸ਼) ਅਤੇ 34 (ਸਾਂਝੇ ਇਰਾਦੇ) ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸੇਵਾ-ਮੁਕਤ ਆਈ ਏ ਐੱਸ ਅਧਿਕਾਰੀ ਸਮੇਤ ਤਿੰਨ ਹੋਰਨਾਂ ਨੂੰ ਐੱਫ ਆਈ ਆਰ 'ਚ ਨਾਮਜ਼ਦ ਕੀਤਾ ਗਿਆ ਹੈ।

## ਗੜੇਮਾਰੀ ਤੇ ਤੇਜ਼ ਮੀਂਹ ਕਾਰਨ ਕਿਸਾਨਾਂ ਦਾ ਭਾਰੀ ਨੁਕਸਾਨ



**ਚੰਡੀਗੜ੍ਹ** : ਪੰਜਾਬ ਤੇ ਹਰਿਆਣਾ 'ਚ ਵੈਸਟਰਨ ਡਿਸਟਰਬ ਕਾਰਨ ਮੌਸਮ ਇੱਕ ਵਾਰ ਫਿਰ ਬਦਲ ਗਿਆ ਹੈ। ਬੀਤੀ ਰਾਤ ਤੋਂ ਹੀ ਤੇਜ਼ ਹਵਾਵਾਂ ਦੇ ਨਾਲ-ਨਾਲ ਕਈ ਥਾਵਾਂ 'ਤੇ ਹਲਕੀ ਬਾਰਿਸ਼ ਅਤੇ ਗੜ੍ਹੇ ਵੀ ਪਏ। ਮੁਕਤਸਰ ਸਾਹਿਬ ਦੇ ਗਿੱਦੜਬਾਹਾ ਖੇਤਰ 'ਚ ਤੇਜ਼ ਬਾਰਿਸ਼ ਅਤੇ ਹਵਾਵਾਂ ਦੇ ਚਲਦਿਆ ਕਈ ਥਾਵਾਂ 'ਤੇ ਕਣਕ ਦੀ ਫਸਲ ਧਰਤੀ 'ਤੇ ਵਿਛੀ।ਮੌਸਮ ਦਾ ਮਿਜਾਜ਼ ਬਦਲਿਆ ਹੈ। ਇਸੇ ਤਰ੍ਹਾਂ ਅਬੋਹਰ ਸਰਹੱਦੀ ਇਲਾਕੇ ਵਿੱਚ ਮੌਸਮ ਨੇ ਮਿਜਾਜ਼ ਬਦਲਿਆ ਹੈ। ਅਬੋਹਰ ਵਿੱਚ ਬਾਰਿਸ਼ ਦੇ ਨਾਲ ਗੜ੍ਹੇ ਵੀ ਪਏ।ਫਾਜਿਲਕਾ ਵਿੱਚ ਬਾਰਿਸ਼ ਨੇ ਖੇਤਾਂ 'ਚ ਖੜੀਆਂ ਫਸਲਾਂ ਨੂੰ ਜ਼ਮੀਨ 'ਤੇ ਵਿਛਾ ਦਿੱਤਾ।ਮੀਂਹ ਨੇ ਕਿਸਾਨਾਂ ਦੀ ਮਿਹਨਤ 'ਤੇ ਪਾਣੀ ਫੇਰ ਦਿੱਤਾ ਹੈ। ਰਾਜਪੁਰਾ ਵਿੱਚ ਹਲਕੀ ਬਾਰਿਸ਼ ਤੇ ਹਨੇਰੀ ਕਾਰਨ ਮੌਸਮ ਠੰਢਾ ਹੋ ਗਿਆ। ਤੇ ਜ਼

● ਬਾਕੀ ਸਫ਼ਾ 2 'ਤੇ

## ਪਹਾੜਾਂ 'ਤੇ ਬਰਫ਼ਬਾਰੀ

**ਸ਼ਿਮਲਾ** : ਹਿਮਾਚਲ ਪ੍ਰਦੇਸ਼ ਦੀਆਂ ਉੱਚੀਆਂ ਪਹਾੜੀਆਂ 'ਤੇ ਬਰਫ਼ਬਾਰੀ ਹੋਈ। ਮੌਸਮ ਵਿਭਾਗ ਨੇ ਹਿਮਾਚਲ ਪ੍ਰਦੇਸ਼ 'ਚ 4 ਅਪ੍ਰੈਲ ਤੱਕ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। ਸ਼ਨੀਵਾਰ ਬਰਫ ਕਾਰਨ ਕਨੌਰ ਜ਼ਿਲ੍ਹੇ ਦੇ ਮਲਿੰਗ ਨੇੜੇ ਐੱਚ ਆਰ ਟੀ ਸੀ ਦੀ ਬੱਸ ਪਲਟ ਗਈ, ਪਰ ਕਿਸੇ ਜਾਨੀ ਨੁਕਸਾਨ ਦੀ ਖਬਰ ਨਹੀਂ। ਮਨਾਲੀ ਨੇੜੇ ਰੋਹਤਾਂਗ 'ਚ ਅਟਲ ਸੁਰੰਗ 'ਚ ਭਾਰੀ ਬਰਫ਼ਬਾਰੀ ਕਾਰਨ ਆਵਾਜਾਈ ਠੱਪ ਹੋ ਗਈ। ਕਲਪਾ ਅਤੇ ਕੁਕੁਮਸੇਰੀ 'ਚ 5 ਸੈਂਟੀਮੀਟਰ ਅਤੇ ਕੇਲਾਂਗ 'ਚ ਪਿਛਲੇ 24 ਘੰਟਿਆਂ ਵਿੱਚ 3 ਸੈਂਟੀਮੀਟਰ ਬਰਫ਼ਬਾਰੀ ਹੋਈ।

## ਸ਼ਾਹਬਾਜ਼ ਨੂੰ ਬਾਇਡੇਨ ਦਾ ਪੱਤਰ

**ਵਾਸ਼ਿੰਗਟਨ** : ਅਮਰੀਕਾ ਦੇ ਰਾਸ਼ਟਰਪਤੀ ਜੋਇ ਬਾਇਡੇਨ ਨੇ ਆਪਣੇ ਕਾਰਜਕਾਲ 'ਚ ਪਹਿਲੀ ਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖਿਆ ਹੈ। ਬਾਇਡੇਨ ਨੇ 2018 'ਚ ਕੁਰਸੀ ਸੰਭਾਲਣ ਤੋਂ ਬਾਅਦ ਪਾਕਿਸਤਾਨ ਦੇ ਕਿਸੇ ਪ੍ਰਧਾਨ ਮੰਤਰੀ ਨਾਲ ਕੋਈ ਗੱਲਬਾਤ ਨਹੀਂ ਕੀਤੀ ਸੀ। ਸ਼ਹਿਬਾਜ ਸ਼ਰੀਫ਼ ਨੂੰ ਲਿਖੇ ਆਪਣੇ ਪੱਤਰ 'ਚ ਬਾਇਡੇਨ ਨੇ ਕਿਹਾ ਕਿ ਅਮਰੀਕਾ ਅਤੇ ਪਾਕਿਸਤਾਨ ਵਿਚਾਲੇ ਸਾਂਝੇਦਾਰੀ ਸਾਡੇ ਲੋਕਾਂ ਅਤੇ ਦੁਨੀਆਂ ਭਰ ਦੇ ਲੋਕਾਂ ਦੀ ਸੁਰੱਖਿਆ ਪੱਕੀ ਕਰਨ ਲਈ ਜ਼ਰੂਰੀ ਹੈ। ਅਮਰੀਕੀ ਰਾਸ਼ਟਰਪਤੀ ਨੇ ਪਾਕਿਸਤਾਨ 'ਚ ਵਧਦੇ ਸੰਕਟ 'ਤੇ ਇਸਲਾਮਾਬਾਦ ਨੂੰ ਭਰੋਸਾ ਦਿੱਤਾ ਕਿ ਉਹ ਅੱਤਵਾਦ ਦੇ ਖਤਰੇ ਦਾ ਮੁਕਾਬਲਾ ਕਰਨ ਲਈ ਉਸ ਦੇ ਅਤੇ ਸ਼ਹਿਬਾਜ ਸ਼ਰੀਫ਼ ਦੀ ਅਗਵਾਈ ਵਾਲੀ ਸਰਕਾਰ ਦੇ ਨਾਲ ਕੰਮ ਕਰਨਾ ਜਾਰੀ ਰੱਖਣਗੇ। ਇਸਲਾਮਾਬਾਦ 'ਚ ਮੌਜੂਦ ਅਮਰੀਕੀ ਦੂਤਾਵਾਸ ਮੁਤਾਬਕ ਪੱਤਰ 'ਚ ਕਿਹਾ ਗਿਆ ਹੈ ਕਿ ਸਾਡੇ ਅਤੇ ਦੁਨੀਆ ਭਰ ਦੇ ਲੋਕਾਂ ਦੀ ਸੁਰੱਖਿਆ ਪੱਕੀ ਕਰਨ ਲਈ ਦੋਵਾਂ ਦੇਸ਼ਾਂ ਵਿਚਾਲੇ ਸਥਾਈ ਸਾਂਝੇਦਾਰੀ ਮਹੱਤਵਪੂਰਨ ਬਣੀ ਹੋਈ ਹੈ ਅਤੇ ਸੰਯੁਕਤ ਰਾਜ ਅਮਰੀਕਾ ਵਿਸ਼ਵ ਅਤੇ ਖੇਤਰੀ ਚੁਣੌਤੀਆਂ ਅਤੇ ਖਤਰਿਆਂ ਨਾਲ ਨਜਿੱਠਣ ਲਈ ਪਾਕਿਸਤਾਨ ਨਾਲ ਖੜਾ ਰਹੇਗਾ। ਇਸ ਤੋਂ ਇਲਾਵਾ ਅਮਰੀਕਾ-ਪਾਕਿਸਤਾਨ ਗ੍ਰੀਨ ਸਮਝੌਤੇ ਜ਼ਰੀਏ ਜਲਵਾਯੂ ਪਰਿਵਰਤਨ ਨਾਲ ਨਜਿੱਠਣ 'ਚ ਮਦਦ ਮਿਲੇਗੀ। ਪੱਤਰ 'ਚ ਕਿਹਾ ਗਿਆ ਹੈ ਕਿ 2022 'ਚ ਆਏ ਪਾਕਿਸਤਾਨ 'ਚ ਹੜ੍ਹ ਨਾਲ ਉਭਰਨ ਲਈ ਅਮਰੀਕਾ ਆਪਣੀ ਮਦਦ ਜਾਰੀ ਰੱਖੇਗਾ।

## ਰਿੰਕੂ ਤੇ ਅੰਗੂਰਾਲ ਦੀ ਸੁਰੱਖਿਆ 'ਚ ਕਟੌਤੀ

**ਜਲੰਧਰ** : ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਜਲੰਧਰ ਪੱਛਮੀ ਤੋਂ ਸਾਬਕਾ ਵਿਧਾਇਕ ਸ਼ੀਤਲ ਅੰਗੂਰਾਲ ਦੀ ਸੁਰੱਖਿਆ ਘੱਟ ਕਰਨ ਦੇ ਹੁਕਮ ਦਿੱਤੇ ਗਏ ਹਨ।ਰਿੰਕੂ ਦੀ ਸੁਰੱਖਿਆ ਲਈ ਤਾਇਨਾਤ ਪੰਜਾਬ ਪੁਲਸ ਦੇ ਕਮਾਂਡੋਜ਼ ਨੂੰ ਵਾਪਸ ਬੁਲਾ ਲਿਆ ਗਿਆ ਹੈ।ਇਸ ਤੋਂ ਇਲਾਵਾ ਸੁਰੱਖਿਆ ਵਾਹਨ (ਪਾਇਲਟ ਜੀਪ) ਨੂੰ ਵੀ ਸੁਰੱਖਿਆ ਤੋਂ ਹਟਾ ਦਿੱਤਾ ਗਿਆ ਹੈ।ਸਾਬਕਾ ਵਿਧਾਇਕ ਅੰਗੂਰਾਲ ਦੀ ਸੁਰੱਖਿਆ 'ਚ 'ਚ ਕਮੀ ਨਹੀਂ ਆਈ। ਪਹਿਲਾਂ ਰਿੰਕੂ ਦੀ ਸੁਰੱਖਿਆ ਲਈ ਚਾਰ ਪੁਲਸ ਮੁਲਾਜ਼ਮ ਅਤੇ 4 ਵਿਸ਼ੇਸ਼ ਸਿਖਲਾਈ ਪ੍ਰਾਪਤ ਕਮਾਂਡੋ ਮੌਜੂਦ ਸਨ।ਪੰਜਾਬ ਸਰਕਾਰ ਨੇ 4 ਕਮਾਂਡੋ ਵਾਪਸ ਬੁਲਾ ਲਏ ਹਨ, 2 ਦੀ ਰਵਾਨਗੀ ਸ਼ੁੱਕਰਵਾਰ ਨੂੰ ਹੋਈ, ਜਦਕਿ ਦੋ ਦੀ ਰਵਾਨਗੀ ਵੀ ਜਲਦ ਹੋਣ ਦੀ ਖ਼ਬਰ ਹੈ।ਇਸੇ ਤਰ੍ਹਾਂ ਜਲਦ ਹੀ ਅੰਗੂਰਾਲ ਦੀ ਸੁਰੱਖਿਆ ਵੀ ਘਟਾਈ ਜਾਵੇਗੀ।

## ਕੈਲਾਸ਼ ਗਹਿਲੋਤ ਤੋਂ ਈ ਡੀ ਵੱਲੋਂ ਪੁੱਛਗਿੱਛ



**ਨਵੀਂ ਦਿੱਲੀ** : ਦਿੱਲੀ ਦੇ ਕਥਿਤ ਸ਼ਰਾਬ ਘੁਟਾਲੇ ਮਾਮਲੇ 'ਚ ਆਮ ਆਦਮੀ ਪਾਰਟੀ ਦੇ ਕੈਲਾਸ਼ ਗਹਿਲੋਤ ਤੋਂ ਸ਼ਨੀਵਾਰ ਈ ਡੀ ਨੇ ਪੁੱਛਗਿੱਛ ਕੀਤੀ। ਈ ਡੀ ਨੇ 'ਆਪ' ਸਰਕਾਰ 'ਚ ਮੰਤਰੀ ਕੈਲਾਸ਼ ਗਹਿਲੋਤ ਨੂੰ ਸੰਮਨ ਭੇਜਿਆ, ਜਿਸ ਤੋਂ ਬਾਅਦ ਗਹਿਲੋਤ ਈ ਡੀ ਸਾਹਮਣੇ ਪੇਸ਼ ਹੋ ਗਏ। ਗਹਿਲੋਤ 'ਤੇ ਆਬਕਾਰੀ ਨੀਤੀ ਦਾ ਡਰਾਫਟ ਤਿਆਰ ਕਰਨ ਦਾ ਦੋਸ਼ ਹੈ। ਜਿਕਰਯੋਗ ਹੈ ਕਿ ਦਿੱਲੀ ਸ਼ਰਾਬ ਨੀਤੀ ਮਾਮਲੇ 'ਚ ਨਾਮਜ਼ਦ ਦੋਸ਼ੀਆਂ 'ਚ ਗ੍ਰਿਫ਼ਤਾਰ ਹੋਣ ਵਾਲੇ ਵਿਜੈ ਨਾਇਰ ਪਹਿਲੇ ਦੋਸ਼ੀ ਸਨ। ਗਹਿਲੋਤ 'ਤੇ ਦੋਸ਼ ਹੈ ਕਿ ਵਿਜੈ ਨਾਇਰ ਉਨ੍ਹਾ ਦੇ ਘਰ ਰੁਕਦੇ ਸਨ। ਉਧਰ ਆਮ ਆਦਮੀ ਪਾਰਟੀ ਨੇਤਾ ਦਲੀਪ ਕੁਮਾਰ ਪਾਂਡੇ ਨੇ ਈ ਡੀ ਦੇ ਸੰਮਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਜੇਕਰ ਈ ਡੀ ਦਾ ਸੰਮਨ ਨਾ ਆਉਂਦਾ ਤਾਂ ਹੈਰਾਨੀ ਹੁੰਦੀ। ਉਨ੍ਹਾ ਕਿਹਾ ਕਿ ਹੁਣ ਪੂਰਾ ਦੇਸ਼ ਤਾਨਾਸ਼ਾਹੀ ਖਿਲਾਫ਼ ਇਕਜੁੱਟ ਹੋ ਰਿਹਾ ਹੈ। ਅਸੀਂ ਪੂਰੇ ਦੇਸ਼ ਤੋਂ ਭਾਜਪਾ ਦੀ ਗੁੰਡਾਗਰਦੀ ਅਤੇ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਖਿਲਾਫ਼ ਵਿਰੋਧ ਦਾ ਸੱਦਾ ਦਿੱਤਾ ਹੈ। ਆਤਿਸ਼ੀ ਨੇ ਈ ਡੀ ਦੇ ਸੰਮਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ —ਕਿਸੇ ਵੀ ਗ੍ਰਿਫ਼ਤਾਰੀ ਦਾ ਜਾਂਚ ਨਾਲ ਕੋਈ ਲੈਣਾ-ਦੇਣਾ ਨਹੀਂ। ਜੇਕਰ ਜਾਂਚ ਨਾਲ ਲੈਣਾ-ਦੇਣਾ ਹੁੰਦਾ ਤਾਂ ਭਾਜਪਾ ਦੀ ਵੀ ਜਾਂਚ ਹੋ ਰਹੀ ਹੁੰਦੀ। ਇਹ ਪੂਰੀ ਜਾਂਚ ਦਿੱਲੀ ਦੀ ਚੁਣੀ ਹੋਈ ਸਰਕਾਰ ਨੂੰ ਡੇਗਣ ਲਈ ਹੈ।

## ਅੱਜ-ਨਾਮਾ

ਨੋਟਿਸ ਨਵੇਂ ਤੋਂ ਨਵੇਂ ਹਨ ਨਿੱਤ ਆਉਂਦੇ,
ਇੱਕੋ ਈ ਬਾਤ ਹੁੰਦੀ ਸਭ ਨੂੰ ਕਹੀ ਬੇਲੀ।
ਵਿਰੋਧੀ ਧਿਰ ਨਾਲ ਪਾਰਟੀ ਖੜੀ ਜਿਹੜੀ,
ਕੋਈ ਵੀ ਪਾਰਟੀ ਬਚੀ ਨਹੀਂ ਰਹੀ ਬੇਲੀ।
ਰੂਲ-ਅਸੂਲ ਕੁਝ ਵੇਖਣ ਦੀ ਲੋੜ ਨਾਹੀਂ,
ਸਭ ਹੀ ਆਖਿਆ ਈ ਡੀ ਦਾ ਸਹੀ ਬੇਲੀ।
ਸਾਰਾ ਸੱਚ ਵੀ ਹੁੰਦਾ ਪਿਆ ਜੱਗ-ਜ਼ਾਹਰ,
ਗੱਡੀ ਪਟੜੀਉਂ ਤਾਂ ਵੀ ਇਹ ਲਹੀ ਬੇਲੀ।
ਅਗੇਤਾ ਚੋਣ-ਬੁੱਲਾ ਲਿਉ ਜੀ ਜਾਣ ਏਹੀ,
ਪਤਾ ਨਹੀਂ ਅੱਗੋਂ ਕੀ ਚੰਦ ਚੜ੍ਹਾਊ ਬੇਲੀ।
ਪਿਆ ਹੈ ਚੋਣ ਦਾ ਮੌਸਮ ਸੰਕੇਤ ਕਰਦਾ,
ਹਨੇਰੀ ਵੱਡੀ ਕੋਈ ਜਾਪਦੀ ਆਊ ਬੇਲੀ।

-ਤੀਸ ਮਾਰ ਖਾਂ

## ਸਾਬਕਾ ਸਾਂਸਦ ਦੇ ਪੁੱਤਰ ਸਮੇਤ ਅੱਠ ਆਗੂਆਂ ਨੇ ਕੰਗਨਾ ਖਿਲਾਫ਼ ਖੋਲ੍ਹਿਆ ਮੋਰਚਾ



**ਸ਼ਿਮਲਾ** : ਭਾਜਪਾ ਦੇ ਇੱਕ ਸਾਬਕਾ ਸਾਂਸਦ ਦੇ ਪੁੱਤਰ ਸਮੇਤ ਕੁੱਲ ਅੱਠ ਬਾਗੀਆਂ ਨੇ ਮੀਟਿੰਗ ਕਰਕੇ ਕੰਗਨਾ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਇਨ੍ਹਾਂ 'ਚੋਂ ਤਿੰਨ ਭਾਜਪਾ ਦੇ ਬਾਗੀ ਨੇਤਾ ਹਨ, ਜਿਨ੍ਹਾਂ ਨੇ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਵੀ ਪਾਰਟੀ ਖਿਲਾਫ਼ ਵਿਦਰੋਹ ਦਾ ਬਿਗਲ ਵਜਾਇਆ ਸੀ, ਜਿਸ 'ਚ ਪਾਰਟੀ ਦੀ ਹਾਰ ਹੋਈ ਸੀ। ਇਨ੍ਹਾਂ ਸਾਰੇ ਨੇਤਾਵਾਂ ਨੇ ਮੰਡੀ ਦੇ ਪੰਡੋਹ 'ਚ ਇੱਕ ਮੀਟਿੰਗ ਕੀਤੀ ਅਤੇ ਅਗਲੀ ਰਣਨੀਤੀ ਦੀ ਚਰਚਾ ਕੀਤੀ। ਮੀਟਿੰਗ 'ਚ ਸਾਬਕਾ ਭਾਜਪਾ ਸਾਂਸਦ ਮਹੇਸ਼ਵਰ ਸਿੰਘ ਦੇ ਪੁੱਤਰ ਹਿਤੇਸ਼ਵਰ ਸਿੰਘ, ਸਾਬਕਾ ਪ੍ਰਦੇਸ਼ ਭਾਜਪਾ ਜਨਰਲ ਸਕੱਤਰ ਰਾਮ ਸਿੰਘ ਅਤੇ ਆਨੀ ਦੇ ਸਾਬਕਾ ਵਿਧਾਇਕ ਕਿਸ਼ੋਰੀ ਲਾਲ ਸਾਗਰ ਸ਼ਾਮਲ ਸਨ। 2022 ਦੀਆਂ ਵਿਧਾਨ ਸਭਾ ਚੋਣਾਂ 'ਚ ਟਿਕਟ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ ਤਿੰਨਾਂ ਨੇ ਭਾਜਪਾ ਖਿਲਾਫ਼ ਬਗਾਵਤ ਕਰ ਦਿੱਤੀ ਸੀ ਅਤੇ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜੀ ਸੀ। ਜ਼ਿਕਰਯੋਗ ਹੈ ਕਿ ਭਾਜਪਾ ਨੇ ਹਿਮਾਚਲ ਪ੍ਰਦੇਸ਼ ਦੀ ਮੰਡੀ ਲੋਕ ਸਭਾ ਸੀਟ ਤੋਂ ਫ਼ਿਲਮ ਅਦਾਕਾਰਾ ਕੰਗਨਾ ਰਣੌਤ ਨੂੰ ਉਮੀਦਵਾਰ ਬਣਾਇਆ ਹੈ। ਉਮੀਦਵਾਰ ਬਣਾਏ ਜਾਣ ਤੋਂ ਬਾਅਦ ਹੀ ਉਹ ਚਰਚਾ 'ਚ ਹੈ ਅਤੇ ਕਾਂਗਰਸ ਨੇਤਾਵਾਂ ਦੇ ਨਿਸ਼ਾਨੇ 'ਤੇ ਹੈ। ਉਨ੍ਹਾ ਸ਼ੁੱਕਰਵਾਰ ਮੰਡੀ ਸੰਸਦੀ ਖੇਤਰ 'ਚ ਰੋਡ ਸ਼ੋਅ ਨਾਲ ਆਪਣੇ ਚੋਣ ਪ੍ਰਚਾਰ ਦਾ ਅਭਿਆਨ ਸ਼ੁਰੂ ਕੀਤਾ ਸੀ।

## ਵਿੱਕੀ ਗੌਂਡਰ-ਪ੍ਰੇਮਾ ਲਾਹੌਰੀਆ ਗੈਂਗ ਦੇ 4 ਸਾਥੀ ਕਾਬੂ

**ਜਲੰਧਰ (ਸ਼ੈਲੀ ਐਲਬਰਟ)**

ਪ੍ਰੇਮਾ ਲਾਹੌਰੀਆ ਅਤੇ ਵਿੱਕੀ ਗੌਂਡਰ ਗੈਂਗ ਨਾਲ ਸੰਬੰਧਤ ਚਾਰ ਗੈਂਗਸਟਰਾਂ ਨੂੰ ਕਰਾਸ ਫਾਇਰਿੰਗ ਤੋਂ ਬਾਅਦ ਪੁਲਸ ਨੇ ਕਾਬੂ ਕਰ ਲਿਆ। ਇਸ ਸੰਬੰਧੀ ਪੁਲਸ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਹ ਮਿਲੀ ਸੀ ਕਿ ਗੈਂਗਸਟਰ ਜਲੰਧਰ ਸ਼ਹਿਰ 'ਚ ਵੱਡੀ ਕਾਰਵਾਈ ਦੀ ਯੋਜਨਾ ਬਣਾ ਰਹੇ ਹਨ। ਮੁਲਜ਼ਮਾਂ ਨੇ ਜਲੰਧਰ ਵਿੱਚ ਗੈਂਗ ਵਿਰੋਧੀ ਗੈਂਗਸਟਰ ਸੈਪ ਅਤੇ ਮੈਨੀ ਦਾ ਕਤਲ ਕਰਨਾ ਸੀ। ਇਸ ਲਈ ਮੁਲਜ਼ਮ ਝਾਰਖੰਡ ਅਤੇ ਯੂ ਪੀ ਤੋਂ ਹਥਿਆਰ ਲੈ ਕੇ ਆਏ ਸਨ।ਕਮਿਸ਼ਨਰੇਟ ਪੁਲਸ ਨੇ ਉਕਤ ਮੁਲਜ਼ਮਾਂ ਕੋਲੋਂ ਛੇ (.32 ਬੋਰ) ਪਿਸਤੌਲ ਅਤੇ 26 ਕਾਰਤੂਸ ਬਰਾਮਦ ਕੀਤੇ ਹਨ।ਪਾਰਕਿੰਗ ਦੇ ਠੇਕੇ ਨੂੰ ਲੈ ਕੇ ਚਿੰਟੂ ਦਾ ਐਂਟੀ ਗੈਂਗ ਨਾਲ ਝਗੜਾ ਚੱਲ ਰਿਹਾ ਸੀ। ਫੜੇ ਗਏ ਗੈਂਗਸਟਰਾਂ ਦੀ ਪਛਾਣ ਚਿੰਟੂ ਸੈਣੀ, ਨੀਰਜ, ਸਾਜਨ ਜੋਸ਼ੀ ਅਤੇ ਕਿਸ਼ਨ ਉਰਫ ਗੰਜਾ ਵਜੋਂ ਹੋਈ ਹੈ। ਪੁਲਸ ਨੇ ਸਾਰਿਆਂ ਨੂੰ ਅਦਾਲਤ 'ਚ ਪੇਸ਼ ਕਰਕੇ ਰਿਮਾਂਡ 'ਤੇ ਲਿਆ ਹੈ।

ਬੀਤੇ ਵੀਰਵਾਰ ਦੇਰ ਰਾਤ ਸਿਟੀ ਪੁਲਸ ਦੇ ਸੀ ਆਈ ਏ ਸਟਾਫ਼ ਦੀਆਂ ਟੀਮਾਂ ਨੇ ਆਬਾਦਪੁਰਾ ਵਿੱਚ ਛਾਪੇਮਾਰੀ ਕੀਤੀ ਸੀ। ਇਸ ਦੌਰਾਨ ਚਿੰਟੂ ਨੂੰ ਉਕਤ ਛਾਪੇ ਦੀ ਬਿੜਕ ਲੱਗ ਗਈ, ਜਿਸ ਤੋਂ ਬਾਅਦ ਚਿੰਟੂ ਨੇ ਪੁਲਸ 'ਤੇ ਗੋਲੀ ਚਲਾ ਦਿੱਤੀ। ਦੋਵਾਂ ਪਾਸਿਆਂ ਤੋਂ ਕਰੀਬ 12 ਗੋਲੀਆਂ ਚਲਾਈਆਂ ਗਈਆਂ। ਸਾਰੀ ਘਟਨਾ ਦਾ ਸੀ ਸੀ ਟੀ ਵੀ ਸਾਹਮਣੇ ਆਇਆ ਹੈ, ਜਿਸ ਵਿੱਚ ਦੋਸ਼ੀ ਪੁਲਸ ਪਾਰਟੀ ਨੂੰ ਦੇਖ ਕੇ ਗੋਲੀਆਂ ਚਲਾਉਂਦੇ ਨਜ਼ਰ ਆ ਰਹੇ ਹਨ। ਚਾਰਾਂ ਖ਼ਿਲਾਫ਼ ਥਾਣਾ ਸਦਰ-6 ਵਿੱਚ ਕਤਲ ਦੀ ਕੋਸ਼ਿਸ਼, ਅਸਲਾ ਐਕਟ ਸਮੇਤ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।ਗੈਂਗਸਟਰ ਚਿੰਟੂ ਖ਼ਿਲਾਫ਼ ਪਹਿਲਾਂ ਵੀ ਜਲੰਧਰ ਸ਼ਹਿਰ ਅਤੇ ਦਿਹਾਤੀ ਇਲਾਕਿਆਂ ਵਿੱਚ ਕਈ ਕੇਸ ਦਰਜ ਹਨ। ਮੁਲਜ਼ਮ ਅਪਰਾਧਿਕ ਪਿਛੋਕੜ ਵਾਲੇ ਹਨ, ਜਦੋਂਕਿ ਚਿੰਟੂ ਕਤਲ ਕੇਸ ਵਿੱਚ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਸੀ। ਜੇਲ੍ਹ ਤੋਂ ਆਉਣ ਤੋਂ ਬਾਅਦ ਚਿੰਟੂ ਨੇ ਕਈ ਅਪਰਾਧ ਕੀਤੇ ਸਨ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਨਵੀਨ ਸੈਣੀ ਉਰਫ਼ ਚਿੰਟੂ ਵਿਰੁੱਧ 21 ਅਤੇ ਨੀਰਜ ਕਪੂਰ ਵਿਰੁੱਧ ਜਲੰਧਰ, ਮੁਹਾਲੀ, ਪਟਿਆਲਾ ਅਤੇ ਹੁਸ਼ਿਆਰਪੁਰ ਵਿਖੇ 6 ਗੰਭੀਰ ਦੋਸ਼ ਅਧੀਨ ਕੇਸ ਪੈਂਡਿੰਗ ਹਨ।



## ਡੀ ਏ ਵੀ ਵੱਲੋਂ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੀਏਵੀ ਪਬਲਿਕ ਸਕੂਲ ਦਾ ਸਾਲ 2023-24 ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ। ਪ੍ਰਿੰਸੀਪਲ ਮੀਨਾ ਥਾਪਰ ਨੇ ਦੱਸਿਆ ਕਿ ਸਕੂਲ ਦਾ ਨਰਸਰੀ ਤੋਂ ਨੌਵੀਂ ਤੇ ਗਿਆਰ੍ਹਵੀਂ ਜਮਾਤ ਦਾ ਨਤੀਜਾ ਘੋਸ਼ਿਤ ਕੀਤਾ ਗਿਆ ਹੈ। ਪ੍ਰੀਖਿਆ ਵਿੱਚ ਬੈਠੇ ਸਾਰੇ ਦੇ ਸਾਰੇ ਵਿਦਿਆਰਥੀ ਬਹੁਤ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ।ਨਤੀਜਾ ਐਲਾਨ ਕਰਨ ਤੋਂ ਪਹਿਲਾਂ ਹਮੇਸ਼ਾ ਦੀ ਤਰ੍ਹਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਕੇ ਸੁਖਮਨੀ ਸਾਹਿਬ ਦਾ ਪਵਿੱਤਰ ਜਾਪ ਕਰਾਇਆ ਗਿਆ ਤੇ ਸਾਰੇ ਵਿਦਿਆਰਥੀਆਂ, ਸਟਾਫ਼ ਤੇ ਮਾਪਿਆਂ ਦੀ ਤੰਦਰੁਸਤੀ ਲਈ ਅਰਦਾਸ ਕਰਾਈ ਗਈ। ਉਪਰੰਤ ਪਹਿਲੇ ਸਥਾਨ 'ਤੇ ਆਉਣ ਵਾਲੇ 160 ਵਿਦਿਆਰਥੀਆਂ ਨੂੰ ਗੋਲਡ, ਦੂਜੇ ਸਥਾਨ 'ਤੇ ਆਉਣ ਵਾਲੇ 75 ਵਿਦਿਆਰਥੀਆਂ ਨੂੰ ਸਿਲਵਰ ਤੇ ਤੀਜੇ ਸਥਾਨ 'ਤੇ ਆਉਣ ਵਾਲੇ 70 ਵਿਦਿਆਰਥੀਆਂ ਨੂੰ ਬ੍ਰਾਉਨਜ਼ ਮੈਡਲ ਦੇ ਕੇ ਕੁੱਲ 305 ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸਕੂਲੀ ਵਿਦਿਆਰਥੀਆਂ ਤੇ ਮਾਤਾ-ਪਿਤਾ ਲਈ ਚਾਹ-ਪਾਣੀ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ।ਪ੍ਰਿੰਸੀਪਲ ਮੀਨਾ ਥਾਪਰ ਨੇ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਕਾਮਯਾਬੀ ਤੇ ਚੰਗੇ ਨਤੀਜੇ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ।

## ਸੈਕੰਡਰੀ ਸਕੂਲ ਬੁਰਜ ਹਰੀ 'ਚ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਤ



**ਮਾਨਸਾ (ਆਤਮਾ ਸਿੰਘ ਪਮਾਰ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਰਜ ਹਰੀ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਇੰਚਾਰਜ ਪ੍ਰਿੰਸੀਪਲ ਗੁਰਤੇਜ ਸਿੰਘ ਦੀ ਰਹਿਨੁਮਾਈ ਹੇਠ ਬੜੀ ਧੂਮਧਾਮ ਨਾਲ ਕਰਾਇਆ ਗਿਆ। ਸਮਾਗਮ ਵਿੱਚ ਵੱਡੀ ਗਿਣਤੀ ਵਿਦਿਆਰਥੀਆਂ ਦੇ ਮਾਪੇ, ਪਿੰਡ ਵਾਸੀ ਤੇ ਸਕੂਲ ਦੇ ਪੁਰਾਣੇ ਵਿਦਿਆਰਥੀ ਵੀ ਸ਼ਾਮਲ ਹੋਏ। ਸੈਸ਼ਨ 2023-24 ਦੌਰਾਨ ਛੇਵੀਂ, ਸੱਤਵੀਂ, ਨੌਵੀਂ ਤੇ ਗਿਆਰ੍ਹਵੀਂ ਜਮਾਤ ਵਿੱਚੋਂ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵੀ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਸਹਿ ਵਿੱਦਿਅਕ ਮੁਕਾਬਲਿਆਂ ਵਿੱਚ ਜ਼ਿਲ੍ਹਾ ਜੇਤੂ ਰਹੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਗਾਈਡ ਅਧਿਆਪਕ ਨੂੰ ਵੀ ਇਨਾਮ ਦਿੱਤੇ ਗਏ।ਸਮਾਗਮ ਦੀ ਸ਼ੁਰੂਆਤ ਰਾਜ ਸਿੰਘ ਤੇ ਹਰਦੀਪ ਸਿੰਘ ਵੱਲੋਂ ਸ਼ਬਦ ਗਾਇਨ ਨਾਲ ਕੀਤੀ ਗਈ।ਇਸ ਮੌਕੇ ਮੈਡਮ ਪਿੰਕਲ ਤੇ ਜਗਦੀਪ ਕੌਰ ਦੀ ਅਗਵਾਈ ਵਿੱਚ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ, ਜਿਸ ਦਾ ਹਾਜ਼ਰੀਨ ਵਲੋਂ ਖੂਬ ਆਨੰਦ ਮਾਣਿਆ ਗਿਆ।ਇਸ ਸਮੇਂ ਗਣਿਤ ਅਧਿਆਪਕ ਰੋਹਿਤ ਕੁਮਾਰ ਨੇ ਸਕੂਲ ਦੀ ਸਾਲਾਨਾ ਰਿਪੋਰਟ ਪੇਸ਼ ਕੀਤੀ।ਮੈਡਮ ਹਰਬਿੰਦਰ ਕੌਰ, ਹੇਮਲਤਾ ਅਤੇ ਮਨਪ੍ਰੀਤ ਕੌਰ ਵੱਲੋਂ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਪੰਡਾਲ ਦੀ ਸਜਾਵਟ ਕਰਾਈ।ਮੰਚ ਸੰਚਾਲਨ ਦੀ ਭੂਮਿਕਾ ਸ਼੍ਰੀ ਸੰਦੀਪ ਢੰਡ ਵੱਲੋਂ ਬਾਖ਼ੂਬੀ ਨਿਭਾਈ ਗਈ।ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਦੇ ਵੀ ਦਿਲਚਸਪ ਮੁਕਾਬਲੇ ਕਰਾਏ ਗਏ, ਜਿਨ੍ਹਾਂ ਦਾ ਉਨ੍ਹਾਂ ਨੇ ਭਰਪੂਰ ਆਨੰਦ ਮਾਣਿਆ।ਸਕੂਲ ਵਿੱਚ ਸੁੰਦਰ ਬਗੀਚੇ ਬਣਾਉਣ ਤੇ ਸਾਂਭ ਸੰਭਾਲ ਲਈ ਸੇਵਾਦਾਰ ਸੁਖਚੈਨ ਸਿੰਘ ਅਤੇ ਚੌਕੀਦਾਰ ਨਛੱਤਰ ਸਿੰਘ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

## ਡੇਢ-ਡੇਢ ਸਾਲ ਲਈ ਬਾਂਸਲ ਤੇ ਹੋਡਲਾ ਪ੍ਰਧਾਨ ਬਣੇ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਸਿੰਘ ਭੱਟੀ)**-ਸਥਾਨਕ ਆੜ੍ਹਤੀਆ ਐਸੋਸੀਏਸ਼ਨ ਦਾ ਇੱਕ ਅਜਲਾਸ ਗਊਸ਼ਾਲਾ ਵਿਖੇ ਨੇੜੇ ਬਾਬਾ ਭਾਈ ਮੂਲ ਚੰਦ ਸਾਹਿਬ 'ਚ ਹੋਇਆ ਜਿੱਥੇ ਸਰਬਸੰਮਤੀ ਨਾਲ ਰਾਜਨ ਹੋਡਲਾ ਤੇ ਕਿਸ਼ੋਰ ਚੰਦ ਬਾਂਸਲ ਨੂੰ ਡੇਢ ਡੇਢ ਸਾਲ ਲਈ ਆੜ੍ਹਤੀ ਐਸੋਸੀਏਸ਼ਨ ਦਾ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਦੋਨਾਂ ਪ੍ਰਧਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ਅਤੇ ਆੜ੍ਹਤੀਆਂ ਦੇ ਹਿੱਤ ਲਈ ਕੰਮ ਕਰਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਮਨੀ ਮੁਕੇਸ਼ ਜਨੇਜਾ ਨੇ ਕਿਹਾ ਕਿ ਦੋਵੇਂ ਪਾਸੋਂ ਤਿੰਨ ਤਿੰਨ ਮੈਂਬਰਾਂ ਨੇ ਮੰਡੀ ਦੇ ਹਿੱਤ ਵਿੱਚ ਫੈਸਲਾ ਲੈਂਦੇ ਹੋਏ ਸਰਬਸੰਮਤੀ ਕਰਵਾਈ ਜਿਸ ਦੇ ਲਈ ਉਹ ਮੈਂਬਰਾਂ ਦਾ ਵੀ ਧੰਨਵਾਦ ਕਰਦੇ ਹਨ ਅਤੇ ਦੋਨਾਂ ਪ੍ਰਧਾਨਾਂ ਨੂੰ ਵਧਾਈ ਦਿੰਦੇ ਹਨ। ਇਸ ਮੌਕੇ ਦੋਨਾਂ ਪ੍ਰਧਾਨਾਂ ਨੇ ਕਿਹਾ ਕਿ ਉਹ ਆੜ੍ਹਤੀਆਂ ਦੇ ਹਿੱਤ ਲਈ ਕੰਮ ਕਰਨਗੇ ਅਤੇ ਜੋ ਵੀ ਮੁਸ਼ਕਲਾਂ ਹੋਣਗੀਆਂ ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਵਾਇਆ ਜਾਵੇਗਾ। ਇਸ ਮੌਕੇ ਮਨਪ੍ਰੀਤ ਬਾਂਸਲ, ਮਦਨ ਪੋਪਲੀ, ਰਾਜਨ ਸਿੰਗਲਾ, ਕ੍ਰਿਸ਼ਨ ਚੰਦ ਸਿੰਗਲਾ, ਪ੍ਰਿਤਪਾਲ ਹਾਂਡਾ, ਅਮਰੀਕ ਧਾਲੀਵਾਲ, ਰਕੇਸ਼ ਸੇਠੀ, ਰਕੇਸ਼ ਛਾਹੜੀਆਂ, ਮਨੋਹਰ ਲਾਲ ਛਾਹੜੀਆਂ, ਮੇਘਰਾਜ ਛਾਹੜੀਆ, ਆਸ਼ੂ ਖੜਿਆਲੀਆ, ਦੀਪੂ, ਪੁਨੀਤ ਕੁਮਾਰ ਮੱਖਣ, ਰਮੇਸ਼ ਨਾਗਰਾ, ਪ੍ਰਮੋਦ ਹੋਡਲਾ, ਰਿੰਕੂ ਆਦੀ ਮੌਜੂਦ ਸੀ।

## ਜੇ ਕੇ ਐੱਸ ਪਬਲਿਕ ਸਕੂਲ ਦਾ ਸਾਲਾਨਾ ਨਤੀਜਾ ਸ਼ਾਨਦਾਰ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਜੇ ਕੇ ਐੱਸ ਪਬਲਿਕ ਸਕੂਲ ਵਿੱਚ ਸੈਸ਼ਨ 23-24 ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ।ਇਸ ਮੌਕੇ ਅਧਿਆਪਕਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਦਿਆਂ ਗ੍ਰੀਨ ਬੋਰਡ, ਬਲੂ ਬੋਰਡ, ਸੈਲਫੀ ਫਰੇਮ ਆਦਿ ਤਿਆਰ ਕੀਤੇ।ਸਕੂਲ ਪ੍ਰਬੰਧਕਾਂ, ਪ੍ਰਿੰਸੀਪਲ ਤੇ ਅਧਿਆਪਕਾਂ ਵੱਲੋਂ ਆਏ ਹੋਏ ਮਾਪਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ।ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਮੀਨੂੰ ਮੋਂਗਾ ਵੱਲੋਂ ਸਨਮਾਨਤ ਕੀਤਾ ਗਿਆ।ਇਸ ਤੋਂ ਇਲਾਵਾ ਕੁਝ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਵਿੱਚ ਵਧੀਆ ਪ੍ਰਦਰਸ਼ਨ ਕਰਨ ਲਈ ਮੈਡਲ ਦੇ ਕੇ ਪ੍ਰਸੰਸਾ ਵੀ ਕੀਤੀ ਗਈ।ਕੁਝ ਅੰਕਾਂ ਨਾਲ ਪੱਛੜਨ ਵਾਲੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ।ਪ੍ਰਿੰਸੀਪਲ ਨੇ ਵਿਦਿਆਰਥੀਆਂ ਦੀ ਸਫਲਤਾ 'ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।ਉਨ੍ਹਾ ਕਿਹਾ ਕਿ ਸਫਲਤਾ ਦਾ ਅੰਤ ਨਹੀਂ ਹੈ ਤੇ ਅਸਫਲਤਾ ਘਾਤਕ ਨਹੀਂ ਹੈ।ਭਾਵੇਂ ਸਫਲਤਾ ਮਿਲੇ ਜਾਂ ਅਸਫ਼ਲਤਾ, ਜ਼ਿੰਦਗੀ ਵਿੱਚ ਅੱਗੇ ਵਧਣ ਦੀ ਹਿੰਮਤ ਮਹੱਤਵਪੂਰਨ ਹੈ।ਉਨ੍ਹਾ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨ ਤੇ ਹਮੇਸ਼ਾ ਅੱਗੇ ਵਧਦੇ ਰਹਿਣ ਲਈ ਪ੍ਰੇਰਿਤ ਕੀਤਾ।ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਤੇ ਅਧਿਆਪਕਾਂ ਨੇ ਆਏ ਹੋਏ ਮਾਪਿਆਂ ਦਾ ਧੰਨਵਾਦ ਕੀਤਾ।ਪ੍ਰਿੰਸੀਪਲ ਨੇ ਇਸ ਦਿਨ ਨੂੰ ਸਫ਼ਲ ਬਣਾਉਣ ਲਈ ਅਧਿਆਪਕਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਲਈ ਭੋਜਨ ਦਾ ਪ੍ਰਬੰਧ ਕੀਤਾ।

## ਪ੍ਰਭੂ ਯਸੂ ਮਸੀਹ ਦਾ ਸਲੀਬੀ ਦਿਨ ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਹਾਈਡ ਮੈਮੋਰੀਅਲ ਸੀ ਐੱਨ ਆਈ ਚਰਚ ਅੰਮ੍ਰਿਤਸਰ ਰੋਡ ਮੋਗਾ ਵਿਖੇ ਪ੍ਰਭੂ ਯਿਸੂ ਮਸੀਹ ਦਾ ਸਲੀਬੀ ਦਿਨ ਮਨਾਇਆ ਗਿਆ, ਜਿਸ ਵਿੱਚ ਮੋਗਾ ਦੇ ਸਮੂਹ ਮਸੀਹ ਭਾਈਚਾਰੇ ਵੱਲੋਂ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਚਰਚ ਦੇ ਮੁੱਖ ਪ੍ਰਚਾਰਕ ਪਾਦਰੀ ਸਰਵਨ ਮਸੀਹ ਨੇ ਦੱਸਿਆ ਕਿ ਇਸ ਦਿਨ ਨੂੰ ਪੂਰਾ ਸੰਸਾਰ ਸ਼ੁੱਭ ਸ਼ੁੱਕਰਵਾਰ ਦੇ ਨਾਮ ਨਾਲ ਜਾਣਦਾ ਹੈ, ਕਿਉਂਕਿ ਇਸ ਦਿਨ ਪ੍ਰਭੂ ਯਿਸੂ ਮਸੀਹ ਨੇ ਪੂਰੇ ਸੰਸਾਰ ਦੇ ਪਾਪਾਂ ਲਈ ਅਪਣੀ ਕੁਰਬਾਨੀ ਦਿੱਤੀ ਸੀ। ਇਸ ਮੌਕੇ ਪਾਦਰੀ ਸਰਵਨ ਮਸੀਹ ਨੇ ਆਪਸੀ ਭਾਈਚਾਰੇ ਤੇ ਵਿਸ਼ਵ ਸ਼ਾਂਤੀ ਲਈ ਪ੍ਰਾਰਥਣਾ ਕੀਤੀ। ਸੈਕਟਰੀ ਕਰਤਾਰ ਅਸੀਹ, ਖਜ਼ਾਨਚੀ ਜੋਅਫ ਤੇ ਕਮੇਟੀ ਮੈਂਬਰਾਂ ਕਮਲਪ੍ਰੀਤ, ਕਮਲ ਪ੍ਰਦੀਪ, ਪ੍ਰਸ਼ਾਂਤ ਕੁਮਾਰ, ਜਾਨਸਨ, ਵੀਨਾ ਮੁਬਾਰਕ, ਵਿਦਿਆ ਭੱਟੀ, ਕਰੁਣਾ ਸਾਦਿਕ, ਯੂਥ ਦੇ ਪ੍ਰਧਾਨ ਸੰਦੀਪ ਜਾਨਸਨ, ਆਕਾਸ਼ ਮਸੀਹ ਤੇ ਹੋਰ ਕਮੇਟੀ ਮੈਂਬਰ ਸ਼ਾਮਲ ਸਨ।

## ਲੇਬਰ ਯੂਨੀਅਨ ਦੇ ਆਗੂ ਸੈਂਕੜੇ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਲ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਸਤੀਸ਼ ਅਸੀਜਾ, ਮੰਡਲ ਮਲੋਟ ਦੇ ਪ੍ਰਧਾਨ ਸੁਸ਼ੀਲ ਜਲਹੋਤਰਾ ਅਤੇ ਮੰਡਲ ਦਾਨੇਵਾਲਾ ਦੇ ਪ੍ਰਧਾਨ ਗੁਰਨਾਮ ਸਿੰਘ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਪਾਰਟੀ ਦਫਤਰ ਮਲੋਟ ਵਿਖੇ ਲੇਬਰ ਯੂਨੀਅਨ ਦੇ ਕਈ ਆਗੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ।ਮੀਟਿੰਗ ਦੌਰਾਨ ਸ੍ਰ: ਮਨਜੀਤ ਸਿੰਘ ਨੂੰ ਮੰਡਲ ਦਾਨੇਵਾਲਾ ਦਾ ਲੇਬਰ ਯੂਨੀਅਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਵਾਈਸ ਪ੍ਰਧਾਨ ਅਮਨਦੀਪ ਸੰਧੂ, ਕਾਰਜ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਸ੍ਰ: ਅੰਗਰੇਜ ਉੜਾਂਗ, ਜ਼ਿਲ੍ਹਾ ਸਕੱਤਰ ਕਿਸ਼ੋਰ ਕੁਮਾਰ, ਜ਼ਿਲ੍ਹਾ ਦਫਤਰ ਸਕੱਤਰ ਚੰਦਨ ਚਾਵਲਾ, ਜ਼ਿਲ੍ਹਾ ਮੋਰਚਾ ਦੇ ਵਾਈਸ ਪ੍ਰਧਾਨ ਧਰਮਵੀਰ, ਮੰਡਲ ਮਲੋਟ ਦੇ ਜਨਰਲ ਸਕੱਤਰ ਅਸ਼ਵਨੀ ਡਾਵਰ, ਰਿਖੀਕੇਸ਼ ਪਰਵਲ ਭੋਲੀ, ਮੰਡਲ ਸਕੱਤਰ ਰੂਪ ਲਾਲ, ਮੰਡਲ ਦਾਨੇਵਾਲਾ ਦੇ ਵਾਈਸ ਪ੍ਰਧਾਨ ਬਲਜੀਤ ਸਿੰਘ, ਜਨਰਲ ਸਕੱਤਰ ਰਣਧੀਰ ਨਾਗਪਾਲ, ਮੰਡਲ ਲੰਬੀ ਦੇ ਪ੍ਰਧਾਨ ਜੀਤ ਸਿੰਘ ਤੇ ਮੰਡਲ ਮਲੋਟ ਦੇ ਕਨਵੀਨਰ ਅੰਸ਼ ਮੱਕੜ ਤੇ ਹੋਰ ਕਈ ਆਗੂ ਮੌਜੂਦ ਸਨ।

# ਮੋਗਾ ਜ਼ਿਲ੍ਹੇ ਦੀ ਅਕਾਲੀ ਸਿਆਸਤ 'ਚ ਵੱਡਾ ਧਮਾਕਾ, 30 ਅਹੁਦੇਦਾਰਾਂ ਵੱਲੋਂ ਪਾਰਟੀ ਛੱਡਣ ਦਾ ਐਲਾਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਮੋਗਾ ਜ਼ਿਲ੍ਹੇ ਦੀ ਅਕਾਲੀ ਸਿਆਸਤ ਵਿਚ ਅੱਜ ਉਦੋਂ ਵੱਡਾ ਭੁਚਾਲ ਆ ਗਿਆ ਜਦੋਂ ਜ਼ਿਲ੍ਹਾ ਸ਼ਹਿਰੀ ਅਕਾਲੀ ਦਲ ਦੇ ਪ੍ਰਧਾਨ, 5 ਵਾਰ ਨਗਰ ਨਿਗਮ ਮੋਗਾ ਦੇ ਕੌਂਸਲਰ ਰਹੇ ਪ੍ਰੇਮ ਚੰਦ ਚੱਕੀ ਵਾਲਾ ਅਤੇ ਜ਼ਿਲ੍ਹਾ ਸ਼ਹਿਰੀ ਜਨਰਲ ਸਕੱਤਰ ਦੀਪਿੰਦਰਪਾਲ ਸਿੰਘ ਸੰਧੂ ਸਾਬਕਾ ਕੌਂਸਲਰ ਨਗਰ ਨਿਗਮ ਮੋਗਾ ਨੇ ਆਪਣੇ 30 ਦੇ ਕਰੀਬ ਪਾਰਟੀ ਅਹੁਦੇਦਾਰਾਂ ਸਮੇਤ ਸ਼੍ਰੋਮਣੀ ਅਕਾਲੀ ਦਲ ਨੂੰ ਸਿਆਸੀ ਤੌਰ 'ਤੇ 'ਫਤਹਿ' ਬੁਲਾਉਂਦੇ ਹੋਏ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਜਾਣਕਾਰੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ ਨੂੰ ਮੋਗਾ ਹਲਕੇ ਦਾ ਮੁੱਖ ਸੇਵਾਦਾਰ ਸ਼੍ਰੋਮਣੀ ਅਕਾਲੀ ਦਲ ਵਲੋਂ ਨਿਯੁਕਤ ਕੀਤੇ ਜਾਣ ਮਗਰੋਂ ਸ਼ਹਿਰੀ ਅਕਾਲੀ ਦਲ ਦੇ ਆਗੂ ਪਾਰਟੀ ਫੈਸਲੇ ਤੋਂ ਨਿਰਾਸ਼ ਸਨ ਤੇ ਉਨ੍ਹਾਂ ਨੇ ਕੁਝ ਸਮੇਂ ਤੋਂ ਪਾਰਟੀ ਸਰਗਰਮੀਆਂ ਤੋਂ ਦੂਰੀ ਬਣਾਈ ਹੋਈ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਮੋਗਾ ਹਲਕੇ ਵਿਚ ਕੀਤੀ ਗਈ ਪੰਜਾਬ ਬਚਾਉ ਯਾਤਰਾ ਤੋਂ ਇੱਕ ਦਿਨ ਪਹਿਲਾਂ ਚੱਕੀ ਵਾਲਾ ਤੇ ਸਾਥੀਆਂ ਨੇ ਪਾਰਟੀ ਪ੍ਰਧਾਨ ਦਾ ਸਵਾਗਤ ਕਰਨ ਲਈ ਆਪਣਾ ਪ੍ਰੋਗਰਾਮ ਉਲਕਿਆ ਸੀ ਪ੍ਰੰਤੂ ਅਚਾਨਕ ਆਖਰੀ ਪੜਾਅ 'ਤੇ ਇਹ ਪ੍ਰੋਗਰਾਮ ਨੂੰ ਰੱਦ ਕੀਤੇ ਜਾਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਇਨ੍ਹਾਂ ਆਗੂਆਂ ਤੇ ਵਰਕਰਾਂ ਮੁੜ ਨਿਰਾਸ਼ ਪੈਦਾ ਹੋ ਗਈ । ਅੱਜ ਆਪਣੇ ਸਮਰਥਕਾਂ ਨਾਲ ਮੀਟਿੰਗ ਮਗਰੋਂ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪ੍ਰੇਮ ਚੰਦ ਚੱਕੀ ਵਾਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਦੀ ਨਿਯੁਕਤੀ ਵਿਰੁੱਧ ਉਨ੍ਹਾਂ ਰੋਸ ਜ਼ਾਹਰ ਕਰਕੇ ਪਾਰਟੀ ਪ੍ਰਧਾਨ ਤੋਂ ਫ਼ੈਸਲਾ ਬਦਲਣ ਦੀ ਮੰਗ ਕੀਤੀ ਸੀ। ਪ੍ਰੰਤੂ ਪਾਰਟੀ ਵਲੋਂ ਇਸ ਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਜਿਸ ਕਰਕੇ ਉਹ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਦਾ ਐਲਾਨ ਕਰਦੇ ਹਨ। ਇਸ ਮੌਕੇ ਉਨ੍ਹਾ ਨਾਲ ਜ਼ਿਲ੍ਹਾ ਸ਼ਹਿਰੀ ਜਨਰਲ ਸਕੱਤਰ ਦੀਪਿੰਦਰਪਾਲ ਸਿੰਘ ਸੰਧੂ, ਰਾਕੇਸ਼ ਬਜਾਜ ਕਾਲਾ ਕੌਂਸਲਰ, ਗੋਵਰਧਨ ਪੋਪਲੀ ਕੌਂਸਲਰ, ਰਾਜਬੀਰ ਸਿੰਘ ਅਰੋੜਾ ਜ਼ਿਲ੍ਹਾ ਸ਼ਹਿਰੀ ਸੀਨੀਅਰ ਮੀਤ ਪ੍ਰਧਾਨ, ਜਲੌਰ ਸਿੰਘ ਗਿੱਲ, ਮਨੋਹਰ ਲਾਲ ਪੋਪਲੀ, ਮਾਸਟਰ ਬਲਵੀਰ ਸਿੰਘ ਸਰਕਲ ਪ੍ਰਧਾਨ, ਬਲਵਿੰਦਰ ਸਿੰਘ, ਕੁਲਵੰਤ ਸਿੰਘ ਮਣਵਾਣੀ, ਰਾਜਵੀਰ ਸਿੰਘ, ਨਰਿੰਦਰ ਸਿੰਘ ਪੀ ਏ, ਨਰਿੰਦਰ ਸਿੰਘ ਲੁਹਾਰਾ, ਕਰਤਾਰ ਸਿੰਘ, ਜਤਿੰਦਰ ਸਿੰਘ, ਭੋਲਾ ਸਿੰਘ ਰੌਤਾਂ, ਬਲਤੇਜ ਸਿੰਘ, ਸ਼ੇਰ ਸਿੰਘ, ਗੁਰਮੇਲ ਸਿੰਘ, ਸਵਰਨਜੀਤ ਸਿੰਘ ਅਰੋੜਾ, ਨਛੱਤਰ ਸਿੰਘ, ਕੀਮਤ ਲਾਲ ਗੱਟੂ, ਅਸ਼ੋਕ ਕੁਮਾਰ, ਹਰੀਸ ਕੁਮਾਰ, ਸਤੀਸ ਗਾਬਾ, ਕੁਲਦੀਪ ਕੁਮਾਰ, ਗੁਰਪ੍ਰੀਤ ਬਰਾੜ, ਮੰਗਤ ਰਾਏ, ਰਾਜਨ ਲਾਲ, ਧਰਮਪਾਲ ਭੁੱਟੋ, ਤਰਸੇਮ ਭੁਟੇਜਾ, ਰਾਕੇਸ ਕੁਮਾਰ, ਰਾਕੇਸ਼ ਕੁਮਾਰ ਬੰਟੀ, ਗਰਪਾਲ ਸਿੰਘ, ਗੁਰਪ੍ਰੀਤ ਸਿੰਘ ਨੇ ਵੀ ਪਾਰਟੀ ਛੱਡਣ ਦਾ ਫ਼ੈਸਲਾ ਲਿਆ ਹੈ।

## ਬੀਬੀ ਜਸਵਿੰਦਰ ਕੌਰ ਨੂੰ ਪਾਰਟੀ ਪ੍ਰਤੀ ਸੇਵਾਵਾਂ ਲਈ ਹਮੇਸ਼ਾ ਯਾਦ ਕੀਤਾ ਜਾਵੇਗਾ



ਅੱਜ ਔਰਤ ਦਾ ਰੁਤਬਾ ਸਮਾਜ ਵਿੱਚ ਬਹੁਤ ਉੱਚਾ ਹੈ। ਜੇਕਰ ਔਰਤ ਨੂੰ ਪਰਿਵਾਰ ਵੱਲੋਂ ਚੰਗੀ ਸਿੱਖਿਆ ਤੇ ਚੰਗੇ ਸੰਸਕਾਰ ਮਿਲਣ ਤਾਂ ਇਹ ਪਰਿਵਾਰ ਨੂੰ, ਸਮਾਜ ਨੂੰ ਤੇ ਸੰਸਾਰ ਨੂੰ ਉੱਨਤੀ ਦੇ ਰਾਹਾਂ 'ਤੇ ਲੈ ਤੁਰਦੀ ਹੈ। ਔਰਤ ਦੀ ਸਿੱਖਿਆ ਹੀ ਉਸ ਨੂੰ ਨੂੰ ਚੰਗੀ ਪਤਨੀ, ਭੈਣ, ਭਤੀਜੀ, ਭੂਆ, ਮਾਸੀ, ਚਾਚੀ, ਤਾਈ ਤੇ ਦਾਦੀ, ਨਾਨੀ ਦਾ ਰੋਲ ਮਾਡਲ ਬਣਨ ਵਿੱਚ ਸਹਾਈ ਹੁੰਦੀ ਹੈ। ਇਸੇ ਤਰ੍ਹਾਂ ਹੀ ਬੀਬੀ ਜਸਵਿੰਦਰ ਕੌਰ ਨੂੰ ਪਰਿਵਾਰ ਵੱਲੋਂ ਪਰਿਵਾਰਕ ਸਿੱਖਿਆ ਮਿਲੀ। ਬੀਬੀ ਜਸਵਿੰਦਰ ਕੌਰ ਦਾ ਜਨਮ 1950 ਨੂੰ ਮਾਤਾ ਗੰਗੂ ਦੀ ਕੁੱਖੋਂ ਪਿਤਾ ਸ਼ਿੰਗਾਰਾ ਸਿੰਘ ਦੇ ਘਰ ਪਿੰਡ ਸੇਖੂਪੁਰਾ ਜ਼ਿਲ੍ਹਾ ਕਪੂਰਥਲਾ ਵਿਖੇ ਹੋਇਆ। ਉਨ੍ਹਾਂ ਦੇ ਪੰਜ ਭਰਾ ਤੇ ਦੋ ਭੈਣਾਂ ਹਨ। ਬੀਬੀ ਦੇ ਪੇਕਿਆਂ ਦੀ ਸਿਫਤ ਹੈ ਕਿ ਇਹ ਪਰਿਵਾਰ ਇਕੱਠਾ ਰਹਿ ਰਿਹਾ ਹੈ ਅਤੇ ਇਕੱਠਾ ਹੀ ਕਾਰੋਬਾਰ ਹੈ ਤੇ ਇਨ੍ਹਾਂ ਦੇ ਬੱਚੇ ਵੀ ਇੱਕ ਛੱਤਰੀ ਥੱਲੇ ਰਹਿ ਰਹੇ ਹਨ ਅਤੇ ਰੋਟੀ-ਪਾਣੀ ਵੀ ਸਾਂਝਾ ਹੈ। ਬੀਬੀ ਜਸਵਿੰਦਰ ਕੌਰ ਦਾ ਵਿਆਹ ਅਗਸਤ 1975 ਵਿੱਚ ਕਾਮਰੇਡ ਕੁਲੰਵਤ ਸਿੰਘ ਪਿੰਡ ਬਸਤੀ ਹਾਜੀ ਵਾਲੀ ਜ਼ੀਰਾ ਨਾਲ ਹੋਇਆ। ਬੀਬੀ ਜੀ ਇੱਕ ਚੰਗੇ ਪਰਿਵਾਰ ਵਿੱਚੋਂ ਹੋਣ ਕਰਕੇ ਇਨ੍ਹਾਂ ਦੇ ਪਤੀ ਕੁਲੰਵਤ ਸਿੰਘ, ਜੋ ਸਿਲਾਈ ਦਾ ਕੰਮ ਕਰਦੇ ਸਨ ਤੇ ਇਨ੍ਹਾਂ ਨੇ ਜ਼ੀਰਾ ਵਿਖੇ ਬੈਗ ਤੇ ਅਟੈਚੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਇਨ੍ਹਾਂ ਦਾ ਇਸ ਵਿੱਚ ਬਹੁਤ ਵੱਡਾ ਰੋਲ ਸੀ। ਕਾਮਰੇਡ ਕੋਲ ਬਿਜਲੀ ਮੁਲਾਜ਼ਮ, ਪੰਜਾਬ ਰੋਡਵੇਜ਼, ਟੀਚਰ ਯੂਨੀਅਨ ਦੇ ਆਗੂਆਂ ਦੀ ਆਵਾਜਾਈ ਸ਼ੁਰੂ ਹੋਈ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ ਅਤੇ ਬੀਬੀ ਜੀ ਦੇ ਚੰਗੇ ਸੁਭਾਅ ਕਾਰਨ ਤੇ ਪਰਿਵਾਰਕ ਸਿੱਖਿਆ ਕਾਰਨ ਆਏ ਗਏ ਲੀਡਰਾਂ ਦੀ ਸੇਵਾ ਵਿੱਚ ਰੁੱਝ ਗਏ ਅਤੇ ਕਾਮਰੇਡ ਕੁਲਵੰਤ ਸਿੰਘ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲਣ ਲੱਗ ਪਏ। ਬੀਬੀ ਜੀ ਦੇ ਘਰ ਤਿੰਨ ਬੱਚਿਆਂ ਦੋ ਪੁੱਤਰ ਤੇ ਇਕ ਬੇਟੀ ਨੇ ਜਨਮ ਲਿਆ। ਉਨ੍ਹਾਂ ਦੇ ਵੱਡੇ ਪੁੱਤਰ ਨਿਸ਼ਾਨ ਸਿੰਘ ਬਤੌਰ ਅਧਿਆਪਕ ਸੇਵਾ ਨਿਭਾਅ ਰਹੇ ਹਨ ਤੇ ਇਨ੍ਹਾਂ ਦੀ ਨੂੰਹ ਨਵਪ੍ਰੀਤ ਕੌਰ ਪੇਸ਼ੇ ਵਜੋਂ ਅਧਿਆਪਕ ਤੇ ਛੋਟਾ ਬੇਟਾ ਗੁਰਦੇਵ ਸਿੰਘ ਪਿਤਾ ਵਾਲਾ ਕਿੱਤਾ ਬੈਗ ਤੇ ਅਟੈਚੀਆਂ ਬਣਾਉਣ ਦਾ ਕੰਮ ਕਰਦਾ ਹੈ ਅਤੇ ਛੋਟੀ ਨੂੰਹ ਘਰ ਦਾ ਕੰਮ ਸੰਭਾਲਦੀ ਹੈ ਅਤੇ ਬੇਟੀ ਹਰਜੀਤ ਕੌਰ ਕੋਟ ਈਸੇ ਖਾਂ ਵਿਖੇ ਸੁਖਵਿੰਦਰ ਸਿੰਘ ਨਾਲ ਵਿਆਹੀ ਹੋਈ ਹੈ। ਜੇਕਰ ਕਾਮਰੇਡ ਕੁਲਵੰਤ ਸਿੰਘ ਨੇ ਸਮਾਜ ਵਿੱਚ ਜੋ ਯੋਗਦਾਨ ਪਾਇਆ ਹੈ, ਤਾਂ ਉਹ ਬੀਬੀ ਜੀ ਕਰਕੇ ਹੈ, ਜੇਕਰ ਬੀਬੀ ਜੀ ਘਰ ਤੇ ਬੱਚਿਆਂ ਨੂੰ ਨਾ ਸੰਭਾਲਦੇ ਤਾਂ ਕਾਮਰੇਡ ਜੀ ਦੀਆਂ ਪਾਰਟੀ ਸਬੰਧੀ ਕੀਤੀਆਂ ਸਰਗਰਮੀਆਂ ਸੰਭਵ ਨਹੀਂ ਸਨ। ਬੀਬੀ ਜੀ ਵੱਲੋਂ ਪਾਰਟੀ ਪ੍ਰਤੀ ਕੀਤੀਆਂ ਸੇਵਾਵਾਂ ਹਮੇਸ਼ਾ ਯਾਦ ਰਹਿਣਗੀਆਂ ਤੇ ਸਾਡੇ ਬਾਕੀ ਸਮਾਜਵਾਦੀ ਸੰਸਾਰ ਲਈ ਮਿਸਾਲ ਰਹਿਣਗੀਆਂ। ਕਾਮਰੇਡ ਕੁਲੰਵਤ ਸਿੰਘ ਦੀ ਬਦੌਲਤ ਟਰੇਡ ਯੂਨੀਅਨ ਜਥੇਬੰਦੀ ਦਾ ਗਠਨ ਹੋਇਆ, ਜਿਸ ਦਾ ਹੈੱਡਕੁਆਟਰ ਕੁਲਵੰਤ ਸਿੰਘ ਦੀ ਦੁਕਾਨ ਹੀ ਹੈ। ਬਿਜਲੀ ਬੋਰਡ ਦੀਆਂ ਜਥੇਬੰਦੀਆਂ ਦਾ ਹੈੱਡਕੁਆਟਰ ਵੀ ਇੱਥੇ ਹੀ ਹੈ। ਕਾਮਰੇਡ ਕੁਲਵੰਤ ਸਿੰਘ ਟਰੇਡ ਯੂਨੀਅਨ ਤੇ ਪਾਰਟੀ ਵਿੱਚ ਆਪਣਾ ਵੱਡਮੁੱਲਾ ਸਮਾਂ ਦੇ ਕੇ ਸਮਾਜ ਦੀ ਸੇਵਾ ਕਰ ਰਿਹਾ ਹੈ। ਬੀਬੀ ਜਸਵਿੰਦਰ ਕੌਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਅੱਜ 31 ਮਾਰਚ ਨੂੰ ਗੁਰਦੁਆਰਾ ਸਿੰਘ ਸਭਾ ਜ਼ੀਰਾ ਵਿਖੇ ਹੋ ਰਿਹਾ ਹੈ।

—*ਕਾਮਰੇਡ ਕਸ਼ਮੀਰ ਸਿੰਘ*

# ਬੀ ਡੀ ਪੀ ਓ ਪਰਮਜੀਤ ਕੌਰ ਹੋਏ ਸੇਵਾ-ਮੁਕਤ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**
ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਪਾਤੜਾਂ ਪਰਮਜੀਤ ਕੌਰ ਵਿਭਾਗ ਵਿੱਚ 37 ਸਾਲ ਸੇਵਾ ਨਿਭਾਉਣ ਉਪਰੰਤ ਸੇਵਾ ਮੁਕਤ ਹੋ ਗਏ ਹਨ।ਸੇਵਾ ਮੁਕਤੀ ਮੌਕੇ ਸਥਾਨਕ ਮਿਲਨ ਰੈਜੀਡੈਂਸੀ ਵਿਖੇ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਪਾਤੜਾਂ ਦੇ ਕਰਮਚਾਰੀਆਂ ਵੱਲੋਂ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ ਡੀ ਡੀ ਪੀ ਓ ਪਟਿਆਲਾ ਸੁਖਚੈਨ ਸਿੰਘ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਬੀ ਡੀ ਪੀ ਓ ਪਰਮਜੀਤ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਲਈ ਸਭ ਤੋਂ ਖੁਸ਼ੀ ਵਾਲਾ ਪਲ ਉਹ ਹੁੰਦਾ ਹੈ ਜਦੋਂ ਉਹ ਆਪਣੀ ਨੌਕਰੀ ਉਪਰੰਤ ਸੇਵਾਮੁਕਤ ਹੁੰਦਾ ਹੈ। ਬਲਾਕ ਸੰਮਤੀ ਪਾਤੜਾਂ ਦੇ ਸਾਬਕਾ ਚੇਅਰਮੈਨ ਤੇਜਿੰਦਰ ਸਿੰਘ ਤੇਜੀ ਬੁਰੜ ਨੇ ਕਿਹਾ ਕਿ ਬੀ ਡੀ ਪੀ ਓ ਪਰਮਜੀਤ ਕੌਰ ਇੱਕ ਨਿਧੜਕ ਅਫਸਰ ਸਨ ਉਹ ਜਿੱਥੇ ਆਪਣੀ ਡਿਊਟੀ ਸਖਤੀ ਨਾਲ ਕਰਨ ਦੇ ਪਾਬੰਦ ਸਨ ਉੱਥੇ ਪੰਚਾਇਤਾਂ ਤੇ ਸੰਮਤੀ ਦੇ ਹਿੱਤ ਵਿੱਚ ਵੀ ਉਨ੍ਹਾਂ ਨੇ ਡਟ ਕੇ ਪਹਿਰੇਦਾਰੀ ਕੀਤੀ। ਪੰਚਾਇਤ ਸਕੱਤਰ ਯੂਨੀਅਨ ਦੇ ਆਗੂ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਪੰਚਾਇਤ ਸਕੱਤਰਾਂ ਵੱਲੋਂ ਪੇਸ਼ ਕੀਤੀ ਗਈ ਮੁਸ਼ਕਲ ਨੂੰ ਬੀ ਡੀ ਪੀ ਓ ਪਰਮਜੀਤ ਕੌਰ ਗੰਭੀਰਤਾ ਨਾਲ ਲੈ ਕੇ ਉਸ ਦਾ ਪਹਿਲ ਦੇ ਅਧਾਰ 'ਤੇ ਹੱਲ ਕਰਦੇ ਸਨ। ਇਸ ਦੌਰਾਨ ਬੀ ਡੀ ਪੀ ਓ ਦਫਤਰ ਪਾਤੜਾਂ ਦੇ ਕਰਮਚਾਰੀਆਂ, ਪੰਚਾਇਤ ਸਕੱਤਰਾਂ ਅਤੇ ਸਰਪੰਚਾਂ ਵੱਲੋਂ ਸੇਵਾ ਮੁਕਤ ਹੋਏ ਪਰਮਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਐਸ ਡੀ ਓ ਹਰਪਾਲ ਸਿੰਘ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪੰਚਾਇਤ ਸਕੱਤਰ ਅਮਰੀਕ ਸਿੰਘ, ਜਰਨੈਲ ਸਿੰਘ, ਮਨਮਿੰਦਰ ਸਿੰਘ, ਗੁਰਦੀਪ ਸਿੰਘ, ਧਨਵੰਤ ਸਿੰਘ, ਜਸਪਾਲ ਬਾਂਸਲ, ਸੱਤਿਆਵਾਨ, ਰੋਬਿਨ ਗੋਇਲ, ਡਿੰਪਲਪ੍ਰੀਤ ਕੌਰ, ਡਿੰਪਲ, ਸ਼ਿਵ ਕੁਮਾਰ ਏਈ, ਸੌਰਵ ਗੋਇਲ ਜੇਈ, ਸਰਪੰਚ ਰਜੀਵ ਅਰਨੋਂ, ਲਵਜੀਤ ਸਿੰਘ ਬੱਬੀ ਸਰਪੰਚ ਹੋਤੀਪੁਰ, ਕਮਲਦੀਪ ਸਿੰਘ ਦਿਓਗੜ੍ਹ, ਗੁਰਜੰਟ ਸਿੰਘ, ਕੁਲਦੀਪ ਸਿੰਘ ਸਰਪੰਚ ਠਰੂਆ, ਲੀਲਾ ਰਾਮ ਸ਼ੇਰਗੜ੍ਹ ਅਤੇ ਤਰਸੇਮ ਸਿੰਘ ਰਾਮਪੁਰਾ ਦੁਗਾਲ ਆਦਿ ਹਾਜ਼ਰ ਸਨ।

## ਡਾ. ਸੰਦੀਪ ਘੰਡ ਦਾ ਸਫ਼ਰਨਾਮਾ 'ਸੁਪਨਿਆਂ ਦੀ ਧਰਤੀ ਕੈਨੇਡਾ' ਲੋਕ ਅਰਪਣ



**ਮਾਨਸਾ (ਆਤਮਾ ਸਿੰਘ ਪਮਾਰ)**-ਸ਼ਹੀਦ ਭਗਤ ਸਿੰਘ ਕਲਾ ਮੰਚ ਪੰਜਾਬ ਵੱਲੋਂ ਪੰਜਾਬ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਮਨਾਏ ਜਾ ਰਹੇ ਤਿੰਨ ਰੋਜ਼ਾ ਕਲਾ ਕਿਤਾਬ ਮੇਲੇ ਦੌਰਾਨ ਨਹਿਰੂ ਯੁਵਾ ਕੇਂਦਰ ਦੇ ਸਾਬਕਾ ਅਧਿਕਾਰੀ ਡਾ. ਸੰਦੀਪ ਘੰਡ ਦਾ ਸਫ਼ਰਨਾਮਾ 'ਸੁਪਨਿਆਂ ਦੀ ਧਰਤੀ ਕੈਨੇਡਾ' ਦਾ ਲੋਕ ਅਰਪਣ ਕੀਤਾ ਗਿਆ।ਮੇਲੇ ਦੇ ਤੀਸਰੇ ਦਿਨ ਮਸਨੂਈ ਬੁੱਧੀ (ਏ.ਆਈ) ਬਾਰੇ ਕਰਵਾਈ ਗਈ ਵਿਚਾਰ ਨਚਰਚਾ ਤੋਂ ਬਾਅਦ ਮਾਨਸਾ ਜ਼ਿਲ੍ਹੇ ਦੇ ਲੇਖਕਾਂ ਦੀਆਂ ਸਾਲ 2023-24 ਦੌਰਾਨ ਪ੍ਰਕਾਸ਼ਿਤ ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ।ਡਾ. ਘੰਡ ਦੇ ਸਫ਼ਰਨਾਮਾ ਸੁਪਨਿਆਂ ਦੀ ਧਰਤੀ ਕੈਨੇਡਾ ਨੂੰ ਲੋਕ ਅਰਪਣ ਕਰਨ ਦੀ ਰਸਮ ਪ੍ਰਸਿੱਧ ਨਾਟਕਕਾਰ ਡਾ. ਕੁਲਦੀਪ ਦੀਪ, ਉਘੇ ਚਿੰਤਕ ਅਮਰਜੀਤ ਸਿੰਘ ਗਰੇਵਾਲ, ਡਾ.ਸੀ.ਪੀ.ਕੰਬੋਜ, ਡਾ. ਜਗਦੀਪ ਦੀਪ, ਡਾ. ਤੇਜਿੰਦਰ ਸਿੰਘ ਵੱਲੋਂ ਅਦਾ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਮਾਨਸਾ ਤੇਜਿੰਦਰ ਕੌਰ ਅਤੇ ਖੋਜ ਅਫਸਰ ਸ਼ਾਇਰ ਗੁਰਪ੍ਰੀਤ ਨੇ ਕਿਹਾ ਕਿ ਸਫਰਨਾਮਾ ਆਉਣ ਵਾਲੀ ਪੀੜ੍ਹੀ ਲਈ ਇੱਕ ਮਹੱਤਵਪੂਰਨ ਦਸਤਾਵੇਜ਼ ਹੈ। ਜਿਸ ਨਾਲ ਉਸ ਸਥਾਨ ਨੂੰ ਬਿਨਾਂ ਵਿਜ਼ਟ ਕੀਤੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ। ਸਫਰਨਾਮੇ ਦੇ ਲੇਖਕ ਡਾ. ਸੰਦੀਪ ਘੰਡ ਨੇ ਦੱਸਿਆ ਕਿ ਇਸ ਸਫਰਨਾਮੇ ਵਿੱਚ ਕਈ ਅਜਿਹੀਆਂ ਘਟਨਾਵਾਂ ਅਤੇ ਸਥਾਨਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਨੂੰ ਬਹੁਤ ਘੱਟ ਲੋਕ ਜਾਣਦੇ ਹਨ।ਜਿਵੇਂ ਸ਼ਹੀਦ ਬੁੱਕਣ ਸਿੰਘ ਜਿਸ ਨੇ ਕੈਨੇਡਾ ਦੀ ਫੌਜ ਵੱਲੋਂ ਲੜਦਿਆਂ ਪਹਿਲੇ ਵਿਸ਼ਵ ਯੁੱਧ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਕਿੰਗਸਟਨ ਦਾ ਹੈਰੀ ਫੋਰਟ ਜਿਥੇ ਅੱਜ ਵੀ ਇੰਗਲੈਂਡ ਦਾ ਝੰਡਾ ਝੁਲਦਾ ਹੈ ਅਤੇ ਵਿਸ਼ਵ ਦੀ ਸਭ ਤੋਂ ਵੱਡੀ ਚਰਚ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ ਹੈ।ਉਨ੍ਹਾਂ ਕਿਤਾਬ ਨੂੰ ਲੋਕ ਅਰਪਣ ਕਰਨ ਲਈ ਸ਼ਹੀਦ ਭਗਤ ਸਿੰਘ ਕਲਾ ਮੰਚ ਦਾ ਵਿਸ਼ੇਸ਼ ਧੰਨਵਾਦ ਕੀਤਾ।ਮਾਤਾ ਸੁੰਦਰੀ ਗਰਲਜ਼ ਯੂਨੀਵਰਸਟੀ ਕਾਲਜ ਮਾਨਸਾ ਪੰਜਾਬੀ ਵਿਭਾਗ ਦੇ ਇੰਚਾਰਜ ਡਾ. ਬੱਲਮ ਲੀਬਾਂ, ਕ੍ਰਿਸ਼ਨ ਚੌਹਾਨ, ਗੁਰਨੈਬ ਮਘਾਣੀਆਂ, ਹਰਦੀਪ ਸਿੱਧੂ ਨੇ ਡਾ. ਘੰਡ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਕਿਤਾਬ ਨੌਜਵਾਨਾਂ ਲਈ ਜਾਣਕਾਰੀ ਦਾ ਸਰੋਤ ਸਾਬਤ ਹੋਵੇਗੀ।

# ਬਾਬਾ ਫ਼ਰੀਦ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**-ਬਾਬਾ ਫ਼ਰੀਦ ਜੀ ਦੀ ਅਪਾਰ ਰਹਿਮਤ ਅਤੇ ਚੇਅਰਮੈਨ ਇੰਦਰਜੀਤ ਸਿੰਘ ਖ਼ਾਲਸਾ ਦੁਆਰਾ ਸੰਸਥਾਪਕ ਸੰਸਥਾ ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ ਦਾ ਸਲਾਨਾ ਨਤੀਜਾ ਐਲਾਨਿਆ ਗਿਆ।ਪ੍ਰਿੰਸੀਪਲ ਕੁਲਦੀਪ ਕੌਰ ਅਤੇ ਸਮੁੱਚੀ ਮੈਨੇਜਮੈਂਟ ਕਮੇਟੀ ਦੀ ਯੋਗ ਅਗਵਾਈ ਵਿੱਚ ਕਿੰਡਰਗਾਰਟਨ ਅਤੇ ਪਹਿਲੀ ਤੋਂ ਨੌਵੀਂ ਅਤੇ ਗਿਆਰ੍ਹਵੀਂ ਜਮਾਤ ਤੱਕ ਦੇ ਨਤੀਜੇ ਐਲਾਨੇ ਗਏ । ਪ੍ਰਿੰਸੀਪਲ ਕੁਲਦੀਪ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਓਵਰਆਲ ਨਤੀਜਿਆਂ ਵਿੱਚ ਨਰਸਰੀ ਜਮਾਤ ਵਿੱਚੋਂ ਸੁਮਨ ਸ਼ਰਮਾ ਨੇ ਪਹਿਲਾ, ਏਕਮ ਜੀਤ ਸਿੰਘ, ਪਰੀਸ਼ਾ ਨੇ ਦੂਜਾ ਅਤੇ ਮਾਹਿਰ ਨੇ ਤੀਜਾ, ਐੱਲ.ਕੇ.ਜੀ. ਜਮਾਤ ਵਿੱਚੋਂ ਦਿੱਤਿਆ ਅਰੋੜਾ ਨੇ ਪਹਿਲਾ, ਹਰਫਤਿਹ ਸਿੰਘ ਨੇ ਦੂਜਾ ਅਤੇ ਸਹਿਜਪ੍ਰੀਤ ਕੌਰ ਨੇ ਤੀਜਾ ਸਥਾਨ, ਯੂ.ਕੇ.ਜੀ 'ਚੋਂ ਅਲੀਸ਼ਾ ਨੇ ਪਹਿਲਾ, ਤਮੰਨਾ ਬਾਂਸਲ ਨੇ ਦੂਜਾ ਅਤੇ ਜਪਨਾਜ ਕੌਰ, ਹਰਸਿਮਰਨ ਕੌਰ, ਅਮਰੀਨ ਕੌਰ ਨੇ ਤੀਜਾ ਸਥਾਨ, ਪਹਿਲੀ ਜਮਾਤ ਵਿੱਚੋਂ ਗੁਰਸੀਰਤ ਸਿੰਘ ਨੇ ਪਹਿਲਾ, ਐਸ਼ਨਾ ਨੇ ਦੂਜਾ ਅਤੇ ਸਾਂਝਪ੍ਰੀਤ ਕੌਰ ਨੇ ਤੀਜਾ ਸਥਾਨ, ਦੂਜੀ ਜਮਾਤ ਵਿੱਚੋਂ ਨਿਮਰਦੀਪ ਕੌਰ ਨੇ ਪਹਿਲਾ, ਮਹਰੀਨ ਕੌਰ ਨੇ ਦੂਜਾ ਅਤੇ ਮਾਹਿਰਾ ਸੇਠੀ ਨੇ ਤੀਜਾ, ਤੀਸਰੀ ਜਮਾਤ 'ਚੋਂ ਅਸ਼ਵਨ ਜੋਤ ਕੌਰ ਨੇ ਪਹਿਲਾ, ਅਰਮਾਨਦੀਪ ਸਿੰਘ ਨੇ ਦੂਜਾ ਅਤੇ ਮੋਹਪ੍ਰੀਤ ਨੇ ਤੀਜਾ ਸਥਾਨ, ਚੌਥੀ ਜਮਾਤ ਵਿੱਚੋਂ ਸਿਮਰਨ ਬਰਾੜ ਨੇ ਪਹਿਲਾ, ਅਕਸ਼ਤਾ ਨੇ ਦੂਜਾ ਅਤੇ ਮਨਵੀਰ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪੰਜਵੀਂ ਜਮਾਤ ਵਿੱਚੋਂ ਇਕਮਨਨੂਰ ਕੌਰ ਢਿੱਲੋਂ ਨੇ ਪਹਿਲਾ, ਅਨੁਰੀਤ ਕੌਰ ਨੇ ਦੂਜਾ ਅਤੇ ਜਗਸੀਰ ਕੌਰ ਨੇ ਤੀਜਾ ਸਥਾਨ, ਛੇਵੀਂ ਵਿੱਚੋਂ ਮੰਨਤ ਮਨਚੰਦਾ ਨੇ ਪਹਿਲਾ, ਏਕਮਦੀਪ ਸਿੰਘ ਨੇ ਦੂਜਾ ਅਤੇ ਦੀਪਿਕਾ ਰਾਣੀ ਨੇ ਤੀਜਾ ਸਥਾਨ, ਸੱਤਵੀਂ ਵਿੱਚੋਂ ਕੀਰਤਰੂਪ ਕੌਰ ਨੇ ਪਹਿਲਾ, ਅਭੀਜੋਤ ਸਿੰਘ ਨੇ ਦੂਜਾ ਅਤੇ ਰਵਨੀਤ ਕੌਰ ਨੇ ਤੀਜਾ ਸਥਾਨ, ਅੱਠਵੀਂ ਜਮਾਤ ਵਿੱਚੋਂ ਹਰਲੀਨ ਕੌਰ ਨੇ ਪਹਿਲਾ, ਸੁਖਮਨ ਬਰਾੜ ਨੇ ਦੂਜਾ ਅਤੇ ਏਕਮਜੋਤ ਕੌਰ ਨੇ ਤੀਜਾ ਸਥਾਨ, ਨੌਵੀਂ ਜਮਾਤ ਵਿੱਚੋਂ ਸਫੂਰਤੀ ਜੈਨ ਨੇ ਪਹਿਲਾ, ਹਰਸਿਮਰਨ ਕੌਰ ਨੇ ਦੂਜਾ, ਪਰਿਨਾਜ਼ ਕੌਰ ਨੇ ਤੀਜਾ ਸਥਾਨ, ਗਿਆਰ੍ਹਵੀਂ ਜਮਾਤ ਦੇ ਸਾਇੰਸ ਸਟਰੀਮ ਵਿੱਚੋਂ ਕੁਲਜੀਤ ਕੌਰ ਪਹਿਲੇ, ਮਾਨਵਜੋਤ ਕੌਰ ਦੂਜੇ ਅਤੇ ਅਰਮਾਨ ਸਿੰਘ ਤੀਜੇ ਸਥਾਨ 'ਤੇ ਆਏ ।

ਕਾਮਰਸ ਸਟਰੀਮ ਵਿੱਚੋਂ ਬੇਅੰਤ ਕੌਰ ਨੇ ਪਹਿਲਾ, ਰਿਤਿਕਾ ਵਰਮਾ ਨੇ ਦੂਜਾ ਅਤੇ ਗਗਨਦੀਪ ਕੌਰ ਨੇ ਤੀਜਾ, ਹਿਊਮੈਨਟੀਜ਼ ਵਿੱਚੋਂ ਸੁਖਦੀਪ ਕੌਰ ਨੇ ਪਹਿਲਾ, ਮਹਿਕਜੋਤ ਕੌਰ ਨੇ ਦੂਜਾ ਅਤੇ ਅਰਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਹਾਸਲ ਕਰਕੇ ਆਪਣਾ, ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਕੁਲਦੀਪ ਕੌਰ ਅਤੇ ਸਮੁੱਚੀ ਮੈਨੇਜਮੈਂਟ ਕਮੇਟੀ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਤੋਂ ਇਲਾਵਾ ਸਮੂਹ ਸਟਾਫ਼, ਕੋਆਰਡੀਨੇਟਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਮਿਹਨਤ, ਮਾਪਿਆਂ ਦਾ ਭਰੋਸਾ ਅਤੇ ਕਾਬਲ ਅਧਿਆਪਕਾਂ ਦੁਆਰਾ ਪ੍ਰਦਾਨ ਕੀਤੀ ਗਈ ਉੱਤਮ ਸਿੱਖਿਆ ਦੀ ਬਦੌਲਤ ਹੀ ਸ਼ਾਨਦਾਰ ਆਇਆ ਹੈ ।

## ਐੱਮ ਐੱਸ ਸੀ ਬੌਟਨੀ ਦੀ ਪ੍ਰੀਖਿਆ 'ਚ ਮਹਿਕ ਗਰੋਵਰ ਨੇ ਪ੍ਰਾਪਤ ਕੀਤਾ ਚੌਥਾ ਸਥਾਨ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਐੱਮ ਐੱਸ ਸੀ ਬੌਟਨੀ ਪਹਿਲੇ ਸਮੈਸਟਰ ਦਸੰਬਰ 2023 ਦੀ ਪ੍ਰੀਖਿਆ ਵਿੱਚ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੀ ਵਿਦਿਆਰਥਣ ਮਹਿਕ ਗਰੋਵਰ ਨੇ 500 'ਚੋਂ 409 ਅੰਕ ਪ੍ਰਾਪਤ ਕਰਕੇ ਪੰਜਾਬ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਚੌਥਾ ਸਥਾਨ ਪ੍ਰਾਪਤ ਕੀਤਾ।ਡਾ. ਮਨੀਸ਼ ਕੁਮਾਰ ਮੁਖੀ ਪੋਸਟ ਗ੍ਰੈਜੂਏਟ ਬੌਟਨੀ ਵਿਭਾਗ ਨੇ ਦੱਸਿਆ ਕਿ ਵਿਦਿਆਰਥਣ ਮਹਿਕ ਗਰੋਵਰ ਨੇ ਆਪਣੀ ਮਿਹਨਤ ਸਦਕਾ ਪੰਜਾਬ ਯੂਨੀਵਰਸਿਟੀ ਵਿੱਚ ਉੱਚ ਸਥਾਨ ਪ੍ਰਾਪਤ ਕਰਕੇ ਨਾ ਸਿਰਫ ਮਾਤਾ-ਪਿਤਾ, ਬਲਕਿ ਕਾਲਜ ਦਾ ਨਾਮ ਵੀ ਰੋਸ਼ਨ ਕੀਤਾ ਹੈ।ਉਨ੍ਹਾਂ ਦੱਸਿਆ ਕਿ ਵਿਦਿਆਰਥਣ ਮਹਿਕ ਗਰੋਵਰ ਕਾਲਜ ਵਿੱਚ ਵੀ ਹੋਣ ਵਾਲੀਆਂ ਗਤੀਵਿਧੀਆਂ ਤੇ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਉੱਚ ਸਥਾਨ 'ਤੇ ਰਹਿਣ ਵਾਲੀ ਪ੍ਰਤਿਭਾਸ਼ਾਲੀ ਵਿਦਿਆਰਥਣ ਹੈ।ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥਣ ਮਹਿਕ ਗਰੋਵਰ ਨੂੰ ਮੁਬਾਰਕਬਾਦ ਦਿੱਤੀ ਤੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਇਸ ਮੌਕੇ ਕਾਲਜ ਚੇਅਰਮੈਨ ਨਿਰਮਲ ਸਿੰਘ ਢਿੱਲੋਂ ਨੇ ਵਿਦਿਆਰਥਣ ਮਹਿਕ ਗਰੋਵਰ ਨੂੰ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਟੈਗੋਰ ਗਲੋਬਲ ਸਕੂਲ 'ਚ ਰੋਬੋਟਿਕਸ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਕਲਾਸਾਂ ਸ਼ੁਰੂ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਟੈਗੋਰ ਗਲੋਬਲ ਸਕੂਲ ਵਿੱਚ ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀਆਂ ਕਲਾਸਾਂ ਦੀ ਸ਼ੁਰੂਆਤ ਕਰਨ ਜਾ ਰਿਹਾ ਹੈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬੀ.ਕੇ.ਅਨੇਜਾ ਨੇ ਦੱਸਿਆ ਕਿ ਸਕੂਲ ਮੈਨੇਜਮੈਂਟ ਦਾ ਉਦੇਸ਼ ਵਿਦਿਆਰਥੀਆਂ ਨੂੰ ਇੱਕ ਸੰਪੂਰਨ ਸਿੱਖਿਆ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੇ ਨਿਰੰਤਰ ਵਿਕਾਸ ਲਈ ਬਿਹਤਰ ਮੌਕੇ ਪੈਦਾ ਕਰਨ ਲਈ ਸਦਾ ਬਦਲਦੇ ਮਾਹੌਲ ਵਿੱਚ ਵਿੱਦਿਅਕ ਸੇਵਾਵਾਂ ਨੂੰ ਸਮਰੱਥ ਬਣਾਉਣਾ ਹੈ।ਇਸ ਟੀਚੇ ਤਹਿਤ ਨਵੇਂ ਵਿੱਦਿਅਕ ਵਰ੍ਹੇ ਤੋਂ ਜਮਾਤ ਪਹਿਲੀ ਜਮਾਤ ਤੋਂ ਦਸਵੀਂ ਤੱਕ ਦੇ ਵਿਦਿਆਰਥੀਆਂ ਲਈ ਰੋਬੋਟਿਕਸ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ।ਵਿਦਿਆਰਥੀਆਂ ਨੂੰ ਇਸ ਸਬੰਧੀ ਸਿੱਖਿਆ ਦੇਣ ਤਜਰਬੇਕਾਰ ਸਲਾਹਕਾਰ ਨਿਯੁਕਤ ਕੀਤੇ ਜਾ ਰਹੇ ਹਨ ਅਤੇ ਵਿਦਿਆਰਥੀ ਇੰਟਰਐਕਟਿਵ ਸੈਸ਼ਨਾਂ ਰਾਹੀਂ ਸਭ ਕੁਝ ਸਿੱਖਣਗੇ।ਵਿਸ਼ੇਸ਼ ਤੌਰ 'ਤੇ ਵਿਦਿਆਰਥੀਆਂ ਨੂੰ ਵਿਗਿਆਨ ਦੇ ਸੰਕਲਪਾਂ ਬਾਰੇ ਅਤੇ ਇਲੈਕਟ੍ਰਾਨਿਕ ਮਾਡਲ ਬਣਾਉਣ ਦੀ ਸਿਖਲਾਈ ਦਿੱਤੀ ਜਾਵੇਗੀ। ਕੰਪਿਊਟਰ ਰਾਹੀਂ ਪ੍ਰੋਗਰਾਮਿੰਗ ਬਾਰੇ ਸਿਖਾਇਆ ਜਾਵੇਗਾ। ਰੋਬੋਟਿਕਸ ਨੂੰ ਪੜ੍ਹਾਉਣ ਦਾ ਮੁੱਖ ਉਦੇਸ਼ ਗਣਿਤ ਅਤੇ ਵਿਗਿਆਨ ਵਰਗੇ ਮੁੱਖ ਵਿਸ਼ਿਆਂ ਪ੍ਰਤੀ ਵਿਦਿਆਰਥੀਆਂ ਦੀ ਰੁਚੀ ਨੂੰ ਵਧਾਉਣਾ ਹੈ।ਇਹ ਉਨ੍ਹਾਂ ਨੂੰ ਆਲੋਚਨਾਤਮਕ ਸੋਚ ਅਤੇ ਸਮੱਸਿਆ ਹੱਲ ਕਰਨ ਦੇ ਹੁਨਰ ਵਿਕਸਿਤ ਕਰਨ ਵਿੱਚ ਮਦਦ ਕਰਦਾ ਹੈ।ਸਕੂਲ ਡਾਇਰੈਕਟਰ ਸਵਾਤੀ ਅਨੇਜਾ ਅਤੇ ਪ੍ਰਿੰਸੀਪਲ ਮਨੋਜ ਕੁਮਾਰ ਨੇ ਇਸ ਸ਼ੁਰੂਆਤ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਇਸ ਸੇਵਾ ਦਾ ਵੱਧ ਤੋਂ ਵੱਧ ਲਾਭ ਲੈਣ ਨੂੰ ਪ੍ਰੇਰਿਤ ਕੀਤਾ।

## ਆੜ੍ਹਤੀ ਐਸੋਸੀਏਸ਼ਨ ਜਗਰਾਉਂ ਦੇ ਕਨੱਈਆ ਲਾਲ ਬਾਂਕਾ ਦੂਸਰੀ ਵਾਰ ਸਰਬਸੰਮਤੀ ਨਾਲ ਪ੍ਰਧਾਨ ਬਣੇ



**ਜਗਰਾਉਂ (ਸੰਜੀਵ ਅਰੋੜਾ, ਅਮਿਤ ਖੰਨਾ)**-ਆੜ੍ਹਤੀ ਐਸੋਸੀਏਸ਼ਨ ਜਗਰਾਉਂ ਦੀ ਅਹਿਮ ਮੀਟਿੰਗ ਪੁਰਾਣੀ ਦਾਣਾ ਮੰਡੀ ਧਰਮਸ਼ਾਲਾ ਵਿਖੇ ਹੋਈ, ਜਿਸ 'ਚ ਏਸ਼ੀਆ ਦੀ ਦੂਸਰੀ ਸਭ ਤੋਂ ਵੱਡੀ ਅਨਾਜ ਮੰਡੀ ਦੇ ਸਮੂਹ ਆੜ੍ਹਤੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕਨੱਈਆ ਲਾਲ ਬਾਂਕਾ ਦੀਆਂ ਸ਼ਾਨਦਾਰ ਸੇਵਾਵਾਂ ਨੂੰ ਦੇਖਦੇ ਹੋਏ ਮੁੜ ਦੂਸਰੀ ਵਾਰ ਸਰਬਸੰਮਤੀ ਨਾਲ ਆੜ੍ਹਤੀ ਐਸੋਸੀਏਸ਼ਨ ਦਾ ਪ੍ਰਧਾਨ ਬਣਾਇਆ ਗਿਆ। ਇਸ ਤੋਂ ਇਲਾਵਾ ਕੰਵਲਜੀਤ ਸਿੰਘ ਮੱਲ੍ਹਾ ਨੂੰ ਸਰਪ੍ਰਸਤ ਅਤੇ ਸੁਰਜੀਤ ਸਿੰਘ ਕਲੇਰ ਨੂੰ ਚੇਅਰਮੈਨ ਬਣਾਇਆ ਅਤੇ ਇਨ੍ਹਾਂ ਤਿੰਨਾਂ ਆਗੂਆਂ ਨੂੰ ਬਾਕੀ ਟੀਮ ਬਣਾਉਣ ਦੇ ਅਧਿਕਾਰ ਦਿੱਤੇ ਗਏ। ਇਸ ਮੌਕੇ ਪ੍ਰਧਾਨ ਬਾਂਕਾ ਨੇ ਸਮੂਹ ਆੜ੍ਹਤੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆੜ੍ਹਤੀ ਐਸੋਸੀਏਸ਼ਨ ਦੀ ਬੇਹਤਰੀ ਲਈ ਪਹਿਲਾ ਨਾਲੋਂ ਵੀ ਵੱਧ ਕੰਮ ਕਰਨਗੇ। ਮੀਟਿੰਗ ਦੌਰਾਨ ਪੇਮੈਂਟ ਨੂੰ ਲੈ ਕੇ ਆੜ੍ਹਤੀਆਂ ਨੇ ਇਤਰਾਜ਼ ਜਤਾਇਆ ਤੇ ਇਸ ਮਸਲੇ ਦੇ ਹੱਲ ਲਈ ਠੋਸ ਕਦਮ ਚੁੱਕਣ ਦੀ ਅਪੀਲ ਕੀਤੀ। ਆੜ੍ਹਤੀਆਂ ਦੀਆਂ ਪੇਮੈਂਟ ਨੂੰ ਲੈ ਕੇ ਆੜ੍ਹਤੀ ਐਸੋਸੀਏਸ਼ਨ ਪੰਜ ਮੈਂਬਰੀ ਟੀਮ ਗਠਤ ਕਰੇਗੀ, ਜਿਹੜੀ ਇਹ ਸਮੱਸਿਆ ਹੱਲ ਕਰੇਗੀ। ਇਸ ਮੌਕੇ ਆੜ੍ਹਤੀ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਭੱਲਾ, ਜੱਟ ਗਰੇਵਾਲ, ਜਗਜੀਤ ਸਿੰਘ ਸਿੱਧੂ, ਮਨੀ ਗਰਗ, ਜਸਵੰਤ ਸੋਹੀ, ਰਮਿੰਦਰਜੀਤ ਸਿੰਘ ਗਿੱਲ, ਪ੍ਰੀਤਮ ਸਿੰਘ ਅਖਾੜਾ, ਡਾ. ਨਰਿੰਦਰ ਸਿੰਘ, ਨੰਨੂ ਸਿੰਗਲਾ, ਮਨੀ ਗਰਗ, ਹਰਪਾਲ ਸਿੰਘ, ਅਪਾਰ ਸਿੰਘ, ਸਵਰਨਜੀਤ ਸਿੰਘ ਗਿੱਦੜਵਿੰਡੀ, ਜਤਿੰਦਰ ਸਿੰਘ ਸਰਾਂ, ਸੁਭਾਸ਼ ਮਿੱਤਲ, ਅਰੁਣ ਕੁਮਾਰ, ਧਰਮਿੰਦਰ ਭਾਰਦਵਾਜ, ਭੂਸ਼ਣ ਗੋਇਲ, ਬਲਰਾਜ ਸਿੰਘ ਖੈਹਿਰਾ, ਭੂਸ਼ਣ ਮਿੱਤਲ, ਵਿਸ਼ਵਰਤਨ ਸਿੰਗਲਾ, ਬਲਵਿੰਦਰ ਸਿੰਘ ਗਰੇਵਾਲ, ਨਵੀਨ ਸਿੰਗਲਾ, ਰਵੀ ਗੋਇਲ, ਮੰਗਤ ਰਾਏ ਬਾਂਸਲ ਤੇ ਮਨੋਹਰ ਲਾਲ ਤੋਂ ਇਲਾਵਾ ਵੱਡੀ ਗਿਣਤੀ 'ਚ ਆੜ੍ਹਤੀ ਹਾਜ਼ਰ ਸਨ।

## ਵੋਟਰ ਜਾਗਰੂਕਤਾ ਸੰਬੰਧੀ ਸੈਮੀਨਾਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਤੇ ਉਪ ਮੰਡਲ ਮੈਜਿਸਟ੍ਰੇਟ 92 ਸ਼ਹਿਰੀ (ਬਠਿੰਡਾ) ਦੀ ਅਗਵਾਈ ਹੇਠ ਸਵੀਪ ਟੀਮ ਬਠਿੰਡਾ ਸ਼ਹਿਰੀ-092 ਦੇ ਨੋਡਲ ਅਫਸਰ-ਕਮ-ਪ੍ਰਿੰਸੀਪਲ ਮੀਨਾ ਭਾਰਤੀ ਤੇ ਸਵੀਪ ਟੀਮ ਵਲੋਂ ਸਥਾਨਕ ਐਸ.ਐਸ.ਡੀ ਗਰਲਜ਼ ਕਾਲਜ ਵਿਖੇ ਵੋਟਰ ਜਾਗਰੂਕਤਾ ਸਬੰਧੀ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਕਾਲਜ ਦੇ ਈ.ਐਲ.ਸੀ ਇੰਚਾਰਜ ਪ੍ਰੋ: ਤ੍ਰਿਪਤਾ ਰਾਣੀ ਵਲੋਂ 18 ਸਾਲ ਦੇ ਨੌਜਵਾਨ ਵਿਦਿਆਰਥੀਆਂ ਨੂੰ ਨਵੀਂ ਵੋਟ ਬਣਾਉਣ ਲਈ ਉਤਸ਼ਾਹਤ ਕੀਤਾ ਅਤੇ ਵੋਟ ਦੀ ਮੱਹਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਦੌਰਾਨ ਮੁੱਖ ਵਕਤਾ ਗੁਰਬਖਸ਼ ਲਾਲ ਅਤੇ ਸਵੀਪ ਟੀਮ ਮੈਂਬਰ ਵੱਲੋਂ ਵਿਦਿਆਰਥੀਆਂ ਨੂੰ ਵੋਟ ਬਣਾਉਣ ਤੇ ਭਾਰਤੀ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਲਈ ਉਤਸ਼ਾਹਤ ਕੀਤਾ ਗਿਆ। ਇਸ ਤੋਂ ਇਲਾਵਾ ਉਨ੍ਹਾਂ ਵਿਦਿਆਰਥੀਆਂ ਨੂੰ ਵੋਟਰ ਹੈਲਪ ਲਾਈਨ, ਸੀ-ਵੀਜ਼ਲ ਐਪ ਅਤੇ ਕੇ.ਵਾਈ.ਸੀ ਐਪ ਸਬੰਧੀ ਜਾਣਕਾਰੀ ਦਿੱਤੀ।ਇਸ ਮੌਕੇ ਜੋਨੀ ਸਿੰਗਲਾ ਵਲੋਂ ਸਵੀਪ ਐਕਟੀਵਿਟੀ ਵਿਚ ਸ਼ਾਮਲ ਵਿਦਿਆਰਥੀਆਂ ਕੇ ਕੁਇਜ਼ ਮੁਕਾਬਲੇ ਵੀ ਕਰਵਾਏ ਗਏ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ 30 ਵਿਦਿਆਰਥੀਆਂ ਦੀ ਨਵੀਂ ਵੋਟ ਬਣਾਈ ਗਈ।ਇਸ ਮੌਕੇ ਸਵੀਪ ਟੀਮ ਮੈਂਬਰ ਸੁਮਿਤ ਗੋਇਲ, ਹਰਪ੍ਰੀਤ ਸਿੰਘ, ਸੁਭਾਸ਼ ਚੰਦ, ਰਾਮ ਉਜਾਗਰ, ਕਾਲਜ ਪ੍ਰਿੰਸੀਪਲ ਨੀਰੂ ਗਰਗ, ਡਾ. ਏਕਤਾ ਗਰਗ ਅਤੇ ਵਿਭਾ ਬਾਂਸਲ ਤੋਂ ਇਲਾਵਾ ਵਿਦਿਆਰਥੀ ਹਾਜ਼ਰ ਸਨ।

## ਹਿੰਸਾ ਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਤੇ ਭਾਸ਼ਣਾਂ 'ਤੇ ਮੁਕੰਮਲ ਰੋਕ ਦੇ ਹੁਕਮ

**ਮਾਨਸਾ (ਆਤਮਾ ਸਿੰਘ ਪਮਾਰ)**-ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਨਿਰਮਲ ਓਸੇਪਚਨ ਨੇ ਸੀ.ਆਰ.ਪੀ.ਸੀ. 1973 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੀ ਹੱਦ ਅੰਦਰ ਸਰਕਾਰੀ ਅਤੇ ਗੈਰ ਸਰਕਾਰੀ ਬੱਸਾਂ, ਮੈਰਿਜ ਪੈਲੇਸਾਂ, ਸ਼ਹਿਰਾਂ, ਪਿੰਡਾਂ 'ਚ ਗਾਇਕਾਂ, ਗੀਤਕਾਰਾਂ ਅਤੇ ਬੁਲਾਰਿਆਂ ਵੱਲੋਂ ਲਗਾਏ ਜਾਣ ਵਾਲੇ ਅਖਾੜੇ ਜਾਂ ਸਟੇਜਾਂ 'ਤੇ ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਭਾਸ਼ਣਾਂ 'ਤੇ ਮੁਕੰਮਲ ਪਾਬੰਦੀ ਲਗਾਈ ਹੈ। ਹੁਕਮ ਵਿੱਚ ਕਿਹਾ ਗਿਆ ਕਿ ਸਰਕਾਰੀ ਅਤੇ ਗੈਰ ਸਰਕਾਰੀ ਬੱਸਾਂ, ਮੈਰਿਜ ਪੈਲੇਸਾਂ, ਸ਼ਹਿਰਾਂ, ਪਿੰਡਾਂ ਵਿੱਚ ਗਾਇਕਾਂ, ਗੀਤਕਾਰਾਂ ਅਤੇ ਬੁਲਾਰਿਆਂ ਵੱਲੋਂ ਲਗਾਏ ਜਾਣ ਵਾਲੇ ਅਖਾੜੇ ਜਾਂ ਸਟੇਜਾਂ 'ਤੇ ਅਕਸਰ ਹਿੰਸਾ ਅਤੇ ਨਸ਼ਿਆਂ ਨੂੰ ਪ੍ਰਮੋਟ ਕਰਨ ਵਾਲੇ ਗੀਤ ਗਾਏ ਜਾਂਦੇ ਹਨ। ਇਨ੍ਹਾਂ ਗੀਤਾਂ ਨੂੰ ਸੁਣ ਕੇ ਆਮ ਲੋਕਾਂ ਤੋਂ ਇਲਾਵਾ ਯੁਵਾ ਪੀੜ੍ਹੀ ਦੇ ਲੜਕੇ ਅਤੇ ਲੜਕੀਆਂ ਦੇ ਆਚਰਨ 'ਤੇ ਭੈੜਾ ਅਸਰ ਪੈਂਦਾ ਹੈ, ਜਿਸ ਨੂੰ ਰੋਕਣ ਲਈ ਇਨ੍ਹਾਂ ਗੀਤਾਂ ਦੀ ਰੋਕਥਾਮ ਕਰਨੀ ਅਤਿ ਜ਼ਰੂਰੀ ਹੋ ਗਈ ਹੈ।ਇਹ ਹੁਕਮ 31 ਮਈ 2024 ਤੱਕ ਲਾਗੂ ਰਹੇਗਾ।

## ਸਹਿਕਾਰੀ ਸਭਾ ਸ਼ੁਤਰਾਣਾ ਦੀ ਸਰਬਸੰਮਤੀ ਨਾਲ ਚੋਣ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਕਿਸਾਨਾਂ ਦੀ ਭਲਾਈ ਲਈ ਸਹਿਕਾਰਤਾ ਵਿਭਾਗ ਅਧੀਨ ਚਲਦੀ ਸਹਿਕਾਰੀ ਸਭਾ ਸ਼ੁਤਰਾਣਾ ਦੇ ਪ੍ਰਧਾਨ ਸਤਨਾਮ ਸਿੰਘ ਵੜੈਚ ਵੱਲੋਂ ਅਸਤੀਫ਼ਾ ਦਿੱਤੇ ਜਾਣ ਮਗਰੋਂ ਖਾਲੀ ਹੋਏ ਪ੍ਰਧਾਨਗੀ ਪਦ ਲਈ ਮੁੜ ਤੋਂ ਚੋਣ ਕਰਨ ਲਈ ਸਭਾ ਦੇ ਮੈਂਬਰਾਂ ਦੀ ਮੀਟਿੰਗ ਹੋਈ ਜਿਸ ਦੌਰਾਨ ਸਰਬਸੰਮਤੀ ਨਾਲ ਅਕਾਲੀ ਆਗੂ ਰਾਜ ਸਿੰਘ ਝੱਬਰ ਨੂੰ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਸਹਿਕਾਰੀ ਸਭਾ ਸ਼ੁਤਰਾਣਾ ਪਿੰਡ ਸ਼ੁਤਰਾਣਾ ਅਤੇ ਰਸੌਲੀ ਦੋ ਪਿੰਡਾਂ ਦੀ ਸਾਂਝੀ ਸੰਸਥਾ ਹੈ। ਸਹਿਕਾਰੀ ਸਭਾ ਸ਼ੁਤਰਾਣਾ ਦੀ ਮੀਟਿੰਗ ਵਿੱਚ ਸਭਾ ਦੇ ਮੈਂਬਰਾਂ ਪਰਮਜੀਤ ਕੌਰ, ਬੇਅੰਤ ਕੌਰ, ਸਲਵਿੰਦਰ ਸਿੰਘ, ਰਾਜ ਕੁਮਾਰ, ਨੰਬਰਦਾਰ ਗੁਰਬਖ਼ਸ਼ ਸਿੰਘ, ਗੁਰਮੁਖ ਸਿੰਘ, ਭੁਪਿੰਦਰ ਸਿੰਘ, ਹਰਭਜਨ ਸਿੰਘ ਡੇਰਾ ਗੋਬਿੰਦਪੁਰਾ, ਸਤਨਾਮ ਸਿੰਘ ਨੇ ਸ਼ਮੂਲੀਅਤ ਕੀਤੀ। ਇਸ ਦੌਰਾਨ ਸਮੂਹ ਮੈਂਬਰਾਂ ਨੇ ਸਰਬ ਸੰਮਤੀ ਨਾਲ ਰਾਜ ਸਿੰਘ ਝੱਬਰ ਨੂੰ ਪ੍ਰਧਾਨ ਚੁਣ ਲਿਆ ਗਿਆ। ਨਵੇਂ ਚੁਣੇ ਗਏ ਪ੍ਰਧਾਨ ਰਾਜ ਸਿੰਘ ਝੱਬਰ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਭਾ ਵੱਲੋਂ ਕਿਸਾਨਾਂ ਦੀ ਭਲਾਈ ਲਈ ਕੀਤੇ ਜਾਣ ਵਾਲੇ ਕੰਮਾਂ ਲਈ ਵਚਨਬੱਧ ਹਨ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਸਭਾ ਦੇ ਕੰਮ ਕਾਜ ਨੂੰ ਚਲਾਉਣਗੇ।ਇਸ ਦੌਰਾਨ ਅਕਾਲੀ ਆਗੂ ਸੁਖਵਿੰਦਰ ਸਿੰਘ ਝੱਬਰ, ਬਲਬੀਰ ਸਿੰਘ ਪੂਹਲੇ ਵਾਲ, ਰਤਨ ਸਿੰਘ, ਜੰਗ ਸਿੰਘ, ਨੰਬਰਦਾਰ ਅਮਰੀਕ ਸਿੰਘ, ਹਰਭਜਨ ਸਿੰਘ, ਗੁਰਬਾਜ਼ ਸਿੰਘ ਝੱਬਰ, ਗੁਰਮੀਤ ਰਸੌਲੀ ਆਦਿ ਪਿੰਡ ਵਾਸੀਆਂ ਵੱਲੋਂ ਨਵੇਂ ਚੁਣੇ ਗਏ ਪ੍ਰਧਾਨ ਰਾਜ ਸਿੰਘ ਝੱਬਰ ਨੂੰ ਮੁਬਾਰਕਬਾਦ ਦਿੱਤੀ।

...ਸਫ਼ਾ 1 ਦੇ ਬਾਕੀ

### ਗੜ੍ਹੇਮਾਰੀ ਤੇ ਤੇਜ਼ ...

ਹਵਾਵਾਂ ਕਾਰਨ ਸੜਕਾਂ 'ਤੇ ਬੋਰਡ ਡਿੱਗ ਗਏ ।ਮੌਸਮ ਵਿਭਾਗ ਅਨੁਸਾਰ ਇਸ ਦੌਰਾਨ ਗੜ੍ਹੇਮਾਰੀ, ਬਿਜਲੀ, 40-50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਤੇਜ਼ ਹਵਾਵਾਂ ਚੱਲਣ, ਤੂਫ਼ਾਨ ਅਤੇ ਹਨੇਰੀ ਚੱਲਣ ਦੀ ਸੰਭਾਵਨਾ ਹੈ।ਮੌਸਮ ਵਿਭਾਗ ਮੁਤਾਬਕ ਮੀਂਹ ਕਾਰਨ ਦਿਨ ਦੇ ਤਾਪਮਾਨ ਵਿੱਚ ਤਿੰਨ ਤੋਂ ਚਾਰ ਡਿਗਰੀ ਦੀ ਗਿਰਾਵਟ ਆ ਸਕਦੀ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਗੜ੍ਹੇਮਾਰੀ ਕਾਰਨ ਫ਼ਸਲਾਂ ਧਰਤੀ 'ਤੇ ਵਿਛ ਗਈਆਂ ਹਨ। ਕਿਸਾਨਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ।

## ਕਿਸਾਨ, ਮਜ਼ਦੂਰ, ਛੋਟੇ ਵਪਾਰੀ ਤੇ ਦੁਕਾਨਦਾਰ ਵਿਰੋਧੀ ਭਾਜਪਾ ਨੂੰ ਲੋਕ ਮੂੰਹ ਨਹੀਂ ਲਾਉਣਗੇ : ਰੋਡੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਜਿਨੇ ਮਰਜ਼ੀ ਵੱਡੇ ਲੀਡਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰ ਲਵੇ, ਪਰ ਪੰਜਾਬ ਦੇ ਲੋਕ ਭਾਜਪਾ ਨੂੰ ਮੂੰਹ ਨਹੀਂ ਲਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਰਕੀਟ ਕਮੇਟੀ ਮੋਗਾ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ ਨੇ ਕੀਤਾ। ਹਰਜਿੰਦਰ ਸਿੰਘ ਰੋਡੇ ਨੇ ਕਿਹਾ ਕਿ ਭਾਜਪਾ ਕਿਸਾਨ ਮਜ਼ਦੂਰ ਤੇ ਛੋਟੇ ਵਿਪਾਰੀ ਅਤੇ ਛੋਟੇ ਦੁਕਾਨਦਾਰ ਵਿਰੋਧੀ ਹੈ। ਭਾਜਪਾ ਦੇ ਰਾਜ ਵਿਚ ਛੋਟਾ ਦੁਕਾਨਦਾਰ, ਛੋਟਾ ਵਿਪਾਰੀ, ਮਜ਼ਦੂਰ ਤੇ ਕਿਸਾਨ ਗਰੀਬ ਹੋਇਆ ਹੈ। ਵੱਡੀਆਂ ਕੰਪਨੀਆਂ ਅਮੀਰ ਹੋਈਆਂ ਹਨ। ਭਾਜਪਾ ਦੇ ਰਾਜ ਵਿੱਚ ਹੱਕ ਮੰਗਦੇ ਬਾਰਡਰਾਂ 'ਤੇ ਬੈਠੇ ਅੱਠ ਸੌ ਕਰੀਬ ਕਿਸਾਨ ਸ਼ਹੀਦ ਹੋ ਗਏ ਹਨ, ਜਿਸ ਨੂੰ ਕਦੇ ਵੀ ਪੰਜਾਬ ਦੇ ਲੋਕ ਬਰਦਾਸ਼ਤ ਨਹੀਂ ਕਰਨਗੇ। ਭਾਜਪਾ ਲੀਡਰਾਂ ਦੇ ਭਾਰ ਨਾਲ ਹੀ ਦੱਬ ਜਾਵੇਗੀ, ਆਮ ਲੋਕ ਭਾਜਪਾ ਨੂੰ ਮੂੰਹ ਨਹੀਂ ਲਾਉਣਗੇ। ਪਹਿਲਾਂ ਵੀ ਬਹੁਤ ਵਾਰ ਪੰਜਾਬ ਨੂੰ ਮਾਰਾਂ ਪਈਆਂ, ਪਰ ਪੰਜਾਬ ਦੇ ਬਹਾਦਰ ਤੇ ਮਿਹਨਤੀ ਲੋਕਾਂ ਨੇ ਫਿਰ ਪੰਜਾਬ ਅਪਣੇ ਪੈਰਾਂ 'ਤੇ ਖੜਾ ਕਰ ਲਿਆ। ਹੁਣ ਫਿਰ ਪੰਜਾਬ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਤਰੱਕੀ ਵੱਲ ਵੱਧ ਰਿਹਾ, ਜਿਸ ਨੂੰ ਰੋਕਣ ਲਈ ਭਾਜਪਾ ਹਰ ਹੱਥਕੰਡਾ ਅਪਨਾ ਰਹੀ ਹੈ। ਪੰਜਾਬ ਦੇ ਲੋਕ ਭਗਵੰਤ ਸਿੰਘ ਮਾਨ ਨੂੰ ਪਿਆਰ ਕਰਦੇ ਹਨ। ਹੁਣ ਲੋਕ ਸਭਾ ਚੋਣਾਂ ਵਿੱਚ ਭਗਵੰਤ ਸਿੰਘ ਮਾਨ ਦਾ ਸਾਥ ਦੇਣਗੇ। ਪੰਜਾਬ ਦੀਆਂ 13 ਦੀਆਂ 13 ਸੀਟਾਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਝੋਲੀ ਵਿੱਚ ਪਾਉਣਗੇ। ਇਸ ਸਮੇਂ ਕੁਲਵਿੰਦਰ ਸਿੰਘ ਚੱਕੀਆਂ ਕੌਂਸਲਰ, ਅਰਵਿੰਦਰ ਸਿੰਘ ਕਾਨਪੁਰੀਆ ਕੌਂਸਲਰ, ਗੁਰਪ੍ਰੀਤ ਸਿੰਘ ਸੱਚਦੇਵਾ ਕੌਂਸਲਰ, ਗੁਰਮੀਤ ਸਿੰਘ ਜੀ.ਐੱਲ.ਟੀ. ਵਾਲੇ, ਮਨਦੀਪ ਸਿੰਘ ਮੋਗਾ, ਭਪਿੰਦਰ ਸਿੰਘ ਮੋਗਾ, ਗੁਰਦੇਵ ਸਿੰਘ ਘਾਰੂ, ਮੰਗਤ ਸਿੰਘ, ਜੋਗਿੰਦਰ ਸਿੰਘ ਮੋਗਾ, ਜਗਤਾਰ ਸਿੰਘ, ਅਵਤਾਰ ਸਿੰਘ ਖਹਿਰਾ, ਗੁਰਮੀਤ ਸਿੰਘ ਖਹਿਰਾ, ਗੁਰਤੇਜ ਸਿੰਘ, ਜਸਮੇਲ ਸਿੰਘ ਭਿੰਡਰ ਭੋਲ੍ਹਾ ਸਿੰਘ ਆਦਿ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸੰਘਰਸ਼ੀ ਕਿਸਾਨਾਂ, ਮਜ਼ਦੂਰਾਂ ਤੇ ਬੀਬੀਆਂ ਦਾ ਜਥਾ ਸ਼ੰਭੂ ਬਾਰਡਰ ਲਈ ਰਵਾਨਾ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਸੂਬਾ ਆਗੂ ਸਰਵਣ ਸਿੰਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ, ਸੂਬਾ ਆਗੂ ਜਰਮਨਜੀਤ ਸਿੰਘ ਬੰਡਾਲਾ ਦੀ ਅਗਵਾਈ ਹੇਠ ਗੋਲਡਨ ਗੇਟ ਅੰਮ੍ਰਿਤਸਰ ਵਿਖੇ ਪੰਜਾਬ ਸਰਕਾਰ ਦਾ ਪੁਤਲਾ ਫੂਕਿਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਦੀ ਨੀਤੀ ਦੇ ਦਬਾਅ ਹੇਠ ਪੰਜਾਬ ਸਰਕਾਰ ਵਲੋਂ ਮੰਡੀ ਬੋਰਡ ਐਕਟ 1961 ਵਿੱਚ ਸੋਧ ਕਰਕੇ ਪੰਜਾਬ ਦੀਆਂ 26 ਮਾਰਕੀਟ ਕਮੇਟੀਆਂ ਭੰਗ ਕਰਕੇ ਦੂਜੇ ਵਿਭਾਗਾਂ ਵਿੱਚ ਰਲੇਵਾਂ ਕਰਕੇ ਪ੍ਰਾਈਵੇਟ ਕੰਪਨੀਆਂ ਦੁਆਰਾ ਬਣਾਏ ਹੋਏ 9 ਸਈਲੋ ਗੁਦਾਮਾਂ ਨੂੰ ਪ੍ਰਬੰਧ ਸੌਂਪ ਦਿੱਤਾ ਹੈ। ਅੰਮ੍ਰਿਤਸਰ ਵਿੱਚ ਅਟਾਰੀ, ਮਜੀਠਾ, ਮਹਿਤਾ ਆਦਿ ਮਾਰਕੀਟ ਕਮੇਟੀਆਂ ਖਤਮ ਕੀਤੀਆਂ ਗਈਆਂ ਹਨ। ਅਸਲ ਵਿੱਚ ਕਿਸਾਨ ਅੰਦੋਲਨ ਦੇ ਦਬਾਅ ਹੇਠ ਤਿੰਨ ਕਾਲੇ ਕਾਨੂੰਨ ਤਾਂ ਭਾਵੇਂ ਰੱਦ ਕਰ ਦਿੱਤੇ ਗਏ ਪਰ ਹੁਣ ਉਨ੍ਹਾਂ ਨੂੰ ਅੰਦਰਖਾਤੇ ਲਾਗੂ ਕੀਤਾ ਜਾ ਰਿਹਾ ਹੈ। ਇਸ ਤੋਂ ਬਾਅਦ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ, ਸਕੱਤਰ ਸਿੰਘ ਕੋਟਲਾ ਦੀ ਅਗਵਾਈ ਹੇਠ ਸੈਂਕੜੇ ਕਿਸਾਨਾਂ, ਮਜ਼ਦੂਰਾਂ, ਬੀਬੀਆਂ ਦਾ ਜੱਥਾ ਸ਼ੰਭੂ ਬਾਰਡਰ ਲਈ ਰਵਾਨਾ ਕੀਤਾ ਗਿਆ ਅਤੇ ਚੱਲ ਰਹੇ ਮੋਰਚਿਆਂ ਨੂੰ ਹੋਰ ਮਜ਼ਬੂਤ ਕਰਨ ਦਾ ਐਲਾਨ ਕੀਤਾ ਗਿਆ। ਇਸ ਮੌਕੇ ਲਖਵਿੰਦਰ ਸਿੰਘ ਵਰਿਆਮ, ਮੰਗਜੀਤ ਸਿੰਘ ਸਿੱਧਵਾਂ, ਮਨਰਾਜ ਸਿੰਘ, ਰਵਿੰਦਰ ਸਿੰਘ ਵੱਲਾ, ਰੇਸ਼ਮ ਸਿੰਘ ਜੋਗਾ ਸਿੰਘ ਵਾਲਾ, ਪ੍ਰਗਟ ਸਿੰਘ ਗੁਨੋਵਾਲ, ਮਗਵਿੰਦਰ ਸਿੰਘ, ਗੁਰਮੀਤ ਸਿੰਘ ਮੰਡਿਆਲਾ, ਨਿਰਵੈਲ ਸਿੰਘ, ਅਵਤਾਰ ਸਿੰਘ ਚੱਬਾ, ਮੋਹਕਮ ਸਿੰਘ ਬੰਡਾਲਾ, ਬਿਕਰਮਜੀਤ ਸਿੰਘ, ਚਰਨਜੀਤ ਸਿੰਘ ਸਿੱਧਵਾਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

# ਸਰਕਾਰੀ ਮੰਡੀਆਂ ਦਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਜ਼ੋਰਦਾਰ ਨਿਖੇਧੀ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੂਬਾਈ ਸਕੱਤਰ ਪਰਗਟ ਸਿੰਘ ਜਾਮਾਰਾਏ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ, ਵਿੱਤ ਸਕੱਤਰ ਬਲਦੇਵ ਸਿੰਘ ਪੰਡੋਰੀ ਨੇ ਖੇਤੀ-ਕਿਸਾਨੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਮੋਦੀ-ਸ਼ਾਹ ਸਰਕਾਰ ਦੇ ਚਿਰੋਕਣੀ ਦੇਸ਼ ਵਿਰੋਧੀ ਸਾਜ਼ਿਸ਼ ਦਾ ਨਵੇਂ ਸਿਰਿਓਂ ਮੁੱਢ ਬੰਨ੍ਹਣ ਵਾਲੇ ਉਕਤ ਫੈਸਲੇ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ।

ਆਗੂਆਂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮੰਡੀਆਂ ਖਤਮ ਕਰਨ ਵਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਦੇਸ਼ ਦੇ ਕਿਸਾਨ-ਖੇਤ ਮਜ਼ਦੂਰ, ਆੜ੍ਹਤੀਏ, ਮੰਡੀਆਂ ਦੇ ਕਾਮੇ, ਆਮ ਖਪਤਕਾਰ ਅਤੇ ਪ੍ਰਚੂਨ ਵਪਾਰੀ ਕਿਵੇਂ ਸਾਂਝੇ ਘੋਲ ਦੇ ਮੈਦਾਨ ਵਿਚ ਨਿੱਤਰ ਆਏ ਸਨ।ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਕੇਂਦਰ ਦੇ ਦਬਾਅ ਹੇਠ ਸਰਕਾਰੀ ਮੰਡੀਆਂ ਦਾ ਪ੍ਰਬੰਧ ਕਾਰਪੋਰੇਟ ਘਰਾਣਿਆਂ ਨੂੰ ਦੇ ਰਹੀ ਹੈ।

ਪੰਜਾਬ ਦੇ ਸੰਘਰਸ਼ੀ ਲੋਕ ਕੇਂਦਰ ਦੇ ਇਸ਼ਾਰਿਆਂ 'ਤੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਕਦੇ ਵੀ ਕਾਮਯਾਬ ਨਹੀਂ ਹੋਣ ਦੇਣਗੇ।

# ਵਿਦੇਸ਼ ਭੇਜਣ ਦੇ ਨਾਂਅ 'ਤੇ 60 ਹਜ਼ਾਰ ਦੀ ਠੱਗੀ

ਧਾਰੀਵਾਲ, 29 ਮਾਰਚ (ਮਨਦੀਪ ਸਿੰਘ ਵਿੱਕੀ)-ਥਾਣਾ ਧਾਰੀਵਾਲ ਵਿੱਚ ਪੁਲਸ ਨੇ ਵਿਦੇਸ਼ (ਅਰਮੀਨੀਆ) ਭੇਜਣ ਦੇ ਨਾਂਅ 'ਤੇ 60 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਇਕ ਵਿਅਕਤੀ ਵਿਰੁੱਧ ਧੋਖਾਧੜੀ ਦਾ ਕੇਸ ਦਰਜ ਹੈ।

ਭੱਟੋ ਪੁੱਤਰ ਮੱਸੂ ਰਾਮ ਵਾਸੀ ਕੋਟ ਸੰਤੋਖ ਰਾਏ ਨੇ ਇਨਸਾਫ ਦੀ ਮੰਗ ਕਰਦਿਆਂ ਉੱਚ ਪੁਲਸ ਅਧਿਕਾਰੀਆਂ ਨੂੰ ਦੱਸਿਆ ਕਿ ਅਸ਼ਵਨੀ ਕੁਮਾਰ ਉਰਫ ਮੋਨੂੰ ਸ਼ਰਮਾ ਪੁੱਤਰ ਗੋਪਾਲ ਦਾਸ ਵਾਸੀ ਜੌੜਾ ਛੱਤਰਾਂ ਨੇ ਉਸ (ਭੱਟੋ) ਦੇ ਲੜਕੇ ਸੁਖਵਿੰਦਰ ਸਿੰਘ ਨੂੰ ਵਿਦੇਸ ਅਰਮੀਨੀਆ ਭੇਜਣ ਲਈ 60 ਹਜ਼ਾਰ ਰੁਪਏ ਲਏ ਸਨ ਪਰ ਉਸਨੇ ਸੁਖਵਿੰਦਰ ਸਿੰਘ ਨੂੰ ਵਿਦੇਸ਼ ਵੀ ਨਹੀਂ ਭੇਜਿਆ ਅਤੇ ਨਾ ਹੀ ਪੈਸੇ ਵਾਪਿਸ ਕੀਤੇ ਹਨ। ਥਾਣਾ ਧਾਰੀਵਾਲ ਦੇ ਸਹਾਇਕ ਸਬ ਇੰਸਪੈਕਟਰ ਬਲਬੀਰ ਸਿੰਘ ਨੇ ਦੱਸਿਆ ਕਿ ਭੱਟੋ ਦੇ ਬਿਆਨਾਂ ਦੇ ਅਧਾਰ 'ਤੇ ਅਸ਼ਵਨੀ ਕੁਮਾਰ ਉਰਫ ਮੋਨੂੰ ਸ਼ਰਮਾ ਵਿਰੁੱਧ ਧਾਰਾ 420 ਤਹਿਤ ਮੁਕੱਦਮਾ ਦਰਜ ਕੀਤਾ ਹੈ।

# ਅੰਮ੍ਰਿਤਧਾਰੀ ਬੱਚਿਆਂ ਨੂੰ 1 ਕਰੋੜ 43 ਲੱਖ ਰੁਪਏ ਦੇ ਵਜ਼ੀਫੇ ਜਾਰੀ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਪੜ੍ਹ ਰਹੇ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ ਵੱਲੋਂ ਸਾਲ 2023-24 ਲਈ 1 ਕਰੋੜ 43 ਲੱਖ 94 ਹਜ਼ਾਰ ਰੁਪਏ ਦੀ ਵਜ਼ੀਫਾ ਰਾਸ਼ੀ ਦਿੱਤੀ ਗਈ।ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਇਸ ਵਜ਼ੀਫ਼ਾ ਰਾਸ਼ੀ ਦੇ ਚੈੱਕ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਿੱਦਿਅਕ ਅਦਾਰਿਆਂ ਦੇ ਨੁਮਾਇੰਦਿਆਂ ਨੂੰ ਸੌਂਪੇ।ਇਸ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖੀ ਦੇ ਪ੍ਰਚਾਰ ਪ੍ਰਸਾਰ ਲਈ ਸ਼੍ਰੋਮਣੀ ਕਮੇਟੀ ਵੱਲੋਂ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ, ਜਿਸ ਤਹਿਤ ਅੰਮ੍ਰਿਤਧਾਰੀ ਵਿਦਿਆਰਥੀਆਂ ਲਈ ਵਜ਼ੀਫਾ ਰਾਸ਼ੀ ਦੀ ਯੋਜਨਾ ਚਲਾਈ ਜਾ ਰਹੀ ਹੈ।ਇਸ ਤਹਿਤ ਹਰ ਸਾਲ ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਫੀਸਾਂ ਲਈ ਵਜ਼ੀਫੇ ਦਿੱਤੇ ਜਾਂਦੇ ਹਨ।ਇਸ ਵਾਰ 2791 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ 1 ਕਰੋੜ 43 ਲੱਖ 94 ਹਜ਼ਾਰ ਰੁਪਏ ਦੀ ਰਾਸ਼ੀ ਵੰਡੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਧਰਮ ਪ੍ਰਚਾਰ ਕਮੇਟੀ ਵੱਲੋਂ ਧਾਰਮਿਕ ਪ੍ਰੀਖਿਆ ਰਾਹੀਂ ਵੀ ਵਿਸ਼ੇਸ਼ ਤੌਰ 'ਤੇ ਵਜ਼ੀਫੇ ਦਿੱਤੇ ਜਾਂਦੇ ਹਨ, ਜੋ ਲੱਖਾਂ ਰੁਪਏ ਵਿਚ ਹੁੰਦੇ ਹਨ।ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਬਾਣੀ ਅਤੇ ਬਾਣੇ ਨਾਲ ਜੋੜਨ ਤਾਂ ਜੋ ਇਨ੍ਹਾਂ ਯੋਜਨਾਵਾਂ ਦਾ ਵੱਧ ਤੋਂ ਵੱਧ ਨੌਜੁਆਨ ਲਾਭ ਲੈ ਸਕਣ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ, ਅਵਤਾਰ ਸਿੰਘ ਰਿਆ, ਹਰਪਾਲ ਸਿੰਘ ਜੱਲਾ, ਸੁਰਜੀਤ ਸਿੰਘ ਤੁਗਲਵਾਲਾ, ਅਜਮੇਰ ਸਿੰਘ ਖੇੜਾ, ਜਰਨੈਲ ਸਿੰਘ ਕਰਤਾਰਪੁਰ, ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਬਲਵਿੰਦਰ ਸਿੰਘ ਕਾਹਲਵਾਂ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਸ਼ਾਹਬਾਜ਼ ਸਿੰਘ, ਸਹਾਇਕ ਡਾਇਰੈਕਟਰ ਬੀਬੀ ਸਤਵੰਤ ਕੌਰ, ਪ੍ਰਿੰ. ਡਾ. ਕੁਲਵਿੰਦਰ ਸਿੰਘ, ਸੁਪਰਡੈਂਟ ਨਿਸ਼ਾਨ ਸਿੰਘ ਆਦਿ ਮੌਜੂਦ ਸਨ।

# ਕੌਮਾਂਤਰੀ ਪੰਜਾਬੀ ਸਿਨੇਮਾ ਦਿਵਸ ਮਨਾਇਆ ਗਿਆ



ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਪਫਟਾ ਫਿਲਮ ਐਸੋਸੀਏਸ਼ਨ ਵੱਲੋਂ ਸੀਜੀਸੀ ਕਾਲਜ ਖਰੜ ਮੋਹਾਲੀ ਵਿਖੇ ਕੌਮਾਂਤਰੀ ਪੰਜਾਬੀ ਸਿਨੇਮਾ ਦਿਵਸ ਮਨਾਇਆ ਗਿਆ। ਵੱਖ-ਵੱਖ ਕਲਾਕਾਰਾਂ ਵੱਲੋਂ ਸ਼ਿਰਕਤ ਕੀਤੀ ਗਈ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਪ੍ਰਸਿੱਧ ਕਮੇਡੀਅਨ ਅਭਿਨੇਤਾ ਗੁਰਪ੍ਰੀਤ ਘੁੱਗੀ ਅਤੇ ਪ੍ਰਸਿੱਧ ਅਦਾਕਾਰ ਮਲਕੀਤ ਰੌਣੀ ਨੂੰ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਪ੍ਰਚਾਰ ਸਕੱਤਰ ਸਕੱਤਰ ਸਿੰਘ ਪੁਰੇਵਾਲ ਵੱਲੋਂ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਦੀ ਅਗਵਾਈ ਹੇਠ ਪ੍ਰਕਾਸ਼ਿਤ ਪੁਸਤਕ 'ਜੰਗ ਜਿੱਤਾਂਗੇ ਜ਼ਰੂਰ' ਗੁਰਪ੍ਰੀਤ ਘੁੱਗੀ ਅਤੇ ਮਲਕੀਤ ਰੌਣੀ ਨੂੰ ਭੇਟ ਕੀਤੀ ਗਈ।

ਇਸ ਮੌਕੇ ਗੁਰਪ੍ਰੀਤ ਘੁੱਗੀ ਨੇ ਸ਼ੇਲਿੰਦਰਜੀਤ ਸਿੰਘ ਰਾਜਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਮੂਹ ਮੈਂਬਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਮਲਕੀਤ ਰੌਣੀ ਨੇ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਸਮਾਜ ਨੂੰ ਅਜਿਹੀਆਂ ਪੁਸਤਕਾਂ ਦੀ ਬਹੁਤ ਲੋੜ ਹੈ।

ਇਸ ਮੌਕੇ ਉਨ੍ਹਾਂ ਨਾਲ ਪੰਜਾਬੀ ਫਿਲਮ ਐਸੋਸੀਏਸ਼ਨ ਦੇ ਸਰਪ੍ਰਸਤ ਮੈਡਮ ਨਿਰਮਲ ਰਿਸ਼ੀ, ਅਦਾਕਾਰ ਸਵਿੰਦਰ ਮਾਹਲ, ਸਰਦਾਰ ਸੋਹੀ, ਰੁਪਿੰਦਰ ਕੌਰ ਰੂਪੀ, ਗੁਰਪ੍ਰੀਤ ਕੌਰ ਭੰਗੂ, ਰਾਜ ਧਾਲੀਵਾਲ, ਗੁਰਲੀਨ ਕੰਗ ਪੁਰੇਵਾਲ, ਰਾਣਾ ਜੰਗ ਬਹਾਦਰ, ਭਾਰਤ ਭੂਸ਼ਨ ਵਰਮਾ, ਜਗਦਰਸ਼ਨ ਸਮਰਾ, ਆਦਿ ਕਲਾਕਾਰ ਹਾਜ਼ਰ ਸਨ।

## ਬਾਣੀ ਉਹ ਬੋਲੋ, ਜੋ ਦੂਜੇ ਦੇ ਹਿਰਦੇ ਨੂੰ ਠਾਰ ਦੇਵੇ: ਸਾਧਵੀ ਨਯਨਾ ਭਾਰਤੀ



ਤਰਨਤਾਰਨ (ਪ੍ਰਿਤਪਾਲ ਸਿੰਘ)-ਦਿਵਯ ਜਯੋਤੀ ਜਾਗਰਤੀ ਸੰਸਥਾਨ ਤਰਨ ਤਾਰਨ ਦੁਆਰਾ ਮੁਰਾਦਪੁਰਾ ਅੰਦਰ ਤਿੰਨ ਦਿਨਾ ਅਧਿਆਤਮਿਕ ਪ੍ਰਵਚਨ ਅਤੇ ਭਜਨ ਕੀਰਤਨ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਦੇ ਅੰਦਰ ਪ੍ਰਵਚਨ ਕਰਦੇ ਹੋਏ ਸਾਧਵੀ ਨਯਨਾ ਭਾਰਤੀ ਨੇ ਕਿਹਾ ਕਿ ਪਰਮਾਤਮਾ ਨੇ ਸਾਨੂੰ ਸਭ ਨੂੰ ਇੱਕ ਦੁਰਲੱਭ ਦੇਹ ਬਖਸ਼ੀ ਹੈ ਜਿਸ ਦੀ ਮਹਾਨਤਾ ਦੇ ਬਾਰੇ ਸਾਰੇ ਹੀ ਧਾਰਮਿਕ ਗ੍ਰੰਥਾਂ ਦੇ ਵਿੱਚ ਜ਼ਿਕਰ ਆਉਂਦਾ ਹੈ।ਮਨੁੱਖਾ ਸਰੀਰ ਲਈ ਤਾਂ ਦੇਵੀ ਦੇਵਤੇ ਵੀ ਤਰਸਦੇ ਹਨ। ਉਨ੍ਹਾਂ ਮਨੁੱਖ ਦੀ ਬੋਲ-ਬਾਣੀ ਦੀ ਮਹੱਤਤਾ ਬਾਰੇ ਦੱਸਦਿਆਂ ਕਿਹਾ ਕਿ ਜ਼ੁਬਾਨ 'ਚੋਂ ਹਮੇਸ਼ਾ ਐਸੇ ਬੋਲ, ਐਸੀ ਬਾਣੀ ਬੋਲਣੀ ਚਾਹੀਦੀ ਹੈ ਜਿਸ ਨਾਲ ਸਾਡਾ ਭਵਿੱਖ ਉਜਵਲ ਹੋਵੇ, ਦੂਸਰੇ ਦੇ ਦਿਲ ਨੂੰ ਠੰਡਕ ਮਿਲੇ ਤੇ ਇੰਝ ਹੋਣ ਨਾਲ ਬ੍ਰਹਿਮੰਡੀ ਵਾਤਾਵਰਣ ਪਾਜ਼ੀਟਿਵ ਹੋਵੇਗਾ। ਇਸ ਦਾ ਅਸਰ ਧਰਤੀ ਦੇ ਹਰ ਜੀਵ 'ਤੇ ਉਸਾਰੂ ਤੇ ਲਾਹੇਵੰਦਾ ਹੋਣਾ।ਇੰਝ ਸਾਡਾ ਇਸ ਧਰਤੀ ਦੇ ਉਪਰ ਆਉਣਾ ਵੀ ਸਾਰਥਕ ਹੋ ਜਾਵੇਗਾ।ਪ੍ਰੋਗਰਾਮ ਦੇ ਦੌਰਾਨ ਸਾਧਵੀ ਪਰਮਜੀਤ ਭਾਰਤੀ, ਸਾਧਵੀ ਲਖਵਿੰਦਰ ਭਾਰਤੀ ਅਤੇ ਸਾਧਵੀ ਦੀਪਾ ਭਾਰਤੀ ਨੇ ਸੁੰਦਰ ਭਜਨਾਂ ਦਾ ਗੁਣਗਾਨ ਕੀਤਾ।ਆਈ ਹੋਈ ਸੰਗਤ ਨੂੰ ਅਟੁੱਟ ਲੰਗਰ ਵੀ ਵਰਤਾਇਆ ਗਿਆ।

# ਤੇਜ਼ ਹਵਾਵਾਂ ਤੇ ਭਾਰੀ ਮੀਂਹ ਨੇ ਫਿਰ ਕਿਸਾਨਾਂ ਦੀਆਂ ਆਸਾਂ 'ਤੇ ਪਾਣੀ ਫੇਰਿਆ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਇਸ ਵੇਲੇ ਕਣਕ ਦੀ ਫਸਲ ਖੇਤਾਂ ਵਿੱਚ ਲਗਭਗ ਤਿਆਰ ਹੈ। ਬੀਤੀ ਰਾਤ ਪੰਜਾਬ ਭਰ ਵਿੱਚ ਪਏ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਕਣਕ ਦੀ ਖੜ੍ਹੀ ਫਸਲ ਦਾ ਨੁਕਸਾਨ ਹੋਇਆ ਹੈ ਅਤੇ ਕਈ ਜਗ੍ਹਾ ਕਣਕ ਦੀ ਫਸਲ ਵਿਛ ਕੇ ਧਰਤੀ ਨਾਲ ਲੱਗ ਗਈ ਹੈ।ਮੀਂਹ ਤੇ ਝੱਖੜ ਕਾਰਨ ਖੇਤਾਂ ਵਿੱਚ ਵਿਛੀ ਹੋਈ ਫਸਲ ਨੂੰ ਵੇਖ ਕੇ ਕਿਸਾਨਾਂ ਦੇ ਚਿਹਰੇ ਮੁਰਝਾ ਗਏ।

ਅਗਲੇ 24 ਘੰਟਿਆਂ ਦੌਰਾਨ ਤੇਜ਼ ਰਫਤਾਰੀ ਹਵਾਵਾਂ ਤੇ ਭਾਰੀ ਬਰਸਾਤ ਹੋਣ ਦੀ ਵੀ ਸੰਭਾਵਨਾ ਹੈ ਜਿਸ ਨੂੰ ਲੈ ਕੇ ਕਿਸਾਨਾਂ ਦੇ ਮਨਾਂ ਵਿੱਚ ਹੋਰ ਤਰਥੱਲੀ ਮਚ ਗਈ ਹੈ ਕਿਉਂਕਿ ਕਣਕ ਅਤੇ ਹੋਰ ਫ਼ਸਲਾਂ ਦੇ ਮੁੜ ਨੁਕਸਾਨ ਹੋਣ ਦਾ ਖਤਰਾ ਬਣ ਗਿਆ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਕਣਕ ਦੀ ਫ਼ਸਲ ਅਤੇ ਹੋਰ ਘੱਟ ਪਾਣੀ ਪੀਣ ਵਾਲੀਆਂ ਫ਼ਸਲਾਂ ਨੂੰ ਵਧੇਰੇ ਪਾਣੀ ਦੀ ਲੋੜ ਨਹੀਂ ਹੁੰਦੀ, ਜਿਸ ਕਾਰਨ ਇਹ ਫ਼ਸਲਾਂ ਘੱਟ ਪਾਣੀ ਵਿਚ ਪਲ ਜਾਂਦੀਆਂ ਹਨ, ਪਰ ਹੁਣ ਜਦੋਂ ਕਣਕ ਅਤੇ ਹੋਰ ਫ਼ਸਲਾਂ ਪੱਕਣ ਉਤੇ ਆਈਆਂ ਹੋਈਆਂ ਹਨ ਤਾਂ ਬੇਮੌਸਮੀ ਬਰਸਾਤ, ਤੇਜ਼ ਝੱਖੜ ਅਤੇ ਗੜੇਮਾਰੀ ਨੇ ਕਿਸਾਨਾਂ ਦੇ ਸੁਪਨਿਆਂ ਉਤੇ ਪਾਣੀ ਫੇਰ ਦਿੱਤਾ ਹੈ।

ਕਿਸਾਨਾਂ ਦਾ ਕਹਿਣਾ ਹੈ ਕਿ ਇਕ ਤਾਂ ਪਹਿਲਾਂ ਹੀ ਖੇਤੀ ਖਰਚੇ ਬਹੁਤ ਵੱਧ ਗਏ ਹਨ, ਕੀੜੇਮਾਰ ਦਵਾਈਆਂ ਅਤੇ ਖਾਦਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ, ਦੂਜੇ ਪਾਸੇ ਬੇਮੌਸਮੀ ਬਰਸਾਤ ਕਾਰਨ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ।ਕਿਸਾਨਾਂ ਨੇ ਮੰਗ ਕੀਤੀ ਕਿ ਹਰ ਖੇਤ ਨੂੰ ਇਕਾਈ ਮੰਨ ਦੇ ਖ਼ਰਾਬ ਹੋਈਆਂ ਫ਼ਸਲਾਂ ਦਾ ਮੁਆਵਜ਼ਾ ਦਿੱਤਾ ਜਾਵੇ।

# ਨੌਸ਼ਹਿਰਾ ਢਾਲਾ ਵਿਖੇ ਵਿਸਾਖੀ ਦਾ ਸਾਲਾਨਾ ਜੋੜ ਮੇਲਾ 13-14 ਅਪ੍ਰੈਲ ਨੂੰ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਭਾਰਤ-ਸਰਹੱਦੀ ਪਿੰਡ ਨੌਸ਼ਹਿਰਾ ਢਾਲਾ ਵਿਖੇ ਗੁਰਦੁਆਰਾ ਤਪ ਅਸਥਾਨ ਭਗਤ ਜੱਲਣ ਦਾਸ ਜੀ ਵਿਖੇ ਦੋ ਰੋਜ਼ਾ ਵਿਸਾਖੀ ਦਾ ਸਾਲਾਨਾ ਜੋੜ ਮੇਲਾ 13, 14 ਅਪ੍ਰੈਲ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ।ਮੇਲੇ ਸਬੰਧੀ ਤਿਆਰੀਆਂ ਮੁਕੰਮਲ ਹੋ ਰਹੀਆਂ ਹਨ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਨਿਰਮਲ ਸਿੰਘ ਅਤੇ ਉਘੇ ਸਮਾਜ ਸੇਵਕ ਅਤੇ ਸਰਪੰਚ ਦਵਿੰਦਰ ਸਿੰਘ ਸੰਧੂ ਲਾਲੀ ਢਾਲਾ ਨੇ ਦੱਸਿਆ ਕਿ ਇਸ ਮੇਲੇ ਵਿਚ ਦੇਸ਼ ਵਿਦੇਸ਼ ਤੋਂ ਸੰਗਤਾਂ ਵੱਡੀ ਗਿਣਤੀ ਵਿਚ ਪਹੁੰਚ ਰਹੀਆਂ ਹਨ। ਉਨ੍ਹਾਂ ਕਿਹਾ ਕਿ 13 ਅਪ੍ਰੈਲ ਨੂੰ 20 ਅਖੰਡ ਪਾਠਾਂ ਦੇ ਭੋਗ ਪਾਏ ਜਾਣਗੇ ਉਪਰੰਤ ਦਿਵਾਨ ਸਜਾਏ ਜਾਣਗੇ। 14 ਅਪ੍ਰੈਲ ਨੂੰ ਸਵੇਰੇ ਦਿਵਾਨ ਸਜਾਏ ਜਾਣਗੇ ਅਤੇ ਸ਼ਾਮ ਨੂੰ ਇੰਟਰਨੈਸ਼ਨਲ ਕਬੱਡੀ ਟੀਮਾਂ ਦਰਮਿਆਨ ਕਬੱਡੀ ਦੇ ਮੁਕਾਬਲੇ ਕਰਵਾਏ ਜਾਣਗੇ।ਉਨ੍ਹਾਂ ਸਮੂਹ ਸੰਗਤਾਂ ਨੂੰ ਮੇਲੇ ਦੀਆਂ ਰੌਣਕਾਂ ਨੂੰ ਵਧਾਉਣ ਦੀ ਅਪੀਲ ਕੀਤੀ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਗੁੱਡ ਫਰਾਈਡੇ ਮਨਾਇਆ




ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਗੁੱਡ ਫਰਾਈ ਡੇ ਮਨਾਇਆ ਗਿਆ। ਸਕੂਲ ਦੇ ਬੱਚਿਆਂ ਵੱਲੋਂ ਪ੍ਰਭੂ ਯਿਸੂ ਨੂੰ ਯਾਦ ਕਰਦੇ ਹੋਏ ਪ੍ਰਾਰਥਨਾ ਕੀਤੀ ਗਈ। ਨੌਵੀਂ ਜਮਾਤ ਦੀ ਵਿਦਿਆਰਥਣ ਮੈਲਵੀਜ ਨੇ ਗੁੱਡ ਫਰਾਈ ਡੇ ਦੇ ਇਤਿਹਾਸ ਨੂੰ ਆਪਣੇ ਭਾਸ਼ਣ ਰਾਹੀਂ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਨੌਵੀਂ ਜਮਾਤ ਦੀ ਵਿਦਿਆਰਥਣ ਜੀਆ ਅਤੇ ਸਾਥਣਾਂ ਨੇ ਪ੍ਰਭੂ ਯਿਸੂ ਦੇ ਜੀਵਨ ਸਬੰਧੀ ਗੀਤ ਪੇਸ਼ ਕੀਤਾ। ਪ੍ਰਿੰ. ਕਿਰਨ ਕੇਸਰ ਨੇ ਵਿਦਿਆਰਥੀਆਂ ਨੂੰ ਗੁੱਡ ਫਰਾਈ ਡੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਦਿਨ ਪ੍ਰਭੂ ਯਿਸੂ ਨੂੰ ਰੋਮਨ ਸਿਪਾਹੀਆਂ ਵੱਲੋਂ ਸੂਲੀ 'ਤੇ ਚੜ੍ਹਾਇਆ ਗਿਆ ਸੀ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਗੁੱਡ ਫਰਾਈ ਡੇ ਨੂੰ ਸਮਰਪਿਤ ਮਹਾਨ ਸਲੀਬੀ ਯਾਤਰਾ ਕੱਢੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸੰਤ ਜੌਰਜ ਕੈਥੋਲਿਕ ਚਰਚ ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ ਫਾਦਰ ਰਿਮੋਲਡ ਮਾਰੀਓ ਦੀ ਅਗਵਾਈ ਵਿੱਚ ਪ੍ਰਭੂ ਯਿਸੂ ਮਸੀਹ ਦੀ ਮਹਾਨ ਕੁਰਬਾਨੀ ਨੂੰ ਸਮਰਪਿਤ (ਗੁੱਡ ਫਰਾਈਡੇ) ਸਲੀਬੀ ਯਾਤਰਾ ਡੇਰਾ ਬਾਬਾ ਨਾਨਕ ਦੇ ਬੱਸ ਸਟੈਂਡ, ਮਹਾਰਾਜਾ ਰਣਜੀਤ ਸਿੰਘ ਚੌਂਕ, ਦਾਣਾ ਮੰਡੀ ਅਤੇ ਵੱਖ-ਵੱਖ ਬਾਜ਼ਾਰਾਂ ਦੀ ਪਰਿਕਰਮਾ ਕਰਦੇ ਹੋਏ ਵਾਪਸ ਸੰਤ ਜੌਰਜ ਕੈਥੋਲਿਕ ਚਰਚ ਡੇਰਾ ਬਾਬਾ ਨਾਨਕ ਵਿਖੇ ਸੰਪੰਨ ਹੋਈ।ਇਸ ਮੌਕੇ ਫਾਦਰ ਰਿਮੋਲਡ ਮਾਰੀਓ ਨੇ ਦੱਸਿਆ ਕਿ ਇਸ ਸਲੀਬੀ ਯਾਤਰਾ ਦਾ ਮੁੱਖ ਉਦੇਸ਼ ਇਹ ਹੈ ਕਿ ਇਸ ਦਿਨ ਪ੍ਰਭੂ ਯਿਸੂ ਮਸੀਹ ਨੇ ਮਨੁੱਖਤਾ ਦੇ ਭਲੇ ਲਈ ਆਪਣੇ ਆਪ ਨੂੰ ਸਲੀਬ ਉੱਪਰ ਕੁਰਬਾਨ ਕਰ ਦਿੱਤਾ ਜੋ ਕਿ ਇਨਸਾਨੀਅਤ ਲਈ ਸਭ ਤੋਂ ਵੱਡੀ ਮਹਾਨ ਕੁਰਬਾਨੀ ਹੈ।ਇਸ ਦਿਨ ਨੂੰ ਪੂਰੇ ਸੰਸਾਰ ਵਿੱਚ ਗੁੱਡ ਫਰਾਈਡੇ ਜਾਨੀ ਕਿ ਸ਼ਾਂਤੀ ਦੇ ਪ੍ਰਤੀਕ ਵਜੋਂ ਮਨਾਇਆ ਜਾਂਦਾ ਹੈ।ਇਸ ਮੌਕੇ ਮਹਾਨ ਸਲੀਬੀ ਯਾਤਰਾ ਦੇ ਚੌਂਕ ਰੇਲਵੇ ਸਟੇਸ਼ਨ ਵਿਖੇ ਪੁੱਜਣ ਤੇ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੀ ਧਰਮ ਪਤਨੀ ਮੈਡਮ ਜਤਿੰਦਰ ਕੌਰ ਰੰਧਾਵਾ ਅਤੇ ਮਹਾਰਾਜਾ ਰਣਜੀਤ ਸਿੰਘ ਚੌਂਕ ਡੇਰਾ ਬਾਬਾ ਨਾਨਕ ਵਿਖੇ ਪੁੱਜਣ ਤੇ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਯਾਤਰਾ ਵਿੱਚ ਸਨਮਾਨ ਯੋਗ ਸ਼ਖਸੀਅਤਾਂ ਨੂੰ ਸਿਰਪਾਉ ਸਾਹਿਬ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।ਇਸ ਸਲੀਬੀ ਯਾਤਰਾ ਵਿੱਚ ਧਰਮਕੋਟ ਰੰਧਾਵਾ ਪੈਰਸ ਅਤੇ ਡੇਰਾ ਬਾਬਾ ਨਾਨਕ ਪੈਰਸ ਦੀ ਵੱਡੀ ਗਿਣਤੀ ਵਿੱਚ ਮਸੀਹ ਭਾਈਚਾਰੇ ਦੇ ਲੋਕਾਂ ਨੇ ਭਾਗ ਲਿਆ।ਇਸ ਮੌਕੇ ਫਾਦਰ ਰਿਮੋਲਡ ਮਾਰੀਓ, ਫਾਦਰ ਨੇਵਲ, ਸਿਸਟਰ ਸਾਹਿਬਾਨ, ਮੁਨਾਦ ਭਰਾ ਅਤੇ ਦੋਵਾਂ ਪੈਰਿਸਾਂ ਦੇ ਕਮੇਟੀ ਮੈਂਬਰ ਇਸ ਸਲੀਬੀ ਯਾਤਰਾ ਦੀ ਅਗਵਾਈ ਕਰ ਰਹੇ ਸਨ।

# ਐਕਟਿਵਾ ਸਵਾਰ ਤਿੰਨ ਨੌਜਵਾਨ ਦੋ ਕਿੱਲੋ ਹੈਰੋਇਨ ਸਮੇਤ ਕਾਬੂ, ਇੱਕ ਫਰਾਰ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਜ਼ਿਲ੍ਹਾ ਤਰਨਤਾਰਨ ਦੇ ਐੱਸਐੱਸਪੀ ਅਸ਼ਵਨੀ ਕਪੂਰ ਦੀਆਂ ਹਦਾਇਤਾਂ 'ਤੇ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਸਮਾਜ ਵਿਰੋਧੀ ਨਸ਼ਾ ਤਸਕਰਾਂ ਖ਼ਿਲਾਫ਼ ਸ਼ਿਕੰਜਾ ਕੱਸਦਿਆਂ ਤਿੰਨ ਵਿਅਕਤੀਆਂ ਨੂੰ 2 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ ਜਦਕਿ ਇਨ੍ਹਾਂ ਦਾ ਇੱਕ ਸਾਥੀ ਫਰਾਰ ਦੱਸਿਆ ਜਾ ਰਿਹਾ ਹੈ।ਇਸ ਮੌਕੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਬ-ਡਵੀਜ਼ਨ ਭਿੱਖੀਵਿਡ ਦੇ ਡੀਐੱਸਪੀ ਪ੍ਰੀਤਇੰਦਰ ਸਿੰਘ ਨੇ ਦੱਸਿਆ ਕਿ ਥਾਣਾ ਮੁੱਖੀ ਭਿੱਖੀਵਿੰਡ ਇੰਸਪੈਕਟਰ ਮੋਹਿਤ ਕੁਮਾਰ ਅਤੇ ਏਐੱਸਆਈ ਸੁਰਜੀਤ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਲਿੰਕ ਰੋਡ ਪਿੰਡ ਪਹੂਵਿਡ ਨੇੜੇ ਪੁੱਜੇ ਤਾਂ ਸਾਹਮਣੇ ਤੋਂ ਪਿੰਡ ਦਰਾਜਕੇ ਵਾਲੀ ਸਾਈਡ ਤੋ ਇੱਕ ਐਕਟਿਵਾ ਰੰਗ ਗ੍ਰੇਅ ਉਪਰ ਸਵਾਰ ਦੋ ਮੋਨੇ ਨੌਜਵਾਨ ਵਿਅਕਤੀ ਆਉਦੇ ਦਿਖਾਈ ਦਿੱਤੇ ਜੋ ਪੁਲਸ ਪਾਰਟੀ ਨੂੰ ਦੇਖ ਕੇ ਯਕਦਮ ਬਰੇਕ ਮਾਰ ਕੇ ਪਿੱਛੇ ਨੂੰ ਮੁੜਨ ਲੱਗੇ, ਜਿਨ੍ਹਾਂ ਨੂੰ ਪੁਲਸ ਪਾਰਟੀ ਵੱਲੋਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਐਕਟਿਵਾ ਚਾਲਕ ਨੇ ਆਪਣਾ ਨਾਮ ਅਜੇ ਪੁੱਤਰ ਸੁਖਦੇਵ ਸਿੰਘ ਵਾਸੀ ਵਾਰਡ ਨੰਬਰ 13 ਖੇਮਕਰਨ ਅਤੇ ਪਿੱਛੇ ਬੈਠੇ ਨੌਜਵਾਨ ਨੇ ਆਪਣਾ ਨਾਮ ਅਸ਼ੀਸ਼ ਉਰਫ ਆਸ਼ੂ ਪੁੱਤਰ ਵਿਜੇ ਮਸੀਹ ਵਾਸੀ ਵਾਰਡ ਨੰਬਰ 06 ਖੇਮਕਰਨ ਦੱਸਿਆ ਜਿਸ ਨੇ ਆਪਣੇ ਮੋਢਿਆਂ ਪਰ ਇੱਕ ਕਾਲੇ ਜਾਮਣੀ ਰੰਗ ਦੀ ਕਿੱਟ ਪਾਈ ਹੋਈ ਸੀ। ਜਦੋਂ ਡੀਐੱਸਪੀ ਪ੍ਰੀਤ ਇੰਦਰ ਸਿੰਘ ਭਿੱਖੀਵਿੰਡ ਦੀ ਨਿਗਰਾਨੀ ਹੇਠ ਕਿੱਟ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 2 ਕਿੱਲੋ ਹੈਰੋਇਨ ਬ੍ਰਾਮਦ ਹੋਈ।ਉਨ੍ਹਾਂ ਦੱਸਿਆ ਕਿ ਜਦੋਂ ਉਪਰੋਕਤ ਦੋਵਾਂ ਨੌਜਵਾਨਾਂ ਪਾਸੋਂ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਸ ਵਿੱਚ ਉਨ੍ਹਾਂ ਦਾ ਇੱਕ ਹੋਰ ਸਾਥੀ ਜਿਸ ਦਾ ਨਾਮ ਸਾਜਨ ਉਰਫ਼ ਲੱਕੀ ਪੁੱਤਰ ਬੋਹੜ ਸਿੰਘ ਵਾਸੀ ਵਾਰਡ ਨੰ: 3 ਖੇਮਕਰਨ ਹੈ, ਵੀ ਸ਼ਾਮਿਲ ਹੈ। ਪੁਲਸ ਵੱਲੋਂ ਕੁਝ ਸਮੇਂ ਵਿੱਚ ਉਸ ਨੂੰ ਵੀ ਕਾਬੂ ਕਰ ਲਿਆ ਗਿਆ ਅਤੇ ਇਨ੍ਹਾਂ ਤਿੰਨਾਂ ਨੌਜਵਾਨਾਂ ਦਾ ਇੱਕ ਹੋਰ ਸਾਥੀ ਜਿਸ ਦਾ ਨਾਮ ਬਲਵੀਰ ਸਿੰਘ ਵਾਸੀ ਮਾੜੀ ਉਧੋਕੇ ਅਜੇ ਵੀ ਪੁਲਸ ਦੀ ਗ੍ਰਿਫ਼ਤ 'ਚੋਂ ਬਾਹਰ ਹੈ ਜਿਸ ਦੀ ਗ੍ਰਿਫਤਾਰੀ ਲਈ ਪੁਲਸ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।ਡੀਐੱਸਪੀ ਨੇ ਦੱਸਿਆ ਕਿ ਭਿੱਖੀਵਿੰਡ ਪੁਲਸ ਵੱਲੋਂ ਫੜੇ ਗਏ ਤਿੰਨੋ ਨੌਜਵਾਨਾਂ ਅਤੇ ਫਰਾਰ ਹੋਏ ਇਨ੍ਹਾਂ ਦੇ ਇੱਕ ਹੋਰ ਸਾਥੀ 'ਤੇ ਮੁਕੱਦਮਾ ਨੰਬਰ 31, ਮਿਤੀ 30/03/2024 ਜੁਰਮ 21ਸੀ/29/61/85 ਐਨਡੀਪੀਐੱਸ ਐਕਟ ਅਧੀਨ ਮਾਮਲਾ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਫੜੇ ਗਏ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਕਿਉਂਕਿ ਇਨ੍ਹਾਂ ਪਾਸੋਂ ਕਈ ਹੋਰ ਵੀ ਅਹਿਮ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਹਾਕੀ ਜਗਤ ਨੂੰ ਵੱਡਾ ਘਾਟਾ, ਹਰਚਰਨ ਸਿੰਘ ਸੰਧੂ ਦਾ ਦਿਹਾਂਤ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਹਾਕੀ ਦੇ ਨਾਮਵਰ ਕੌਮਾਂਤਰੀ ਖਿਡਾਰੀ ਹਰਚਰਨ ਸਿੰਘ ਸੰਧੂ ਕਾਲਾ ਘਨੂੰਪੁਰ ਦੀ ਮੌਤ ਹੋਣ ਨਾਲ ਪੂਰੇ ਹਾਕੀ ਜਗਤ ਨੂੰ ਘਾਟਾ ਪਿਆ ਹੈ ਜਿਸ ਨੂੰ ਕਦੇ ਵੀ ਪੂਰਿਆ ਨਹੀਂ ਜਾ ਸਕਦਾ। ਇਹ ਪ੍ਰਗਟਾਵਾ ਹਾਕੀ ਓਲੰਪੀਅਨ ਬਲਵਿੰਦਰ ਸ਼ੰਮੀ ਨੇ ਕੀਤਾ। ਉਨ੍ਹਾਂ ਦੱਸਿਆ ਕਿ ਸੰਧੂ 22 ਮਾਰਚ ਨੂੰ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ।ਉਨ੍ਹਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਕਾਲਾ ਘਨੂੰਪੁਰ ਵਿਖੇ 31 ਮਾਰਚ 2024 ਦਿਨ ਐਤਵਾਰ ਨੂੰ ਪੈਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਛੇਵੀਂ ਪਾਤਸ਼ਾਹੀ ਏ-ਬੀ ਬਲਾਕ ਰਣਜੀਤ ਐਵਿਨਿਊ ਵਿਖੇ ਸਮਾਂ ਇੱਕ ਤੋਂ ਦੋ ਦਪਹਿਰ ਵੇਲੇ ਹੋਵੇਗੀ। ਇਸ ਮੌਕੇ ਡਾਕਟਰ ਅਵਤਾਰ ਸਿੰਘ ਅਮਨਦੀਪ ਹਸਪਤਾਲ, ਡਾ. ਰਵੀ ਮਹਾਜਨ, ਸੀਨੀਅਰ ਪੁਲਸ ਅਧਿਕਾਰੀ ਸੁਖਮਿੰਦਰ ਸਿੰਘ ਮਾਨ, ਡਾ. ਸਾਹਿਲ ਸੰਧੂ, ਨਿਰਮਲ ਸਿੰਘ, ਜਸਵੰਤ ਸਿੰਘ, ਮੇਜਰ ਸਿੰਘ ਧਾਲੀਵਾਲ, ਸੁਖਜੀਤ ਕੌਰ, ਬਖਸ਼ੀਸ਼ ਸਿੰਘ, ਜਗਰੂਪ ਸਿੰਘ, ਕਾਬਲ ਸਿੰਘ ਲਾਲੀ ਔਲਖ ਆਦਿ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# 'ਸ਼ਰਾਬ ਛੱਡੋ' ਪ੍ਰੋਜੈਕਟ ਤਹਿਤ ਸੈਮੀਨਾਰ ਆਯੋਜਿਤ




ਗੁਰਦਾਸਪੁਰ, (ਦਿਨੇਸ਼ ਕੁਮਾਰ)-ਵਾਰਕਹਾਰਟ ਫਾਊਂਡੇਸ਼ਨ ਵੱਲੋਂ ਉਡਾਨ ਐੱਨਜੀਓ ਦੇ ਸਹਿਯੋਗ ਨਾਲ ਸ਼ਰਾਬ ਛੱਡੋ ਪ੍ਰੋਜੈਕਟ ਤਹਿਤ ਬੱਚਿਆਂ ਦਾ ਇਕ ਦਿਨਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਸੇਂਟ ਫਰਾਂਸਿਸ ਕਾਨਵੈਂਟ ਸਕੂਲ ਘਣੀਏ ਕੇ ਬਾਂਗਰ ਵਿਚ ਕਰਵਾਇਆ ਗਿਆ ਜਿਸ ਵਿਚ ਸ਼ਰਾਬ ਨਾਲ ਪੈਣ ਵਾਲੇ ਮਾੜੇ ਪ੍ਰਭਾਵ ਸੰਬੰਧੀ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਬੱਚਿਆਂ ਨੂੰ ਕਿਹਾ ਕਿ ਸ਼ਰਾਬ ਦਾ ਸੇਵਨ ਨਾ ਸਿਰਫ ਸਿਹਤ ਲਈ ਹਾਨੀਕਾਰਕ ਹੁੰਦਾ ਹੈ ਬਲਕਿ ਸ਼ਰਾਬ ਪੀਣ ਵਾਲੇ ਵਿਅਕਤੀ ਦਾ ਸਮਾਜ ਵਿਚ ਨਾਂ ਖਰਾਬ ਹੁੰਦਾ ਹੈ। ਸ਼ਰਾਬ ਨਾ ਸਿਰਫ ਲੀਵਰ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਨੁਕਸਾਨ ਕਰਦੀ ਹੈ ਬਲਕਿ ਹੋਰ ਗੰਭੀਰ ਸਿਹਤ ਮੁਸ਼ਕਲਾਂ ਵੀ ਪੈਦਾ ਕਰ ਸਕਦੀ ਹੈ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਵਿਸ਼ਵ ਵਿਚ 70 ਫੀਸਦੀ ਲੋਕ ਲੀਵਰ ਦੀ ਮੁਸ਼ਕਲ ਨਾਲ ਪੀੜਤ ਹਨ। ਇਸ ਮੌਕੇ ਬੱਚਿਆਂ ਨੂੰ ਜੀਵਨ ਵਿਚ ਕਦੇ ਵੀ ਸ਼ਰਾਬ ਨਾ ਪੀਣ ਦੀ ਸਹੁੰ ਵੀ ਚੁਕਾਈ ਗਈ। ਇਸ ਮੌਕੇ ਸਕੂਲ ਪ੍ਰਿੰ. ਸਿਸਟਰ ਇਲਾਸੀ, ਸਟਾਫ ਅਤੇ ਐੱਨਜੀਓ ਦੇ ਮੈਂਬਰ ਵੀ ਹਾਜ਼ਰ ਸਨ।

# ਤ੍ਰਿਮੋ ਪੱਤਣ ਦੀ ਲੜਾਈ ਦੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ

ਗੁਰਦਾਸਪੁਰ, (ਜਨਕ ਮਹਾਜਨ)-ਹਿਸਟਰੀ ਸੁਸਾਇਟੀ ਗੁਰਦਾਪੁਰ ਵੱਲੋਂ 58 ਬਟਾਲੀਅਨ ਬੀਐੱਸਐੱਫ ਰਾਮਪੁਰ ਠਾਕੁਰਪੁਰ ਦੇ ਸਹਿਯੋਗ ਨਾਲ ਤ੍ਰਿਮੋ ਪੱਤਣ ਦੀ ਲੜਾਈ ਸਬੰਧੀ ਕਮਾਂਡਿਟ ਕਮਲ ਯਾਦਵ ਅਤੇ ਸੁਖਦੇਵ ਬੁਮੀਪਾਲ ਸੈਕੰਡ ਇਨ ਕਮਾਂਡ ਦੀ ਪ੍ਰਧਾਨਗੀ ਹੇਠ ਤ੍ਰਿਮੋ ਪੱਤਣ ਸਮਾਰੋਹ ਠਾਕੁਰਪੁਰ ਦੇ ਐਲੀਮੈਂਟਰੀ ਸਕੂਲ ਵਿਚ ਕਰਵਾਇਆ ਗਿਆ। ਪ੍ਰੋ. ਰਾਜ ਕੁਮਾਰ ਸ਼ਰਮਾ ਨੇ ਇਸ ਭੁੱਲੇ ਇਤਿਹਾਸ ਤੋਂ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਤ੍ਰਿਮੋ ਪੱਤਣ ਦੀ ਲੜਾਈ ਸਿਆਲਕੋਟ (ਮੌਜੂਦਾ ਪਾਕਿਸਤਾਨ) ਦੀਆਂ ਬਾਗੀ ਪਲਟਨਾਂ ਅਤੇ ਅੰਗਰੇਜ਼ੀ ਸੈਨਾਵਾਂ ਵਿਚਕਾਰ 12 ਜੁਲਾਈ ਤੋਂ 16 ਜੁਲਾਈ 1857 ਨੂੰ ਮੌਜੂਦਾ ਮਿਲਟਰੀ ਕੰਪਨਿੰਗ ਗਰਾਊਂਡ ਦੇ ਨਜ਼ਦੀਕ ਤ੍ਰਿਮੋ ਪੱਤਣ ਕੋਲ ਲੜੀ ਗਈ। ਸੈਂਕੜੇ ਬਾਗੀ ਸੈਨਿਕ, ਔਰਤਾਂ ਅਤੇ ਬੱਚੇ ਬਹਾਦੁਰੀ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਸਨ। ਇਸ ਮੌਕੇ ਪ੍ਰੋ. ਰਮੇਸ਼ ਕੁਮਾਰ, ਦਿਲਬਾਗ ਲਾਲੀ, ਰਾਜੀਵ ਦੱਤਾ, ਸਰਪੰਚ ਸੁਰਿੰਦਰ ਲਾਲ, ਮਨਜੀਤ ਸਿੰਘ, ਸਕਲ ਵਿਦਿਆਰਥੀਆਂ ਤੋਂ ਇਲਾਵਾ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ। ਇਸ ਮੌਕੇ ਪ੍ਰੋ. ਐੱਸ. ਐਸ. ਚੌਹਾਨ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਮੰਚ ਸੰਚਾਲਨ ਵੀ ਕੀਤਾ। ਪ੍ਰੋ. ਕੁਲਦੀਪ ਸ਼ਰਮਾ ਨੇ ਸਾਰਿਆਂ ਦਾ ਧੰਨਵਾਦ ਕੀਤਾ।




# ਬਾਬਾ ਅਜੈ ਸਿੰਘ ਖਾਲਸਾ ਸਕੂਲ 'ਚ ਨਵੇਂ ਵਿੱਦਿਅਕ ਸੈਸ਼ਨ ਦੀ ਆਰੰਭਤਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਸੰਸਥਾ ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਆਰੰਭਤਾ ਸਬੰਧੀ ਸਮਾਗਮ ਹੋਇਆ। ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਦੀ ਅਗਵਾਈ ਹੇਠ ਕਰਵਾਏ ਸਮਾਗਮ ਵਿੱਚ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀਆਂ ਦੁਆਰਾ ਸੰਗਤੀ ਰੂਪ ਵਿੱਚ ਸ੍ਰੀ ਸੁਖਮਨੀ ਸਾਹਿਬ ਅਤੇ ਸ੍ਰੀ ਅਨੰਦ ਸਾਹਿਬ ਜੀ ਦੇ ਪਾਠ ਕੀਤੇ ਗਏ ਅਤੇ ਉਪਰੰਤ ਸਕੂਲ ਦੀ ਚੜ੍ਹਦੀਕਲਾਂ ਲਈ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਸਰਬਜੀਤ ਕੌਰ ਨੇ ਨਵੇਂ ਵਿੱਦਿਅਕ ਸੈਸਨ ਵਿੱਚ ਵਿਦਿਆਰਥੀਆਂ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਵਿਦਿਆਰਥੀ ਦਾ ਮੁੱਢਲਾ ਫਰਜ਼ ਆਪਣੇ ਆਧਿਆਪਕਾਂ ਦਾ ਆਦਰ-ਸਤਿਕਾਰ ਕਰਨਾ ਅਤੇ ਉੱਚ ਵਿੱਦਿਆ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਅਤੇ ਆਪਣੇ ਸਕੂਲ ਦਾ ਨਾਮ ਰੌਸ਼ਨ ਕਰਨਾ ਹੈ। ਇਸ ਸਮੇਂ ਸਕੂਲ ਦੇ ਧਾਰਮਿਕ ਅਧਿਆਪਕ ਅੰਮ੍ਰਿਤਦੀਪ ਸਿੰਘ, ਲੇਖਾਕਾਰ ਗੁਰਨਾਮ ਸਿੰਘ, ਅਮਰੀਕ ਸਿੰਘ ਲੇਹਲ ਸਮੇਤ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਬੇਟ ਇਲਾਕੇ ਦੀਆਂ ਸੰਪਰਕ ਸੜਕਾਂ ਦਾ ਮੰਦੜਾ ਹਾਲ!



ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਦੇ ਬੇਟ ਅਤੇ ਦਿਹਾਤੀ ਖੇਤਰ ਦੀਆਂ ਸੰਪਰਕ ਸੜਕਾਂ ਦੀ ਹਾਲਤ ਬੇਹੱਦ ਖਸਤਾ ਹੋਈ ਪਈ ਹੈ ਅਤੇ ਇਸ ਪਾਸੇ ਮੰਡੀ ਬੋਰਡ ਅਤੇ ਲੋਕ ਨਿਰਮਾਣ ਵਿਭਾਗ ਦਾ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਸਰਕਾਰ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਸ ਸਬੰਧੀ ਇਲਾਕੇ ਦੇ ਸਰਪੰਚਾਂ, ਪੰਚਾਂ ਅਤੇ ਸਮਾਜ ਸੇਵੀ ਜਥੇਬੰਦੀਆਂ ਦੇ ਆਗੂਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗਾਜੀਕੋਟ ਤੋਂ ਪੁਲ ਤਿੱਬੜੀ, ਪੁਲ ਤਿੱਬੜੀ ਤੋਂ ਪਿੰਡ ਗੁੰਝੀਆਂ, ਪੁਲ ਤਿੱਬੜੀ ਤੋਂ ਮਾਨ ਚੋਪੜਾ ਅਤੇ ਹੋਰ ਅਨੇਕਾਂ ਪਿੰਡਾਂ ਨੂੰ ਜਾਣ ਵਾਲੀਆਂ ਸੰਪਰਕ ਸੜਕਾਂ ਵਿਚ ਡੂੰਘੇ-ਡੂੰਘੇ ਟੋਏ ਪੈਣ ਕਾਰਨ ਆਵਾਜਾਈ ਕਾਫ਼ੀ ਪ੍ਰਭਾਵਿਤ ਹੋ ਰਹੀ ਹੈ ਜਿਸ ਨਾਲ ਲੋਕ ਕਾਫ਼ੀ ਪ੍ਰੇਸ਼ਾਨ ਹੋ ਰਹੇ ਹਨ। ਸੜਕਾਂ ਦੀ ਹਾਲਤ ਖਸਤਾ ਹੋਣ ਕਾਰਨ ਨਿੱਤ ਹਾਦਸੇ ਵਾਪਰਦੇ ਰਹਿੰਦੇ ਹਨ। ਲੋਕਾਂ ਨੇ ਮੰਗ ਕੀਤੀ ਕਿ ਸੰਬੰਧਿਤ ਵਿਭਾਗ ਤੇ ਮੰਡੀ ਬੋਰਡ ਨੂੰ ਤੁਰੰਤ ਸੜਕਾਂ ਠੀਕ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣ।

## 5 ਲੋੜਵੰਦ ਲੜਕੀਆਂ ਦੇ ਆਨੰਦ ਕਾਰਜ ਅੱਜ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਇਥੋਂ ਨਜ਼ਦੀਕੀ ਪਿੰਡ ਚੰਨਣ ਕੇ ਵਿਖੇ ਅੱਜ 31 ਮਾਰਚ ਦਿਨ ਐਤਵਾਰ ਨੂੰ ਐਨ, ਆਰ, ਆਈ ਸੁਖਰਾਜ ਸਿੰਘ ਰੰਧਾਵਾ ਅਤੇ ਵਾਰਿਸ ਬਲਿਹਾਰ ਸਿੰਘ ਰੰਧਾਵਾ ਨੇ ਆਪਣੇ ਬਜੁਰਗਾਂ ਦੀ ਯਾਦ ਵਿੱਚ ਪਿੰਡ ਚੰਨਣਕੇ ਵਿੱਚ ਪੰਜ ਲੋੜਵੰਦ ਲੜਕੀਆਂ ਦੇ ਆਨੰਦ ਕਾਰਜਾਂ ਦੀ ਸੇਵਾ ਲਈ ਹੈ। ਪੱਤਰਕਾਰਾ ਨਾਲ ਗੱਲ ਬਾਤ ਕਰਦਿਆਂ ਹੋਇਆਂ ਸੁਖਰਾਜ ਸਿੰਘ ਰੰਧਾਵਾ ਐਨ, ਆਰ, ਆਈ, ਅਤੇ ਵਾਰਿਸ ਬਲਿਹਾਰ ਸਿੰਘ ਰੰਧਾਵਾ ਐਨ, ਆਰ ਆਈ, ਨੇ ਕਿਹਾ ਕਿ ਲੋੜਵੰਦਾਂ ਲੜਕੀਆਂ ਨੂੰ ਘਰ ਵਰਤਨ ਵਾਲਾ ਕੁਝ ਸਮਾਨ ਵੀ ਦਿੱਤਾ ਜਾਵੇਗਾ। ਅਤੇ ਆਈਆਂ ਸੰਗਤਾਂ ਨੂੰ ਗੁਰੂ ਜੀ ਦੇ ਲੰਗਰ ਆਤੁਟ ਵਰਤੇਗਾ। ਇਲਾਕੇ ਦੀਆਂ ਸਮੂਹ ਮੋਹਤਬਰ ਹਾਜਰੀਆ ਭਰਨਗੇ।

## ਮਾਤਾ ਹਰਮੇਸ਼ ਕੌਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸੇਵਾਮੁਕਤ ਕਰਮਚਾਰੀ ਐਸੋਸੀਏਸ਼ਨ ਨੇ ਪਰਮਜੀਤ ਸਿੰਘ ਬਾਜਵਾ ਸਾਬਕਾ ਵਧੀਕ ਮੈਨੇਜਰ ਸ੍ਰੀ ਦਰਬਾਰ ਸਾਹਿਬ ਦੀ ਮਾਤਾ ਸਰਦਾਰਨੀ ਹਰਮੇਸ਼ ਕੌਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਗਹਿਰੇ ਦੁੱਖ ਤੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ। ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ ਅਤੇ ਸਮੂਹ ਅਹੁਦੇਦਾਰਾਂ ਨੇ ਪਰਮਜੀਤ ਸਿੰਘ ਬਾਜਵਾ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਰੱਬ ਦਾ ਦੂਜਾ ਰੂਪ ਮਾਂ ਹੈ। ਇਹ ਘਾਟਾ ਪੂਰਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿੰਡ ਅਵਾਣ, ਨੇੜੇ ਧਾਰੀਵਾਲ ਜ਼ਿਲ੍ਹਾ ਗੁਰਦਾਸਪੁਰ ਵਿਖੇ 6 ਅਪ੍ਰੈਲ ਨੂੰ ਮਾਤਾ ਹਰਮੇਸ਼ ਕੌਰ ਦੇ ਨਮਿਤ ਅੰਤਿਮ ਅਰਦਾਸ ਸਮਾਗਮ ਹੋਵੇਗਾ।

## ਸਰਕਾਰੀ ਪ੍ਰਾਇਮਰੀ ਸਕੂਲ ਖੋਖਰ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਸਰਕਾਰੀ ਪ੍ਰਾਇਮਰੀ ਸਕੂਲ ਖੋਖਰ (ਬਲਾਕ ਗੁਰਦਾਸਪੁਰ-1) ਵਿੱਚ ਮਾਪੇ ਅਧਿਆਪਕ ਮਿਲਣੀ ਹੋਈ। ਸਕੂਲ ਵਿੱਚ ਹੋਏ ਸਮਾਗਮ ਦੌਰਾਨ ਨਰਸਰੀ, ਐੱਲਕੇਜੀ, ਯੂਕੇਜੀ, ਪਹਿਲੀ ਤੋਂ ਚੌਥੀ ਜਮਾਤ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਆਏ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਸੰਬੰਧੀ ਸਕੂਲ ਦੇ ਮੁੱਖ ਅਧਿਆਪਕ ਕੁਲਦੀਪ ਸਿੰਘ ਨੇ ਦੱਸਿਆ ਕਿ ਚੌਥੀ ਜਮਾਤ ਵਿੱਚੋਂ ਸਿਮਰਨ, ਅਰਮਾਨਪ੍ਰੀਤ ਅਤੇ ਅਭਿਜੋਤ ਨੇ ਪਹਿਲਾ ਦੂਜਾ ਅਤੇ ਤੀਜਾ ਸਥਾਨ, ਤੀਜੀ ਜਮਾਤ ਵਿੱਚੋਂ ਤਮੰਨਾ ਨੇ ਪਹਿਲਾ, ਦੂਜੀ ਜਮਾਤ ਵਿੱਚੋਂ ਐਂਜਲਾ, ਆਲੀਆ, ਰਾਧਿਕਾ ਨੇ ਪਹਿਲਾ ਦੂਜਾ ਅਤੇ ਤੀਜਾ ਸਥਾਨ, ਪਹਿਲੀ ਜਮਾਤ ਵਿੱਚੋਂ ਦਕਸ਼ ਨੇ ਪਹਿਲਾ, ਐੱਲਕੇਜੀ ਵਿੱਚੋਂ ਜੋਨਾਥਨ, ਯੂਕੇਜੀ ਵਿੱਚੋਂ ਏਕਮਰੀਤ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਏਸੇ ਤਰ੍ਹਾਂ ਖੇਡਾਂ ਅਤੇ ਵਿੱਦਿਅਕ ਮੁਕਾਬਲਿਆਂ ਵਿੱਚ ਜੇਤੂ ਰਹੇ ਵਿਦਿਆਰਥੀਆਂ ਥੋਮਸ, ਪ੍ਰਿਆ ਅਤੇ ਹਰਮਨ ਨੂੰ ਵੀ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਰਜਨੀ, ਆਸ਼ਾ ਰਾਣੀ ਈਟੀਟੀ ਅਧਿਆਪਕਾ, ਹਰਮੀਤ ਕੌਰ ਈਟੀਟੀ ਆਧਿਆਪਕਾ, ਅਮਨਦੀਪ ਕੌਰ ਅਧਿਆਪਕਾ, ਸੁਮਨ ਬਾਲਾ, ਸੈਲੀ, ਪ੍ਰਭਜੀਤ ਕੌਰ, ਅਮਰਜੀਤ, ਅਨੂੰ ਬਾਲਾ, ਸ਼ਿਵਾਨੀ, ਕਮਲਜੀਤ ਆਦਿ ਸਮੇਤ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਮੋਹਿਤ ਅਰੋੜਾ ਸੋਸ਼ਲ ਮੀਡੀਆ ਤੇ ਅਵਤਾਰ ਢਿੱਲੋਂ ਪ੍ਰੈੱਸ ਮੀਡੀਆ ਇੰਚਾਰਜ ਬਣੇ



ਪੱਟੀ (ਸ਼ਮਸ਼ੇਰ ਸਿੰਘ ਯੋਧਾ, ਬਲਦੇਵ ਸਿੰਘ ਸੰਧੂ)-ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸੀਨੀਅਰ ਪੱਤਰਕਾਰ ਮੋਹਿਤ ਅਰੋੜਾ ਪੱਟੀ ਨੂੰ ਆਪਣਾ ਸੋਸ਼ਲ ਮੀਡੀਆ ਇੰਚਾਰਜ ਅਤੇ ਅਵਤਾਰ ਸਿੰਘ ਢਿੱਲੋਂ ਨੂੰ ਪ੍ਰੈੱਸ ਮੀਡੀਆ ਇੰਚਾਰਜ ਨਿਯੁਕਤ ਕੀਤਾ। ਆਪਣੇ ਦਫਤਰ ਵਿਖੇ ਜਾਣਕਾਰੀ ਦਿੰਦੇ ਹੋਏ ਮੰਤਰੀ ਭੁੱਲਰ ਨੇ ਕਿਹਾ ਕਿ ਮੋਹਿਤ ਅਰੋੜਾ ਅਤੇ ਅਵਤਾਰ ਸਿੰਘ ਢਿੱਲੋਂ ਪਿਛਲੇ ਕਈ ਸਾਲਾਂ ਤੋਂ ਪਾਰਟੀ ਪ੍ਰਤੀ ਵਫਾਦਾਰੀ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਸਨ ਜਿਸ ਕਾਰਨ ਉਨ੍ਹਾਂ ਦੀ ਮਿਹਨਤ ਨੂੰ ਦੇਖਦੇ ਹੋਏ ਇਹ ਨਿਯੁਕਤੀ ਕੀਤੀ ਗਈ ਹੈ।ਬੀਜੇਪੀ ਨੂੰ ਕਰੜੇ ਹੱਥੀਂ ਲੈਂਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਦੀ ਚੋਣ ਈਡੀ ਲੜ ਰਹੀ ਹੈ। ਲੋਕਤੰਤਰ ਦਾ ਘਾਣ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਦੇਸ਼ ਅਤੇ ਵਿਦੇਸ਼ ਵਿਚੋਂ ਮਿਲ ਰਿਹਾ ਪਿਆਰ ਭਾਜਪਾ ਲਈ ਸਿਰਦਰਦ ਬਣਿਆ ਹੋਇਆ ਹੈ। ਉਨ੍ਹਾਂ ਨੂੰ ਪਤਾ ਚੱਲ ਗਿਆ ਹੈ ਕਿ ਆਮ ਆਦਮੀ ਪਾਰਟੀ ਹੀ ਅਜਿਹੀ ਪਾਰਟੀ ਹੈ ਜੋ ਭਾਜਪਾ ਨੂੰ ਸੱਤਾ ਤੋਂ ਬਾਹਰ ਦਾ ਰਸਤਾ ਦਿਖਾ ਸਕਦੀ ਹੈ, ਇਸ ਕਰਕੇ ਅਰਵਿੰਦ ਕੇਜਰੀਵਾਲ ਉਤੇ ਝੂਠੇ ਕੇਸ ਪਾ ਕੇ ਉਨ੍ਹਾਂ ਦਾ ਅਕਸ ਖਰਾਬ ਕੀਤਾ ਜਾ ਰਿਹਾ ਹੈ।ਇਸ ਮੌਕੇ ਨਵ-ਨਿਯੁਕਤ ਸੋਸ਼ਲ ਮੀਡੀਆ ਇੰਚਾਰਜ ਮੋਹਿਤ ਅਰੋੜਾ ਪੱਟੀ ਅਤੇ ਅਵਤਾਰ ਢਿੱਲੋਂ ਨੇ ਕਿਹਾ ਕਿ ਉਹ ਧੰਨਵਾਦੀ ਹਨ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਅਤੇ ਮੰਤਰੀ ਭੁੱਲਰ ਦੇ ਜਿਨ੍ਹਾਂ ਉਸਨੂੰ ਇਸ ਕਾਬਿਲ ਸਮਝਿਆ। ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਪਾਰਟੀ ਵਲੋਂ ਦਿੱਤੀ ਗਈ ਹੈ ਉਹ ਉਸਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਦਿਲਬਾਗ ਸਿੰਘ ਪੀ ਏ, ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਨਗਰ ਕੌਂਸਲ ਪ੍ਰਧਾਨ ਹੀਰਾ ਭੁੱਲਰ, ਸੁੱਖ ਬਾਠ ਬਲਾਕ ਪ੍ਰਧਾਨ ਸੋਸ਼ਲ ਮੀਡੀਆ, ਪਲਵਿੰਦਰ ਸਿੰਘ ਭੋਲਾ ਰਾੜੀਆ, ਗੁਰਪ੍ਰਤਾਪ ਸਿੰਘ ਲਾਡੀ ਬੁਰਜ, ਸ਼ਮਸ਼ੇਰ ਸਿੰਘ ਉੱਪਲ ਫਰਨੀਚਰ ਵਾਲੇ, ਰਾਜ ਕੁਮਾਰ ਅਰੋੜਾ, ਸੁਖਚੈਨ ਸਿੰਘ, ਵਿਨੋਦ ਕੁਮਾਰ ਖੰਨਾ, ਸ਼ਹਿਰੀ ਪ੍ਰਧਾਨ ਵਿਪਨ ਕੁਮਾਰ ਆਦਿ ਹਾਜ਼ਰ ਸਨ।

# ਸੀ ਆਈ ਏ ਸਟਾਫ਼ ਵੱਲੋਂ ਅਫੀਮ ਤੇ ਹੈਰੋਇਨ ਸਮੇਤ ਤਿੰਨ ਕਾਬੂ



**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਨਵਨੀਤ ਸਿੰਘ ਬੈਂਸ ਵੱਲੋਂ ਨਸ਼ਾ ਸਮਗਲਰਾਂ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਚਲਾਈ ਗਈ ਮੁਹਿੰਮ ਤਹਿਤ ਐੱਸ ਪੀ ਮਨਵਿੰਦਰ ਵੀਰ ਸਿੰਘ, ਐੱਸ ਪੀ ਪਰਮਿੰਦਰ ਸਿੰਘ ਤੇ ਡੀ ਐੱਸ ਪੀ ਜਸਯੋਤ ਸਿੰਘ ਦੀ ਪੁਲਸ ਪਾਰਟੀ ਦੇ ਸੀ ਆਈ ਏ ਸਟਾਫ ਦੇ ਮੁੱਖ ਅਫਸਰ ਇੰਸਪੈਕਟਰ ਕਿੱਕਰ ਸਿੰਘ ਤੇ ਏ ਐੱਸ ਆਈ ਸੁਖਦੇਵ ਸਿੰਘ ਨੂੰ ਮੁਖਬਰ ਦੀ ਇਤਲਾਹ ਦੇ ਅਧਾਰ 'ਤੇ ਪਤਾ ਲੱਗਾ ਕਿ ਗੁਰਜੰਟ ਸਿੰਘ ਤੇ ਹਰਚੰਦ ਸਿੰਘ ਬਾਹਰਲੀਆਂ ਸਟੇਟਾਂ ਤੋਂ ਅਫ਼ੀਮ ਲਿਆ ਕੇ ਜਗਰਾਉਂ ਏਰੀਏ ਵਿੱਚ ਵੇਚਣ ਦਾ ਕੰਮ ਕਰਦੇ ਹਨ। ਇਹ ਦੋਨੋਂ ਆਪਣੀ ਸਵਿੱਫਟ ਕਾਰ ਵਿੱਚ ਸਵਾਰ ਹੋ ਕੇ ਅਫੀਮ ਵੇਚਣ ਲਈ ਧਰਮਕੋਟ ਤੋਂ ਜਗਰਾਉਂ ਵਿੱਚ ਆ ਰਹੇ ਹਨ। ਪੁਲਸ ਨੇ ਅਮਰਗੜ੍ਹ ਕਲੇਰ ਪਿੰਡ ਵਿੱਚ ਨਾਕਾਬੰਦੀ ਕੀਤੀ। ਨਾਕਾਬੰਦੀ ਦੌਰਾਨ ਦੋਨਾਂ ਨੂੰ ਰੋਕ ਕੇ ਜਦ ਕਾਰ ਦੀ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 2 ਕਿਲੋਗ੍ਰਾਮ ਅਫੀਮ ਬਰਾਮਦ ਹੋਈ। ਪੁਲਸ ਨੇ ਬਣਦੀ ਕਾਰਵਾਈ ਕਰਕੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸੇ ਤਰ੍ਹਾਂ ਏ ਐੱਸ ਆਈ ਧਰਮਿੰਦਰ ਸਿੰਘ ਆਪਣੀ ਪੁਲਸ ਪਾਰਟੀ ਨਾਲ ਸ਼ੱਕੀ ਪੁਰਸ਼ਾਂ ਦੇ ਸੰਬੰਧ ਵਿੱਚ ਜਗਰਾਉਂ ਤੋਂ ਸਿੱਧਵਾਂ ਬੇਟ ਵੱਲ ਜਾ ਰਹੇ ਸਨ। ਜਦ ਸਿੱਧਵਾਂ ਬੇਟ ਨਹਿਰ ਕੋਲ ਪੁੱਜੇ ਤਾਂ ਸਿੱਧਵਾਂ ਬੇਟ ਸਾਈਡ ਤੋਂ ਇੱਕ ਮੋਨਾ ਨੌਜਵਾਨ ਮੋਟਰਸਾਈਕਲ 'ਤੇ ਆਉਂਦਾ ਦਿਖਾਈ ਦਿੱਤਾ। ਪੁਲਸ ਪਾਰਟੀ ਨੂੰ ਦੇਖ ਕੇ ਇਕਦਮ ਘਬਰਾ ਕੇ ਉਸ ਨੇ ਆਪਣਾ ਮੋਟਰਸਾਈਕਲ ਨਹਿਰ ਦੀ ਪਟੜੀ ਵੱਲ ਨੂੰ ਮੋੜਿਆ ਤਾਂ ਸਲਿਪ ਹੋਣ ਕਰਕੇ ਉਹ ਡਿੱਗ ਪਿਆ। ਪੁਲਸ ਪਾਰਟੀ ਨੂੰ ਸ਼ੱਕ ਹੋਣ 'ਤੇ ਉਸ ਨੂੰ ਕਾਬੂ ਕੀਤਾ ਤੇ ਜਦ ਉਸ ਦਾ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਬਲਜਿੰਦਰ ਸਿੰਘ ਦੱਸਿਆ। ਪੁਲਸ ਪਾਰਟੀ ਨੇ ਜਦ ਉਸ ਦੀ ਅਤੇ ਉਸ ਦੇ ਮੋਟਰਸਾਈਕਲ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਬਣਦੀ ਕਾਰਵਾਈ ਕਰਕੇ ਬਲਜਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਤੇ ਅੱਗੇ ਮਾਮਲੇ ਦੀ ਛਾਣਬੀਣ ਕੀਤੀ ਜਾ ਰਹੀ ਹੈ।

## ਡੀ ਸੀ ਵੱਲੋਂ ਪੈਰਾ ਟੀਟੀ ਅੰਤਰਰਾਸ਼ਟਰੀ ਖਿਡਾਰੀ ਸ਼ੁਭਮ ਦੀ ਸ਼ਲਾਘਾ

### *ਪੈਰਾਲੰਪਿਕ 'ਚ ਯੋਗਤਾ ਦੀ ਤਿਆਰੀ ਲਈ ਹਰ ਸੰਭਵ ਸਹਿਯੋਗ ਦਾ ਦਿੱਤਾ ਭਰੋਸਾ*

**ਲੁਧਿਆਣਾ (ਜੱਸਦੀਪ ਵਰਤੀਆ)**-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਥਾਨਕ ਸ਼ਾਮ ਨਗਰ ਦੇ ਪੈਰਾ ਟੇਬਲ ਟੈਨਿਸ ਅੰਤਰਰਾਸ਼ਟਰੀ ਖਿਡਾਰੀ ਸ਼ੁਭਮ ਵਧਵਾ ਦੀ ਖੇਡ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਦੇਸ਼ ਤੇ ਪੰਜਾਬ ਸੂਬੇ ਦਾ ਨਾਮ ਰੌਸ਼ਨ ਕਰਨ ਲਈ ਸ਼ਲਾਘਾ ਕੀਤੀ ਗਈ।ਸ਼ੁਭਮ ਵਧਵਾ ਨੇ ਅਲਟੀਮੇਟ ਟੇਬਲ ਟੈਨਿਸ (ਯੂ.ਟੀ.ਟੀ.) ਪੈਰਾ ਟੇਬਲ ਟੈਨਿਸ ਨੈਸ਼ਨਲ ਚੈਂਪੀਅਨਸ਼ਿਪ 2023-24 ਵਿੱਚ ਮਿਕਸਡ ਡਬਲਜ਼, ਪੁਰਸ਼ ਡਬਲਜ਼ ਤੇ ਪੁਰਸ਼ ਸਿੰਗਲ ਕਲਾਸ-3 ਵਰਗ ਵਿੱਚ ਤਿੰਨ ਸੋਨ ਤਮਗੇ ਜਿੱਤੇ ਹਨ।

ਉਨ੍ਹਾਂ ਵੱਖ-ਵੱਖ ਅੰਤਰਰਾਸ਼ਟਰੀ ਪੈਰਾ ਟੇਬਲ ਟੈਨਿਸ ਚੈਂਪੀਅਨਸ਼ਿਪਾਂ ਵਿੱਚ ਦੇਸ਼ ਦੀ ਪ੍ਰਤੀਨਿਧਤਾ ਕਰਦੇ ਹੋਏ ਤਮਗੇ ਵੀ ਜਿੱਤੇ ਹਨ।ਖੰਨਾ ਦੇ ਐੱਸ.ਐੱਸ.ਪੀ. ਅਮਨੀਤ ਕੌਂਡਲ ਦੇ ਨਾਲ ਡਿਪਟੀ ਕਮਿਸ਼ਨਰ ਨੇ ਸ਼ੁਭਮ ਨੂੰ ਆਪਣੇ ਦਫ਼ਤਰ ਵਿੱਚ ਵਧਾਈ ਦਿੰਦਿਆਂ ਕਿਹਾ ਕਿ ਸ਼ੁਭਮ ਨੇ ਆਪਣੇ ਯਾਦਗਾਰੀ ਪ੍ਰਦਰਸ਼ਨ ਨਾਲ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ ਤੇ ਪੈਰਾਲੰਪਿਕ-2024 ਵਿੱਚ ਕੁਆਲੀਫਾਈ ਕਰਨ ਲਈ ਉਸ ਨੂੰ ਸ਼ੁਭ-ਕਾਮਨਾਵਾਂ ਵੀ ਦਿੱਤੀਆਂ।

ਡਿਪਟੀ ਕਮਿਸ਼ਨਰ ਸਾਹਨੀ ਨੇ ਸ਼ੁਭਮ ਨੂੰ ਹਰ ਸੰਭਵ ਮਦਦ ਦੀ ਪੇਸ਼ਕਸ਼ ਵੀ ਕੀਤੀ ਤੇ ਕਿਹਾ ਕਿ ਪ੍ਰਸ਼ਾਸਨ ਨੇ ਦਿਵਿਆਂਗ ਵੋਟਰਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਮਹੱਤਤਾ ਬਾਰੇ ਜਾਗਰੂਕ ਕਰਨ ਲਈ ਉਸ ਨੂੰ ਦਿਵਿਆਂਗ ਜ਼ਿਲ੍ਹਾ ਆਈਕਨ ਵਜੋਂ ਨਿਯੁਕਤ ਕੀਤਾ ਹੈ।ਸ਼ੁਭਮ ਨੇ ਵੱਡਮੁੱਲੇ ਸਨਮਾਨ ਲਈ ਡਿਪਟੀ ਕਮਿਸ਼ਨਰ ਦਾ ਦਿਲੋਂ ਧੰਨਵਾਦ ਕੀਤਾ।

# ਧਾਗਾ ਫੈਕਟਰੀ 'ਚ ਭਿਆਨਕ ਅੱਗ ਲੱਗਣ ਨਾਲ ਭਾਰੀ ਨੁਕਸਾਨ



ਫੈਕਟਰੀ 'ਚ ਅੱਗ ਲੱਗਣ ਕਾਰਨ ਨੁਕਸਾਨਿਆ ਗਿਆ ਸਾਮਾਨ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਕੂੰਮ ਖੁਰਦ ਵਿਖੇ ਸ਼ੁੱਕਰਵਾਰ ਤੜਕੇ ਧਾਗੇ ਦੀ ਵਿੰਨੀਗ ਇੰਡਸਟਰੀ ਵਿੱਚ ਭਿਆਨਕ ਅੱਗ ਲੱਗਣ ਨਾਲ ਭਾਰੀ ਆਰਥਿਕ ਨੁਕਸਾਨ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇੰਡਸਟਰੀ ਦੇ ਮਾਲਕ ਕੁਨਾਲ ਅਰੋੜਾ ਤੇ ਹਿਮਾਂਸ਼ੂ ਗੁਪਤਾ ਨੇ ਦੱਸਿਆ ਕਿ ਸ਼ੁੱਕਰਵਾਰ ਤੜਕੇ 4 ਵਜੇ ਮਿੱਲ ਵਿੱਚ ਤਾਇਨਾਤ ਸਕਿਉਰਿਟੀ ਗਾਰਡ ਨੇ ਗੁਦਾਮ 'ਚੋਂ ਧੂੰਆਂ ਨਿਕਲਦਾ ਦੇਖਿਆ ਤਾਂ ਉੱਥੇ ਅੱਗ ਲੱਗੀ ਹੋਈ ਸੀ। ਇਸ ਅੱਗ ਲੱਗਣ 'ਤੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ ਗਿਆ, ਜਿਨ੍ਹਾਂ ਨੇ ਆ ਕੇ ਅੱਗ ਬੁਝਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ। ਲੁਧਿਆਣਾ, ਸਮਰਾਲਾ, ਦੋਰਾਹਾ ਤੇ ਖੰਨਾ ਤੋਂ ਕਰੀਬ 11 ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅੱਗ ਬੁਝਾਉਣ 'ਤੇ ਲੱਗੀਆਂ ਰਹੀਆਂ, ਜਿਨ੍ਹਾਂ ਬੜੀ ਮੁਸ਼ੱਕਤ ਨਾਲ ਇਸ ਉੱਪਰ ਕਾਬੂ ਪਾਇਆ। ਫੈਕਟਰੀ ਮਾਲਕਾਂ ਅਨੁਸਾਰ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ, ਪਰ ਭਾਰੀ ਆਰਥਿਕ ਨੁਕਸਾਨ ਜ਼ਰੂਰ ਸਾਹਮਣੇ ਆਇਆ ਹੈ। ਅੱਗ ਲੱਗਣ ਕਾਰਨ ਮਿੱਲ ਵਿੱਚ ਪਿਆ ਧਾਗਾ, ਰੂੰ ਦੀਆਂ ਗੱਠਾਂ ਤੇ ਗੁਦਾਮ ਦਾ ਸ਼ੈੱਡ ਬੁਰੀ ਤਰ੍ਹਾਂ ਨੁਕਸਾਨੇ ਗਏ। ਮੁੱਢਲੀ ਜਾਂਚ ਦੌਰਾਨ ਲੱਗ ਰਿਹਾ ਹੈ ਕਿ ਇਹ ਹਾਦਸਾ ਸ਼ਾਰਟ ਸਰਕਟ ਕਾਰਨ ਵਾਪਰਿਆ। ਫੈਕਟਰੀ ਮਾਲਕਾਂ ਨੇ ਦੱਸਿਆ ਕਿ ਅੱਗ ਲੱਗਣ ਨਾਲ ਜੋ ਨੁਕਸਾਨ ਹੋਇਆ ਹੈ, ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ, ਪਰ ਇਹ ਭਾਰੀ ਆਰਥਿਕ ਨੁਕਸਾਨ ਹੈ।

## ਲਾਲਾ ਲਾਜਪਤ ਰਾਏ ਕਾਲਜ ਅਜੀਤਵਾਲ ਵਿਖੇ 'ਗੁੱਡ ਫਰਾਈਡੇ' ਮਨਾਇਆ



**ਮੋਗਾ (ਇਕਬਾਲ ਸਿੰਘ ਖਹਿਰਾ)**-ਲਾਲਾ ਲਾਜਪਤ ਰਾਏ ਮੈਮੋਰੀਅਲ ਗਰੁੱਪ ਆਫ਼ ਕਾਲਜਿਜ਼ ਅਜੀਤਵਾਲ (ਮੋਗਾ) ਵਿਖੇ ਗੁੱਡ ਫਰਾਈਡੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸੰਸਥਾ ਦੇ ਡਾਇਰੈਕਟਰ ਡਾ. ਚਮਨ ਲਾਲ ਸਚਦੇਵਾ ਨੇ ਪ੍ਰਭੂ ਯਿਸੂ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਪ੍ਰਭੂ ਯਿਸੂ ਨੇ ਆਪਣਾ ਸਾਰਾ ਜੀਵਨ ਗਰੀਬ, ਮਜਲੂਮ, ਬੇਸਹਾਰਾ ਲੋਕਾਂ ਦੀ ਮੱਦਦ ਕਰਨ ਵਿੱਚ ਬਤੀਤ ਕੀਤਾ। ਉਨ੍ਹਾਂ ਸਮਾਜ ਨੂੰ ਸੱਚੀ ਤੇ ਨੇਕ ਕਮਾਈ ਕਰਨ ਦੀ ਰਾਹ ਦਿਖਾਈ। ਸਾਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਮੈਡਮ ਮਨਵੀਨ ਕੌਰ ਨੇ ਇਸ ਦਿਨ ਦੀ ਮਹੱਤਤਾ ਬਾਰੇ ਸਭ ਨੂੰ ਜਾਣੂੰ ਕਰਵਾਇਆ। ਉਨ੍ਹਾਂ ਨਿਮਰਤਾ ਤੇ ਸਤਿਕਾਰ ਨਾਲ ਇਸ ਪਵਿੱਤਰ ਆਤਮਾ ਨੂੰ ਕੋਟੀ-ਕੋਟਿ ਪ੍ਰਣਾਮ ਕਰਦਿਆਂ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ। ਪ੍ਰਾਜੈਕਟ ਇੰਚਾਰਜ ਮੈਡਮ ਵਿਸ਼ਾਲਜੀਤ ਕੌਰ ਨੇ ਦੱਸਿਆ ਕਿ ਭਗਵਾਨ ਯਿਸੂ ਮਸੀਹ ਨੂੰ ਜਦੋਂ ਸਲੀਬ 'ਤੇ ਚੜ੍ਹਾ ਕੇ ਇੱਟਾਂ ਰੋੜੇ ਮਾਰੇ ਜਾ ਰਹੇ ਸਨ ਤਾਂ ਉਸ ਸਮੇਂ ਵੀ ਉਹ ਇੰਨੇ ਸਹਿਣਸ਼ੀਲ ਰਹੇ ਕਿ ਉਨ੍ਹਾਂ ਨੇ ਪ੍ਰਮਾਤਮਾ ਪਾਸੋਂ ਉਨ੍ਹਾਂ ਦੋਸ਼ੀਆਂ ਬਾਰੇ ਇਹ ਕਹਿ ਕੇ ਸਜ਼ਾ ਨਾ ਦੇਣ ਲਈ ਬੇਨਤੀ ਕੀਤੀ ਕਿ ਦੋਸ਼ੀ ਨਹੀਂ ਜਾਣਦੇ ਕਿ ਉਹ ਕੀ ਕਰ ਰਹੇ ਸਨ। ਇਸ ਲਈ ਉਨ੍ਹਾਂ ਨੂੰ ਮੁਆਫ਼ ਕਰ ਦਿੱਤਾ ਜਾਵੇ।

## ਅਮੀਸ਼ਾ ਸਫ਼ਰੀ ਨੂੰ ਮਹਿਲਾ ਮੰਡਲ ਮੋਰਚਾ ਮਲੋਟ ਦੀ ਜ਼ਿੰਮੇਵਾਰੀ ਸੌਂਪੀ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਸਤੀਸ਼ ਅਸੀਜਾ ਦੀ ਪ੍ਰੇਰਣਾ ਸਦਕਾ ਅਤੇ ਜ਼ਿਲ੍ਹਾ ਵਾਈਸ ਪ੍ਰਧਾਨ ਸ੍ਰ: ਅਮਨਦੀਪ ਸੰਧੂ ਤੇ ਮੰਡਲ ਵਾਈਸ ਪ੍ਰਧਾਨ ਸ਼੍ਰੀ ਸੁਸ਼ੀਲ ਜਲਹੋਤਰਾ ਅਤੇ ਜ਼ਿਲ੍ਹਾ ਮਹਿਲਾ ਮੋਰਚਾ ਦੇ ਜਨਰਲ ਸਕੱਤਰ ਸ਼੍ਰੀਮਤੀ ਰੀਤੀ ਸਚਦੇਵਾ ਦੀ ਅਗਵਾਈ ਵਿੱਚ ਸ਼੍ਰੀਮਤੀ ਅਮੀਸ਼ਾ ਸਫ਼ਰੀ ਨੂੰ ਮੰਡਲ ਮਲੋਟ ਵਿੱਚ ਮਹਿਲਾ ਮੋਰਚਾ ਦੀ ਜ਼ਿੰਮੇਵਾਰੀ ਦਿੱਤੀ ਗਈ।ਉਨ੍ਹਾਂ ਨਾਲ ਉਨ੍ਹਾਂ ਦੀ ਟੀਮ ਵਿੱਚ ਰਜਨੀ, ਮਨਪ੍ਰੀਤ ਕੌਰ, ਚੀਨਾ ਤੇ ਸੋਮਾ ਨੂੰ ਮਹਿਲਾ ਮੋਰਚਾ ਦੇ ਵਾਈਸ ਪ੍ਰਧਾਨ, ਜੋਤੀ ਅਰੋੜਾ ਨੂੰ ਜਨਰਲ ਸਕੱਤਰ ਤੇ ਮਾਨਵੀ, ਕਮਲੇਸ਼ ਤੇ ਮਧੂ ਨੂੰ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ।ਇਸ ਮੌਕੇ ਉਨ੍ਹਾਂ ਨਾਲ ਮੰਡਲ ਜਨਰਲ ਸਕੱਤਰ ਰਿਖੀਕੇਸ਼ ਪਰਵਲ ਭੋਲੀ, ਮੰਡਲ ਦਫ਼ਤਰ ਸਕੱਤਰ ਰਾਜੂ ਗੁਪਤਾ ਮੌਜੂਦ ਸਨ।

## ਕਾਤਰਾਂ

### ਸੰਤ ਬਾਬਾ ਬਲਵੀਰ ਸਿੰਘ ਸੁਖਾਨੰਦ ਵਾਲਿਆਂ ਦਾ ਦੇਹਾਂਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਬੀਤੇ ਕੱਲ੍ਹ ਸੰਤ ਬਾਬਾ ਬਲਵੀਰ ਸਿੰਘ ਸੁਖਾਨੰਦ ਵਾਲਿਆਂ ਦਾ ਦੇਹਾਂਤ ਹੋ ਗਿਆ। ਜਿਉਂ ਹੀ ਬਾਬਾ ਬਲਵੀਰ ਸਿੰਘ ਦੇ ਦੇਹਾਂਤ ਦੀ ਖਬਰ ਵਾਇਰਲ ਹੋਈ, ਤਿਉਂ ਹੀ ਸੰਗਤਾਂ ਵੱਲੋਂ ਸੁਖਾਨੰਦ ਵੱਲ ਨੂੰ ਕੂਚ ਕਰ ਲਿਆ ਗਿਆ ਅਤੇ ਸੋਸ਼ਲ ਮੀਡੀਆ 'ਤੇ ਬਾਬਾ ਜੀ ਦੀ ਤਸਵੀਰ ਵਾਇਰਲ ਕਰ ਸੰਗਤ ਵੱਲੋਂ ਆਪਣਾ ਦੁੱਖ ਸਾਂਝਾ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਸਮੂਹ ਦੁਕਾਨਦਾਰਾਂ, ਸਿਆਸੀ ਤੇ ਧਾਰਮਿਕ ਆਗੂਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

### ਪੰਜਾਬ 'ਚ ਤਬਦੀਲੀ ਦੀ ਲਹਿਰ ਸ਼ੁਰੂ : ਘਨੌਰੀ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਅਤੇ ਮਾਰਕਿਟ ਕਮੇਟੀ ਸ਼ੇਰਪੁਰ ਦੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਘਨੌਰੀ ਨੇ ਕਿਹਾ ਕਿ ਪੰਜਾਬ ਵਿਚ ਤਬਦੀਲੀ ਦੀ ਲਹਿਰ ਸ਼ੁਰੂ ਹੋ ਗਈ ਹੈ ਅਤੇ ਪੰਜਾਬੀ 'ਝਾੜੂ', 'ਖੂਨੀ ਪੰਜਾ' ਅਤੇ 'ਕਮਲ ਦਾ ਫੁੱਲ' ਸੂਬੇ ਵਿਚੋਂ ਪੁੱਟ ਕੇ ਸੁੱਟਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਕਿ ਹੁਣ ਸਮਾਂ ਆ ਗਿਆ ਹੈ ਕਿ ਮੁਕਾਬਲਾ ਪੰਜਾਬ ਦੀ ਫੌਜ ਅਕਾਲੀ ਦਲ ਅਤੇ ਦਿੱਲੀ ਆਧਾਰਤ ਪਾਰਟੀਆਂ ਵਿਚਾਲੇ ਹੋ ਗਿਆ ਹੈ। ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਖੇਤਰੀ ਪਾਰਟੀ ਦੀ ਹਮਾਇਤ ਲਈ ਡਟੇ ਰਹਿਣ। ਉਨ੍ਹਾ ਕਿਹਾ ਕਿ ਪਿਛਲੇ ਸੱਤ ਸਾਲਾਂ ਵਿਚ ਕਾਂਗਰਸ ਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਨੂੰ ਦਹਾਕਿਆਂ ਪਿੱਛੇ ਲੈ ਗਏ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਪੂਰਨ ਕਰਜ਼ਾ ਮੁਆਫੀ ਦੇ ਝੂਠੇ ਵਾਅਦੇ ਕਰ ਕੇ ਕਿਸਾਨਾਂ ਨੂੰ ਮੂਰਖ ਬਣਾਇਆ। ਉਨ੍ਹਾ ਕਿਹਾ ਕਿ ਆਪ ਨੇ ਕੁਝ ਹੀ ਦਿਨਾਂ ਵਿਚ ਨਸ਼ਾ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਪਿਛਲੇ ਦੋ ਸਾਲਾਂ ਵਿਚ ਨਸ਼ੇ ਦਾ ਪਸਾਰ ਕਈ ਗੁਣਾ ਜ਼ਿਆਦਾ ਹੋ ਗਿਆ ਹੈ ਤੇ ਸੈਂਕੜੇ ਨੌਜਵਾਨ ਨਸ਼ਿਆਂ ਦੀ ਓਵਰਡੋਜ਼ ਨਾਲ ਮਰ ਰਹੇ ਹਨ।

### ਕਿਤਾਬਾਂ ਤੇ ਵਰਦੀਆਂ ਸੰਬੰਧੀ ਸ਼ਿਕਾਇਤਾਂ 'ਤੇ ਡੀ ਸੀ ਵੱਲੋਂ ਸਕੂਲਾਂ ਦੀ ਚੈਕਿੰਗ ਦੇ ਹੁਕਮ

**ਲੁਧਿਆਣਾ (ਜੱਸਦੀਪ ਵਰਤੀਆ)**-ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਸਿੱਖਿਆ ਵਿਭਾਗ ਨੂੰ ਵਿੱਦਿਅਕ ਸੰਸਥਾਵਾਂ ਵਿਰੁੱਧ ਕਿਤਾਬਾਂ ਤੇ ਵਰਦੀਆਂ ਨਾਲ ਸਬੰਧਤ ਕਈ ਸ਼ਿਕਾਇਤਾਂ ਦੇ ਜਵਾਬ ਵਿੱਚ ਜ਼ਿਲ੍ਹੇ ਦੇ ਹਰ ਸਕੂਲ ਵਿੱਚ ਜਾਂਚ ਕਰਨ ਦੇ ਹੁਕਮ ਦਿੱਤੇ ਹਨ।ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਪ੍ਰਾਇਮਰੀ ਤੇ ਸੈਕੰਡਰੀ) ਨੂੰ ਲਿਖੇ ਇੱਕ ਪੱਤਰ ਵਿੱਚ ਡਿਪਟੀ ਕਮਿਸ਼ਨਰ ਸਾਹਨੀ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਉਹ ਹਰੇਕ ਸਕੂਲ ਦੀ ਜਾਂਚ ਕਰਨ ਲਈ ਵਿਸ਼ੇਸ਼ ਫਲਾਇੰਗ ਸਕੁਐਡ/ਕਮੇਟੀਆਂ ਬਣਾਉਣ ਤੇ ਇਹ ਯਕੀਨੀ ਬਣਾਉਣ ਕਿ ਸਾਰੇ ਸਕੂਲ 'ਦਿ ਪੰਜਾਬ ਰੈਗੂਲੇਸ਼ਨ ਆਫ ਫੀਸ ਆਫ ਅਨ-ਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ ਐਕਟ-2016' ਦੀ ਪਾਲਣਾ ਕਰਦੇ ਹਨ। ਉਨ੍ਹਾ ਸਪੱਸ਼ਟ ਕੀਤਾ ਕਿ ਜੇਕਰ ਕੋਈ ਸਕੂਲ ਇਸ ਐਕਟ ਦੀ ਉਲੰਘਣਾ ਕਰਦਾ ਪਾਇਆ ਗਿਆ ਤਾਂ ਅਗਲੇਰੀ ਕਾਰਵਾਈ ਲਈ ਫੀਸ ਰੈਗੂਲੇਸ਼ਨ ਕਮੇਟੀ/ਅਥਾਰਟੀ ਨੂੰ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ।ਡਿਪਟੀ ਕਮਿਸ਼ਨਰ ਸਾਹਨੀ ਨੇ ਫਲਾਇੰਗ ਸਕੁਐਡ/ਕਮੇਟੀਆਂ ਨੂੰ ਇਹ ਯਕੀਨੀ ਬਣਾਉਣ ਲਈ ਵੀ ਕਿਹਾ ਕਿ ਹਰ ਸਕੂਲ ਇੱਕ ਹਫ਼ਤੇ ਦੇ ਅੰਦਰ ਸੈਲਫ ਕੰਪਲਾਇੰਸ ਰਿਪੋਰਟ ਪੇਸ਼ ਕਰੇ।ਇਸ ਤੋਂ ਇਲਾਵਾ, ਸਾਰੇ ਸਕੂਲਾਂ ਨੂੰ ਨਿਯਮਾਂ, ਕਾਨੂੰਨਾਂ ਤੇ ਨਿਯਮਾਂ ਦੀ ਪਾਲਣਾ ਸੰਬੰਧੀ ਆਪਣੀਆਂ ਵੈੱਬਸਾਈਟਾਂ ਨੂੰ ਅੱਪਡੇਟ ਕਰਨਾ ਚਾਹੀਦਾ ਹੈ।

### ਸਾਲਾਨਾ ਯੱਗ ਸਮਾਗਮ 2 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰਦੁਆਰਾ ਟਿਕਾਣਾ ਮਹੰਤ ਗੁਲਾਬ ਸਿੰਘ ਜੀ ਸੇਵਾ ਪੰਥੀ ਵਿਖੇ ਸਾਲਾਨਾ ਯੱਗ ਸਮਾਗਮ 2 ਅਪ੍ਰੈਲ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸੰਬਧੀ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਬਾਬਾ ਵਰਿੰਦਰ ਸਿੰਘ ਵਾਸੂ ਨੇ ਦੱਸਿਆ ਕਿ ਇਹ ਸਾਲਾਨਾ ਯੱਗ ਸਮਾਗਮ ਮਹੰਤ ਭਾਈ ਗੁਲਾਬ ਸਿੰਘ ਜੀ ਸੇਵਾ ਪੰਥੀ, ਮਹੰਤ ਭਾਈ ਤੀਰਥ ਸਿੰਘ ਜੀ ਸੇਵਾ ਪੰਥੀ, ਸੰਤ ਬਾਬਾ ਹਰਨਾਮ ਸਿੰਘ ਰੰਗਪੁਰ ਵਾਲਿਆਂ ਤੇ ਸੰਤ ਭਾਈ ਹਰੀ ਸਿੰਘ ਸੇਵਾ ਪੰਥੀ ਦੀ ਮਿੱਠੀ ਯਾਦ ਨੂੰ ਸਮਰਪਤ ਹੁੰਦਾ ਹੈ। ਉਨ੍ਹਾ ਦੱਸਿਆ ਕਿ ਇਸ ਸੰਬਧੀ 31 ਮਾਰਚ ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਤੇ 2 ਅਪ੍ਰੈਲ ਨੂੰ ਭੋਗ ਪਾਏ ਜਾਣਗੇ। 1 ਅਪ੍ਰੈਲ ਨੂੰ ਸ਼ਾਮ 7 ਵਜੇ ਤੇ 2 ਵਜੇ ਤੱਕ ਦੀਵਾਨ ਸਜਾਏ ਜਾਣਗੇ ਤੇ 2 ਅਪ੍ਰੈਲ ਨੂੰ ਅਖੰਡ ਪਾਠਾਂ ਦੀ ਸਮਾਪਤੀ ਤੋਂ ਬਾਅਦ ਸੰਤ, ਮਹਾਂਪੁਰਸ਼ਾਂ ਵੱਲੋਂ ਸੰਗਤ ਨੂੰ ਬਾਣੀ ਨਾਲ ਜੋੜਿਆ ਜਾਵੇਗਾ।

## ਮੂੰਹਖੁਰ ਤੇ ਗਲਘੋਟੂ ਨੇ ਕਿਸਾਨਾਂ, ਮਜ਼ਦੂਰਾਂ ਦੀਆਂ ਖੁਰਲੀਆਂ ਕੀਤੀਆਂ ਸੁੰਨੀਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਇੱਥੋਂ ਨੇੜਲੇ ਪਿੰਡ ਗੁਰਨੇ ਕਲਾਂ ਵਿੱਚ ਪਿਛਲੇ ਕਈ ਦਿਨਾਂ ਤੋਂ ਦੁਧਾਰੂ ਤੇ ਪਾਲਤੂ ਪਸ਼ੂਆਂ ਦੀਆਂ ਮੌਤਾਂ ਲਗਾਤਾਰ ਹੋ ਰਹੀਆਂ ਹਨ, ਪਰ ਪਸ਼ੂ ਪਾਲਣ ਵਿਭਾਗ ਵੱਲੋਂ ਪਸ਼ੂ ਪਾਲਕਾਂ ਦੀ ਸਾਰ ਨਹੀਂ ਲਈ ਜਾ ਰਹੀ। ਪਿੰਡ ਦੇ ਪਸ਼ੂ ਪਾਲਕਾਂ ਦਾ ਕਹਿਣਾ ਹੈ ਕਿ ਹਰ ਰੋਜ਼ ਇਸ ਅਗਿਆਤ ਬਿਮਾਰੀ ਕਾਰਨ ਪਸ਼ੂਆਂ ਦੀਆਂ ਮੌਤਾਂ ਹੋ ਰਹੀਆਂ ਹਨ, ਪ੍ਰੰਤੂ ਪ੍ਰਸ਼ਾਸਨ ਜਾਂ ਸਬੰਧਤ ਵਿਭਾਗ ਵੱਲੋਂ ਇਸ ਸਬੰਧੀ ਪਿੰਡ ਵਿਚ ਕੋਈ ਮਾਹਰ ਟੀਮਾਂ ਭੇਜ ਕੇ ਕੋਈ ਇਲਾਜ ਸ਼ੁਰੂ ਨਹੀਂ ਕੀਤਾ ਜਿਸ ਕਾਰਨ ਪਿੰਡ ਦੇ ਲੋਕ ਮਜਬੂਰੀ ਵੱਸ ਆਪਣੇ ਪੱਧਰ 'ਤੇ ਇਲਾਜ ਕਰਵਾ ਰਹੇ ਹਨ, ਦਵਾਈਆਂ ਬਹੁਤ ਜ਼ਿਆਦਾ ਮਹਿੰਗੀਆਂ ਪੈ ਰਹੀਆਂ ਹਨ। ਪਸ਼ੂਆਂ ਦੀਆ ਮੌਤਾਂ ਵੀ ਹੋ ਰਹੀਆਂ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਦਰਸ਼ਨ ਸਿੰਘ ਗੁਰਨੇ ਕਲਾਂ ਨੇ ਦੱਸਿਆ ਕਿ ਪਿੰਡ ਵਿੱਚ ਜਿਨ੍ਹਾਂ ਪਸ਼ੂ ਪਾਲਕਾਂ ਦੇ ਪਸ਼ੂਆ ਦੀਆਂ ਮੌਤਾਂ ਹੋ ਚੁੱਕੀਆਂ ਹਨ ਤੇ ਸੈਕੜੇ ਪਸ਼ੂ ਬਿਮਾਰੀ ਨਾਲ ਜੂਝ ਰਹੇ ਹਨ ਕਿ ਸਰਕਾਰ ਪੀੜਤ ਪਸ਼ੂ ਪਾਲਕਾਂ ਦੀ ਬਾਂਹ ਫੜੇ ਤੇ ਇਲਾਜ ਦਾ ਮੁਫ਼ਤ ਪ੍ਰਬੰਧ ਕਰੇ, ਜਿਨ੍ਹਾਂ ਪਰਵਾਰਾਂ ਦੇ ਘਰਾਂ 'ਚੋਂ ਪਸ਼ੂ ਮਰ ਗਏ ਹਨ, ਉਨ੍ਹਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਇਕਾਈ ਪ੍ਰਧਾਨ ਦਰਸ਼ਨ ਸਿੰਘ ਮਾਨ, ਜਨਰਲ ਸਕੱਤਰ ਗੁਰਦਰਸ਼ਨ ਸਿੰਘ, ਖਜ਼ਾਨਚੀ ਸਰੂਪ ਸਿੰਘ ਸੀਨੀਅਰ ਮੀਤ ਪ੍ਰਧਾਨ ਜਗਸੀਰ ਸਿੰਘ ਤੇ ਲਾਭ ਸਿੰਘ, ਬਲਾਕ ਆਗੂ ਜੋਗਿੰਦਰ ਸਿੰਘ, ਮੰਗੂ ਸੋਹੀ ਰੂਪ ਸਿੰਘ, ਬਲਵੀਰ ਸਿੰਘ, ਗੁਲਾਬ ਸਿੰਘ ਆਦਿ ਨੇ ਮੀਟਿੰਗ ਦੌਰਾਨ ਕਿਹਾ ਕਿ ਜੇਕਰ ਸਬੰਧਤ ਵਿਭਾਗ ਨੇ ਇਸ ਦੇ ਯੋਗ ਇਲਾਜ ਦੀ ਗੌਰ ਨਾ ਕੀਤੀ ਤਾਂ ਜਨਤਕ ਸੰਘਰਸ਼ ਕੀਤਾ ਜਾਵੇਗਾ।

## ਸਹਿਕਾਰੀ ਸਭਾ ਦੇ ਸਕੱਤਰ ਵਿਰੁੱਧ ਲੱਖਾਂ ਰੁਪਏ ਦੇ ਗਬਨ ਦੇ ਲੱਗੇ ਦੋਸ਼

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਲੱਖਾਂ ਰੁਪਏ ਦੇ ਗਬਨ ਦੇ ਦੋਸ਼ ਹੇਠ ਖਮਾਣੋਂ ਪੁਲਸ ਵੱਲੋਂ ਸਹਿਕਾਰੀ ਸਭਾ ਦੇ ਇੱਕ ਸਕੱਤਰ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਉਪ ਰਜਿਸਟਰਾਰ ਸਹਿਕਾਰੀ ਸਭਾਵਾਂ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਵੱਲੋਂ ਪੁਲਸ ਨੂੰ ਦਿੱਤੀ ਗਈ ਸ਼ਿਕਾਇਤ 'ਚ ਦੋਸ਼ ਲਗਾਏ ਗਏ ਸਨ ਕਿ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਟਿਡ ਉੱਚਾ ਜਟਾਣਾ ਦੇ ਸਕੱਤਰ ਮਨਪ੍ਰੀਤ ਸਿੰਘ ਵੱਲੋਂ ਸਭਾ ਦੇ ਮੈਂਬਰਾਂ ਦੀ ਵਸੂਲੀ ਅਤੇ ਅਮਾਨਤਾਂ ਬੈਂਕ 'ਚ ਜਮ੍ਹਾਂ ਕਰਵਾਉਣ ਦੀ ਬਜਾਏ ਆਪਣੇ ਕੋਲ ਰੱਖ ਕੇ ਅਤੇ ਖਾਦ ਦਾ ਸਟਾਕ ਸੇਲ ਕਰਕੇ ਕੁੱਲ 47,73,748 ਰੁਪਏ ਦਾ ਗਬਨ ਕੀਤਾ ਗਿਆ ਹੈ।ਮਨਪ੍ਰੀਤ ਸਿੰਘ ਵਾਸੀ ਪਿੰਡ ਉੱਚਾ ਜਟਾਣਾ ਵਿਰੁੱਧ ਥਾਣਾ ਖਮਾਣੋਂ ਵਿਖੇ ਅ/ਧ 409 ਆਈ.ਪੀ.ਸੀ. ਅਤੇ ਪ੍ਰੀਵੈਨਸ਼ਨ ਆਫ ਕੁਰੱਪਸ਼ਨ ਐਕਟ ਦੀ ਧਾਰਾ 13 ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਖਮਾਣੋਂ ਦੇ ਐਸ.ਐਚ.ਓ. ਇੰਸਪੈਕਟਰ ਅਸ਼ੋਕ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

## ਡਿਵਾਈਡਰ ਦੇ ਅਧੂਰੇ ਪਏ ਕੰਮ ਕਾਰਨ ਲੋਕ ਹੋ ਰਹੇ ਹਾਦਸਿਆਂ ਦਾ ਸ਼ਿਕਾਰ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)** - ਪੰਜਾਬ ਦੇ ਮੁੱਖ ਮੰਤਰੀ ਅਤੇ ਹਲਕਾ ਧੂਰੀ ਦੀ ਬਤੌਰ ਵਿਧਾਇਕ ਨੁਮਾਇੰਦਗੀ ਕਰ ਰਹੇ ਭਗਵੰਤ ਮਾਨ ਦੇ ਸ਼ਹਿਰ ਧੂਰੀ ਵਿੱਚੋਂ ਲੰਘ ਰਹੀ ਸਟੇਟ ਹਾਈਵੇਅ 'ਤੇ ਪਿਛਲੇ ਕਰੀਬ ਦੋ ਸਾਲਾਂ ਤੋਂ ਡਿਵਾਇਡਰ ਬਣਾਉਣ ਦੇ ਚੱਲ ਰਹੇ ਕੀੜੀ ਰਫ਼ਤਾਰ ਇਸ ਸੜਕ ਤੋਂ ਲੰਘਣ ਵਾਲੇ ਲੋਕਾਂ ਲਈ ਹਾਦਸਿਆਂ ਦਾ ਸਬੱਬ ਸਾਬਿਤ ਹੋ ਰਿਹਾ ਹੈ ਸ਼ਹਿਰ ਦੇ ਮਾਲੇਰਕੋਟਲਾ ਚੌਕ ਤੋਂ ਸੰਗਰੂਰ ਬਾਈਪਾਸ ਤੱਕ ਸੜਕ ਨੂੰ ਚੌੜਾ ਕਰਕੇ ਡਿਵਾਈਡਰ ਲਗਾਉਣ ਦਾ ਕੰਮ ਸ਼ੁਰੂ ਕੀਤੇ ਨੂੰ ਕਰੀਬ ਦੋ ਸਾਲ ਦਾ ਸਮਾਂ ਹੋ ਚੁੱਕਾ ਹੈ, ਪਰ ਕਿਸ਼ਤਾਂ ਵਿੱਚ ਹੋ ਰਹੇ ਇਸ ਕੰਮ ਨੇ ਲੋਕਾਂ ਦੀਆਂ ਮੁਸ਼ਕਲਾਂ ਵਿੱਚ ਵਾਧਾ ਕਰ ਦਿੱਤਾ ਹੈ। ਇਸ ਸੜਕ 'ਤੇ ਬਣਾਇਆ ਗਿਆ ਡਿਵਾਈਡਰ ਜਿੱਥੇ ਕਾਫੀ ਨੀਵਾਂ ਹੋਣ ਕਾਰਨ ਰਾਤ ਵੇਲੇ ਦਿਖਣਯੋਗ ਨਹੀਂ ਹੈ, ਉਥੇ ਇਸ ਡਿਵਾਈਡਰ 'ਤੇ ਲਾਈਟਾਂ ਲਗਾਉਣ ਲਈ ਬਣਾਏ ਗਏ ਇਲੈਕਟ੍ਰਿਕ ਪੋਲ ਪਿੱਲਰਾਂ ਦੇ ਆਲੇ ਦੁਆਲੇ ਦੀ ਭੰਨਤੋੜ ਦਾ ਮਲਬਾ ਉਂਝ ਹੀ ਪਿਆ ਹੈ, ਜਿੱਥੇ ਅਕਸਰ ਹੀ ਦੋਪਹੀਆ ਵਾਹਨ ਚਾਲਕ ਹਾਦਸਿਆਂ ਦਾ ਸ਼ਿਕਾਰ ਹੋ ਰਹੇ ਹਨ।ਲੋਕਾਂ ਨੇ ਇਸ ਡਿਵਾਈਡਰ ਦਾ ਕੰਮ ਸਮਾਂਬੱਧ ਸਮੇਂ ਅੰਦਰ ਪੂਰਾ ਕਰਵਾਉਣ ਦੀ ਮੰਗ ਕਰਦਿਆਂ ਭੰਨਤੋੜ ਦਾ ਮੌਕੇ 'ਤੇ ਪਿਆ ਸਮਾਨ ਚੁਕਵਾਉਣ ਦੀ ਮੰਗ ਕੀਤੀ ਹੈ।

## ਪੰਜ ਪੀਰਾਂ ਦੀ ਦਰਗਾਹ 'ਤੇ ਭੰਡਾਰਾ ਕਰਵਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਬਾਜ਼ੀਗਰ ਮੁਹੱਲਾ ਵਿਖੇ ਸਥਿਤ ਪੰਜ ਪੀਰਾਂ ਦੀ ਦਰਗਾਹ 'ਤੇ ਸਾਲਾਨਾ ਮੇਲਾ ਤੇ ਭੰਡਾਰਾ ਕਰਵਾਇਆ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਦਰਗਾਹ 'ਤੇ ਚਾਦਰ ਚੜ੍ਹਾਉਣ ਉਪਰੰਤ ਲੰਗਰ ਦੀ ਸ਼ੁਰੂਆਤ ਕਰਵਾਈ ਗਈ। ਇਸ ਮੌਕੇ ਆੜ੍ਹਤੀ ਬਲਵਿੰਦਰ ਸਿੰਘ ਮਾਨ, ਪਰਮਿੰਦਰ ਸਿੰਘ ਨੋਨਾ, ਸੁਖਵਿੰਦਰ ਮਾਨ, ਕੁਲਵਿੰਦਰ ਮਾਨ, ਰਮਨਦੀਪ ਸਿੰਘ, ਜਸ਼ਨ, ਸਿਕੰਦਰ ਰਾਮ, ਪ੍ਰੀਤੂ ਰਾਮ, ਖਰੈਤੀ ਲਾਲ, ਨਿੱਕੂ ਰਾਮ, ਪ੍ਰਦੀਪ, ਰਣਵੀਰ ਕੁਮਾਰ, ਬਲਿਹਾਰ ਮਾਨ, ਹੈਪੀ ਪਹਿਲਵਾਨ, ਰਵੀ ਕੁਮਾਰ, ਹਰਵਿੰਦਰ, ਲਾਲ ਸਿੰਘ, ਮਨੋਹਰ ਲਾਲ, ਪ੍ਰਕਾਸ਼ ਕੁਮਾਰ, ਹਰਮੇਸ਼ ਮੇਸ਼ੀ, ਸੀਮਾ ਰਾਣੀ, ਵਿਕਰਮ ਸਿੰਘ, ਸੁੱਖਾ ਰਾਮ, ਵਰਿੰਦਰ ਕੁਮਾਰ ਮੌਜੂਦ ਸਨ।

## 'ਪੰਜਾਬ ਬਚਾਓ ਯਾਤਰਾ' ਦਾ ਭਗਤਾ ਭਾਈ ਕਾ 'ਚ ਗਰਮਜੋਸ਼ੀ ਨਾਲ ਸਵਾਗਤ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸ਼੍ਰੋਮਣੀ ਅਕਾਲੀ ਦਲ (ਬ) ਵੱਲੋਂ ਸ਼ੁਰੂ ਕੀਤੀ ਗਈ 'ਪੰਜਾਬ ਬਚਾਓ ਯਾਤਰਾ' ਦਾ ਸਥਾਨਕ ਸ਼ਹਿਰ ਵਿਖੇ ਪਹੁੰਚਣ 'ਤੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ ਸੁਖਬੀਰ ਬਾਦਲ ਨਾਲ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਹਲਕਾ ਇੰਚਾਰਜ ਹਰਿੰਦਰ ਸਿੰਘ ਮਹਿਰਾਜ ਵੀ ਨਜ਼ਰ ਆਏ। ਉਧਰ ਇਸ ਯਾਤਰਾ ਨੂੰ ਲੈ ਕੇ ਅਕਾਲੀ ਵਰਕਰਾਂ 'ਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਸਿਕੰਦਰ ਸਿੰਘ ਮਲੂਕਾ ਵੱਲੋਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਦੀ ਸਰਕਾਰ ਬਣਨ ਦਾ ਵੀ ਦਾਅਵਾ ਕੀਤਾ ਅਤੇ 'ਆਪ' 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ ਕਿ ਗੱਠਜੋੜ ਤੋਂ ਬਾਅਦ ਆਪ ਤੇ ਕਾਂਗਰਸ ਦੀ ਮਿਲੀਭੁਗਤ ਸਾਹਮਣੇ ਆ ਚੁੱਕੀ ਹੈ। ਇਸ ਮੌਕੇ ਸਥਾਨਕ ਸ਼ਹਿਰ ਦੇ ਆਗੂ ਤੇ ਸਾ. ਚੇਅਰਮੈਨ ਗਗਨਦੀਪ ਗਰੇਵਾਲ ਵੱਲੋਂ ਵੀ ਭਵਿੱਖ 'ਚ ਅਕਾਲੀ ਦਲ ਦੀ ਸਰਕਾਰ ਬਣਨ ਦਾ ਦਾਅਵਾ ਠੋਕਿਆ ਗਿਆ।ਇਸ ਮੌਕੇ ਹਲਕੇ ਦੇ ਸਮੂਹ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।

## ਭਾਜਪਾ ਤੋਂ ਕਿਨਾਰਾਕਸ਼ੀ ਪੰਜਾਬ ਲਈ ਹੋਵੇਗੀ ਫਾਇਦੇਮੰਦ : ਨਿਹਾਲ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**

ਪੰਜਾਬ ਦੀ ਇਕੋ ਇਕ ਖੇਤਰੀ ਪਾਰਟੀ 'ਸ਼੍ਰੋਮਣੀ ਅਕਾਲੀ ਦਲ' ਦੇ ਰੂਹੇ ਰਵਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਤੋਂ ਕਿਨਾਰਾਕਸ਼ੀ ਕਰਨਾ ਪੰਜਾਬ ਲਈ ਸੁਨਹਿਰਾ ਭਵਿੱਖ ਸਿਰਜਣ ਦਾ ਸਬੱਬ ਬਣੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸਰਕਲ ਪ੍ਰਧਾਨ ਤੇ ਸਾਬਕਾ ਸਰਪੰਚ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ 'ਦੇਸ਼ ਪੰਜਾਬ' ਦੀ ਹੋਂਦ ਬਚਾਈ ਰੱਖਣ ਲਈ ਲੜੇ ਜਾ ਰਹੇ ਸੰਘਰਸ਼ 'ਚੋਂ ਉਪਜੀ ਪਾਰਟੀ ਹੈ, ਜਿਸ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਨੂੰ ਪਹਿਲ ਦੇਣ ਦੇ ਨਾਲ ਨਾਲ ਸਰਬਤ ਦੇ ਭਲੇ ਵਾਲੀ ਪੰਥਕ ਸੋਚ 'ਤੇ ਵੀ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਨੇ ਆਖਿਆ ਕਿ ਏਹੀ ਸੋਚ ਕੁਫ਼ਰ ਤੋਲਣ ਵਾਲੇ ਦਿੱਲੀ ਦੇ ਹਾਕਮਾਂ ਨੂੰ ਕਦੇ ਵੀ ਪ੍ਰਵਾਨ ਨਹੀਂ ਹੋਈ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਸਬੰਧਤ ਰਹੇ ਹੋਣ। ਉਨ੍ਹਾ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਇਨ੍ਹਾਂ ਆਦਰਸ਼ਾਂ 'ਤੇ ਪਹਿਰਾ ਦੇਣ ਲਈ ਭਾਜਪਾ ਨੂੰ ਦੋ ਟੁੱਕ ਫੈਸਲਾ ਲੈਣ ਲਈ ਆਪਣਾ ਏਜੰਡਾ ਦਿੱਤਾ ਸੀ, ਜੋ ਉਨ੍ਹਾਂ ਨੂੰ ਪ੍ਰਵਾਨ ਨਹੀਂ ਸੀ, ਪਰ ਉਸੇ ਦ੍ਰਿਸ਼ਟੀਕੋਣ 'ਤੇ ਪਹਿਰਾ ਦਿੰਦਿਆਂ ਹੁਣ ਸ਼੍ਰੋਮਣੀ ਅਕਾਲੀ ਦਲ ਆਪਣੇ ਬਲਬੂਤੇ 'ਤੇ ਲੋਕਾਂ ਦੀ ਕਚਹਿਰੀ ਵਿੱਚ ਜਾਵੇਗਾ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਪੂਰਾ ਯਕੀਨ ਹੈ ਕਿ ਪੰਜਾਬੀ ਸੂਝਬੂਝ ਨਾਲ 'ਪੰਜਾਬ ਦੀ ਵਾਗਡੋਰ' ਮੁੜ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਸੌਂਪਣ ਦਾ ਮਨ ਬਣਾਈ ਬੈਠੇ ਨੇ, ਜਿਸ ਦਾ ਆਗਾਜ਼ ਲੋਕ ਸਭ ਚੋਣਾਂ ਤੋਂ ਹੋ ਜਾਵੇਗਾ।

### ਬੀਕੇਯੂ ਉਗਰਾਹਾਂ ਵੱਲੋਂ ਕੀਤੇ ਸੰਘਰਸ਼ ਨੂੰ ਬੂਰ ਪੈਣ ਲੱਗਾ

## ਖੇਤੀ ਮੰਤਰੀ ਖੁਡੀਆਂ ਨੇ 4 ਨੂੰ ਡੀ ਸੀ ਨਾਲ ਮੀਟਿੰਗ ਤੈਅ ਕਰਵਾਈ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਵੱਲੋਂ ਜ਼ਿਲ੍ਹਾ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ ਦੀ ਅਗਵਾਈ ਵਿੱਚ ਖੇਤੀਬਾੜੀ ਮੰਤਰੀ ਪੰਜਾਬ ਸਰਕਾਰ ਤੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨਾਲ ਪਿਛਲੇ ਲੰਬੇ ਸਮੇਂ ਤੋਂ ਲਟਕ ਰਹੀਆਂ ਮੰਗਾਂ ਸਬੰਧੀ ਮੀਟਿੰਗ ਹੋਈ ਤੇ ਇਸ ਤੋਂ ਪਹਿਲਾਂ ਸਵੇਰੇ 11 ਵਜੇ ਤਲਵੰਡੀ ਸਾਬੋ ਦੇ ਐੱਮ ਐੱਲ ਏ ਬਲਜਿੰਦਰ ਕੌਰ ਨਾਲ ਵੀ ਮੁਲਾਕਾਤ ਹੋਈ, ਜਿਸ ਦੌਰਾਨ ਕਿਸਾਨੀ ਮੰਗਾਂ 'ਤੇ ਚਰਚਾ ਹੋਈ ਤੇ ਇਨ੍ਹਾਂ ਮੰਗਾਂ ਨੂੰ ਤੁਰੰਤ ਹੱਲ ਕਰਾਉਣ ਦੀ ਮੰਗ ਕੀਤੀ।ਇਸ ਸਬੰਧੀ ਮੰਤਰੀ ਤੇ ਐੱਮ ਐੱਲ ਏ ਨੇ ਮੰਗਾਂ ਹੱਲ ਕਰਨ ਦਾ ਭਰੋਸਾ ਦਿੱਤਾ ਅਤੇ 4 ਅਪ੍ਰੈਲ ਨੂੰ ਡੀ ਸੀ ਬਠਿੰਡਾ ਨਾਲ ਮੀਟਿੰਗ ਤੈਅ ਕੀਤੀ ਗਈ ਹੈ। ਇਸ ਤੋਂ ਬਾਅਦ ਜ਼ਿਲ੍ਹਾ ਆਗੂਆਂ ਨੇ ਕਿਹਾ ਕਿ ਜੇ ਫਿਰ ਵੀ ਮਸਲਾ ਹੱਲ ਨਾ ਕੀਤਾ ਤਾਂ ਆਉਂਦੇ ਦਿਨਾਂ ਵਿੱਚ ਪੰਜਾਬ ਸਰਕਾਰ ਕਿਸਾਨਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।ਮੀਟਿੰਗ ਵਿੱਚ ਹਰਜਿੰਦਰ ਸਿੰਘ ਬੱਗੀ, ਬਸੰਤ ਸਿੰਘ ਕੋਠਾ ਗੁਰੂ, ਦਰਸ਼ਨ ਸਿੰਘ ਮਾਈਸਰਖਾਨਾ, ਜਗਦੇਵ ਸਿੰਘ ਜੋਗੇਵਾਲਾ, ਜਸਵੀਰ ਸਿੰਘ ਬੁਰਜ ਸੇਮਾ, ਜਗਸੀਰ ਸਿੰਘ ਝੁੰਬਾ ਤੇ ਬਲਾਕਾਂ ਦੇ ਆਗੂ ਸ਼ਾਮਲ ਸਨ।ਮੰਗ ਪੱਤਰ ਦੇਣ ਉਪਰੰਤ ਪੱਤਰ ਵਿੱਤ ਦਰਜ ਮੰਗਾਂ 'ਤੇ ਚਰਚਾ ਹੋਈ।ਆਗੂਆਂ ਨੇ ਕਿਹਾ ਕਿ ਉਪਰੋਕਤ ਮੰਗਾਂ ਸੰਬੰਧੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉੱਕਾ ਹੀ ਧਿਆਨ ਨਾ ਦਿੱਤੇ ਜਾਣ ਅਤੇ ਜਾਣ ਬੁੱਝ ਕੇ ਟਾਲਾ ਵੱਟਣ ਕਾਰਨ ਜ਼ਿਲ੍ਹੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਜਿਸ ਨੂੰ ਧਿਆਨ 'ਚ ਰੱਖਦੇ ਹੋਏ ਇਨ੍ਹਾਂ ਮੰਗਾਂ ਨੂੰ ਤੁਰੰਤ ਹੱਲ ਕਰਵਾਇਆ ਜਾਵੇ।ਮੰਗਾਂ ਨਾ ਹੱਲ ਕਰਨ ਦੀ ਸੂਰਤ ਵਿੱਚ ਲੋਕਾਂ ਦੇ ਰੋਹ ਦਾ ਸਾਹਮਣਾ ਕਰਨ ਲਈ ਪੰਜਾਬ ਸਰਕਾਰ ਤਿਆਰ ਰਹੇ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ 5 ਸਾਲਾਂ ਦੇ ਗੈਪ ਦੇ ਬਾਵਜੂਦ ਲਗਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ



**ਬਾਘਾਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਮਸ਼ਹੂਰ ਸੰਸਥਾ ਜੇ ਐੱਮ ਐੱਸ ਇਮੀਗ੍ਰੇਸ਼ਨ ਜੋ ਕਿ ਹਜ਼ਾਰਾਂ ਹੀ ਲੋਕਾਂ ਦੇ ਵੀਜ਼ੇ ਲਗਵਾ ਕੇ ਦੂਰ ਦੁਰੇਡੇ ਸ਼ਹਿਰਾਂ ਵਿੱਚ ਬਹੁਤ ਨਾਂ ਕਮਾ ਚੁੱਕੀ ਹੈ। ਸੰਸਥਾ ਨੇ ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਵਿਦਿਆਰਥਣ ਹਰਪ੍ਰੀਤ ਕੌਰ ਸਪੁੱਤਰੀ ਜਗਮੋਹਨ ਸਿੰਘ ਵਾਸੀ ਕਿਸ਼ਨਪੁਰਾ ਕਲਾਂ ਜ਼ਿਲ੍ਹਾ ਮੋਗਾ ਦਾ 5 ਸਾਲਾਂ ਦਾ ਗੈਪ ਹੋਣ ਦੇ ਬਾਵਜੂਦ ਬਹੁਤ ਹੀ ਘੱਟ ਸਮੇਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਦਾ ਪੜ੍ਹਾਈ ਵਿੱਚ ਕੋਈ ਗੈਪ ਹੈ ਜਾਂ ਪੜ੍ਹਾਈ 'ਚ ਨੰਬਰ ਘੱਟ ਹਨ ਤਾਂ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ, ਸੰਸਥਾ ਜੇ. ਐੱਮ. ਐੱਸ. ਵੱਲੋਂ ਬਹੁਤ ਹੀ ਚੰਗੇ ਢੰਗ ਨਾਲ ਫਾਈਲ ਤਿਆਰ ਕਰਕੇ ਵੀਜ਼ਾ ਅਪਲਾਈ ਕੀਤਾ ਜਾਂਦਾ ਹੈ ਤਾਂ ਜੋ ਵਿਦਿਆਰਥੀ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਬਹੁਤ ਹੀ ਘੱਟ ਸਮੇਂ ਵਿੱਚ ਉਨ੍ਹਾਂ ਨੂੰ ਵੀਜ਼ਾ ਪ੍ਰਾਪਤ ਹੋ ਜਾਵੇ। ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਅਤੇ ਸਟੱਡੀ ਵੀਜ਼ਾ ਆਦਿ ਲਗਵਾਏ ਜਾਂਦੇ ਹਨ। ਸੰਸਥਾ ਦੀ ਐਮ. ਡੀ. ਅੰਮ੍ਰਿਤਪਾਲ ਕੌਰ ਮਾਨ ਨੇ ਵਿਦਿਆਰਥੀ ਨੂੰ ਵੀਜ਼ੇ ਦੀ ਕਾਪੀ ਸੌਂਪਦਿਆਂ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭੱਵਿਖ ਦੀ ਕਾਮਨਾ ਕੀਤੀ।

## ਬੀ ਕੇ ਯੂ ਕਾਦੀਆਂ ਵੱਲੋਂ 26 ਸੈਲੋ ਅਨਾਜ ਮੰਡੀਆਂ ਨਾਲ ਜੋੜਨ ਦੇ ਫੈਸਲੇ ਵਿਰੁੱਧ ਲਾਮਬੰਦੀ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤੀ ਕਿਸਾਨ ਯੂਨੀਅਨ ਕਾਦੀਆਂ ਜ਼ਿਲ੍ਹਾ ਮਾਨਸਾ ਦੀ ਇੱਕ ਹੰਗਾਮੀ ਮੀਟਿੰਗ ਗੁਰਦੁਆਰਾ ਸਿੰਘ ਸਭਾ ਮਾਨਸਾ ਵਿਖੇ ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਾਗੋਵਾਲ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਚੇਅਰਮੈਨ ਅੰਤ੍ਰਿੰਗ ਕਮੇਟੀ ਪੰਜਾਬ ਕੁਲਦੀਪ ਸਿੰਘ ਚੱਕ ਭਾਈਕੇ ਵੱਲੋਂ ਵੀ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਗਈ।ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੈੱਸ ਸਕੱਤਰ ਅਵੀ ਮੌੜ ਤੇ ਜ਼ਿਲ੍ਹਾ ਸਕੱਤਰ ਜਨਰਲ ਹਰਦੇਵ ਸਿੰਘ ਕੋਟਧਰਮੂ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਪੰਜਾਬ ਸਰਕਾਰ ਵੱਲੋਂ ਲੋਕ ਸਭਾ ਚੋਣਾਂ ਦੀ ਆੜ 'ਚ ਚੁੱਪ ਚੁਪੀਤੇ ਪੰਜਾਬ ਦੀਆਂ ਅਨਾਜ ਮੰਡੀਆਂ ਨੂੰ ਕਾਰਪੋਰੇਟ ਘਰਾਣਿਆਂ ਦੇ 26 ਸੈਲੋਆਂ ਨਾਲ ਜੋੜ ਕੇ ਕਿਸਾਨਾਂ ਨਾਲ ਵਿਸ਼ਵਾਸਘਾਤ ਕੀਤਾ ਹੈ, ਜਿਸ ਦਾ ਕਾਦੀਆਂ ਜਥੇਬੰਦੀ ਸਖ਼ਤ ਵਿਰੋਧ ਕਰਦੀ ਹੈ।ਜੇਕਰ ਪੰਜਾਬ ਸਰਕਾਰ ਨੇ ਕਿਸਾਨ ਮਾਰੂ ਇਹ ਫੈਸਲਾ ਤੁਰੰਤ ਵਾਪਸ ਨਾ ਲਿਆ ਤਾਂ ਜਥੇਬੰਦੀ ਨੂੰ ਮਜਬੂਰਨ ਸੰਘਰਸ਼ ਦੇ ਰਾਹ ਪੈਣਾ ਪਵੇਗਾ।ਸੂਬਾ ਆਗੂ ਚੱਕ ਭਾਈਕੇ ਨੇ ਕਿਹਾ ਕਿ 2022 ਦੀਆਂ ਵਿਧਾਨ ਚੋਣਾਂ ਤੋਂ ਪਹਿਲਾਂ ਕਿਸਾਨਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਵਾਅਦਾ ਕਰਕੇ ਬਣੀ ਪੰਜਾਬ ਸਰਕਾਰ ਹੁਣ ਕੇਂਦਰ ਸਰਕਾਰ ਦੇ ਦਬਾਅ ਹੇਠ ਕਿਸਾਨ ਵਿਰੋਧੀ ਫ਼ੈਸਲੇ ਲੈ ਰਹੀ ਹੈ, ਜਿਸ ਨੂੰ ਜਥੇਬੰਦੀ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ।ਮੀਟਿੰਗ ਵਿੱਚ ਅਵਤਾਰ ਸਿੰਘ ਰੱਲਾ, ਮਹਿੰਦਰ ਸਿੰਘ ਦਲੇਲ ਸਿੰਘ ਵਾਲਾ, ਸ਼ਿੰਗਾਰਾ ਸਿੰਘ ਤੇ ਸੰਤ ਰਾਮ ਸਿੰਘ ਦੋਦੜਾ, ਗੁਰਨਾਮ ਸਿੰਘ ਭੀਖੀ, ਬਾਬੂ ਸਿੰਘ ਧਿੰਗੜ, ਮਲਕੀਤ ਸਿੰਘ ਗਾਗੋਵਾਲ, ਪਿਰਥੀ ਸਿੰਘ ਢੈਪੀ, ਮਹਿੰਦਰ ਸਿੰਘ ਖਿਆਲਾ, ਗੁਰਜੰਟ ਸਿੰਘ ਸਤੀਕੇ, ਅਜੈਬ ਸਿੰਘ ਰੱਲਾ, ਗੁਰਦੀਪ ਸਿੰਘ ਤੇ ਤਰਸੇਮ ਗਰਗ ਮਾਨਸਾ ਆਦਿ ਆਗੂ ਹਾਜ਼ਰ ਸਨ।

## ਚੋਣ ਜ਼ਾਬਤੇ ਦੇ ਮੱਦੇਨਜ਼ਰ ਪੁਲਸ ਨੇ ਫ਼ਲੈਗ ਮਾਰਚ ਕੱਢਿਆ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**

ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਲੋਕਾਂ ਅੰਦਰ ਸੁਰੱਖਿਆ ਭਾਵਨਾ ਪੈਦਾ ਕਰਨ ਦੇ ਇਰਾਦੇ ਨਾਲ ਅੱਜ ਧੂਰੀ ਪੁਲਸ ਵੱਲੋਂ ਸ਼ਹਿਰ ਅੰਦਰ ਫਲੈਗ ਮਾਰਚ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੁਲਸ ਮੁਲਾਜ਼ਮਾਂ, ਏ.ਆਰ.ਪੀ. ਫੋਰਸ ਅਤੇ ਆਈ ਟੀ ਬੀ ਪੀ ਦੇ ਜਵਾਨਾਂ ਨੇ ਸ਼ਮੂਲੀਅਤ ਕੀਤੀ। ਡੀ.ਐੱਸ.ਪੀ. ਧੂਰੀ ਤਲਵਿੰਦਰ ਸਿੰਘ ਗਿੱਲ ਨੇ ਕਿਹਾ ਕਿ ਫਲੈਗ ਮਾਰਚ ਦਾ ਉਦੇਸ਼ ਜਿੱਥੇ ਲੋਕਾਂ ਅੰਦਰ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਹੈ, ਉਥੇ ਉਨ੍ਹਾ ਲੋਕਾਂ ਨੂੰ ਵਿਸ਼ਵਾਸ ਦਿਵਾਉਂਦਿਆਂ ਕਿਹਾ ਕਿ ਪੁਲਸ ਹਰ ਵੇਲੇ ਲੋਕਾਂ ਦੀ ਜਾਨ ਅਤੇ ਮਾਲ ਦੀ ਹਿਫ਼ਾਜ਼ਤ ਲਈ ਤਿਆਰ ਹੈ। ਉਨ੍ਹਾ ਸ਼ਰਾਰਤੀ ਅਨਸਰਾਂ ਨੂੰ ਤਾੜਨਾ ਕੀਤੀ ਕਿ ਸਮਾਜ ਵਿਰੋਧੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ।ਉਨ੍ਹਾ ਚੋਣ ਜ਼ਾਬਤੇ ਬਾਰੇ ਦੱਸਦਿਆਂ ਕਿਹਾ ਕਿ ਨਸ਼ਿਆਂ ਦੀ ਤਸਕਰੀ ਨੂੰ ਸਖ਼ਤੀ ਨਾਲ ਰੋਕਣ ਅਤੇ ਚੋਣਾਂ ਦੌਰਾਨ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਵਰਤੀ ਜਾਣ ਵਾਲੀ ਸ਼ਰਾਬ, ਨਗਦੀ ਜਾਂ ਕਿਸੇ ਵੀ ਹੋਰ ਤਰ੍ਹਾਂ ਦੇ ਲਾਲਚ ਦੀ ਮੁਕੰਮਲ ਰੋਕਥਾਮ ਲਈ ਪ੍ਰਸ਼ਾਸਨ ਤੇ ਪੁਲਸ ਵੱਲੋਂ ਠੋਸ ਰਣਨੀਤੀ ਬਣਾਈ ਗਈ ਹੈ ਅਤੇ ਚੋਣ ਪ੍ਰਕਿਰਿਆ ਦਾ ਸਮੁੱਚਾ ਅਮਲ ਮੁਕੰਮਲ ਹੋਣ ਤੱਕ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

## ਮੋਦੀ ਸਰਕਾਰ ਕਾਰਪੋਰੇਟ ਪੱਖੀ ਤੇ ਮਜ਼ਦੂਰ ਵਿਰੋਧੀ : ਜਸਵਿੰਦਰ ਵੱਟੂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ, ਚਾਵਲਾ)**-ਬੀਤੇ ਦਿਨ ਮਨਰੇਗਾ ਵਰਕਰ ਯੂਨੀਅਨ ਪੰਜਾਬ ਵੱਲੋਂ ਮਜ਼ਦੂਰ ਲੋਕ ਲਹਿਰ ਉਸਾਰੂ ਮੁਹਿੰਮ ਤਹਿਤ ਮਨਰੇਗਾ ਵਰਕਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ ਮਜ਼ਦੂਰਾਂ ਦੀ ਨੁੱਕੜ ਮੀਟਿੰਗ ਪਿੰਡ ਮੌੜ ਵਿਖੇ ਕੀਤੀ ਗਈ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮਨਰੇਗਾ ਵਰਕਰ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਵੱਟੂ ਨੇ ਕਿਹਾ ਕਿ ਮਜ਼ਦੂਰ ਵਰਗ ਵੱਲੋਂ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਪੂਰੇ ਯਤਨ ਜਾਰੀ ਰਹਿਣਗੇ, ਕਿਉਂਕਿ ਇਹ ਸਰਕਾਰ ਕਾਰਪੋਰੇਟ ਪੱਖੀ ਤੇ ਮਜ਼ਦੂਰ ਵਿਰੋਧੀ ਹੈ। ਇਸ ਸਰਕਾਰ ਨੇ ਵੱਡਿਆਂ ਕਾਰਪੋਰੇਟ ਘਰਾਣਿਆਂ ਦੇ ਕਰਜ਼ੇ ਤਾਂ ਮਾਫ ਕਰ ਦਿੱਤੇ ਹਨ, ਪਰ ਗਰੀਬਾਂ ਦੇ ਕਰਜ਼ੇ ਮਾਫ ਤਾਂ ਕੀ ਕਰਨੇ ਸੀ, ਮਜ਼ਦੂਰਾਂ ਨੂੰ ਕੋਈ ਕਰਜ਼ੇ ਦੇਣ ਦੀ ਯੋਜਨਾ ਹੀ ਨਹੀਂ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਮਨਰੇਗਾ ਦਾ ਬਜਟ ਘਟਾ ਕੇ ਮਜ਼ਦੂਰ ਵਰਗ ਨਾਲ ਧੋਖਾ ਕੀਤਾ ਹੈ।ਇਹ ਸਰਕਾਰ ਹਿਟਲਰ ਦੇ ਪਦ ਚਿੰਨ੍ਹਾਂ 'ਤੇ ਚੱਲ ਰਹੀ ਹੈ। ਭਾਰਤੀ ਸੰਵਿਧਾਨ ਨੂੰ ਬਦਲਣ ਲਈ ਤੇ ਮੰਨੂ ਸਿਮਰਤੀ ਨੂੰ ਦੁਬਾਰਾ ਲਾਗੂ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਇਹ ਸਰਕਾਰ ਮਨਰੇਗਾ ਨੂੰ ਕਮਜ਼ੋਰ ਕਰਨ ਦਾ ਮਜ਼ਦੂਰ ਵਿਰੋਧੀ ਕੰਮ ਕਰ ਰਹੀ ਹੈ ਅਤੇ ਪੰਜਾਬ ਵਿੱਚ ਆਵਾਸ ਯੋਜਨਾ ਸਮੇਤ ਸਾਰੀਆਂ ਭਲਾਈ ਸਕੀਮਾਂ ਦਾ ਭੋਗ ਪਾ ਰਹੀ ਹੈ।ਆਖਰ ਵਿੱਚ ਸਾਥੀ ਵੱਟੂ ਨੇ ਮਜ਼ਦੂਰਾਂ ਨੂੰ ਸੱਦਾ ਦਿੱਤਾ ਕਿ ਉਹ ਮਜ਼ਦੂਰਾਂ ਦੇ ਲਾਲ ਝੰਡੇ ਥੱਲੇ ਇਕੱਠੇ ਹੋ ਕੇ ਸੰਘਰਸ਼ ਵਿੱਚ ਸ਼ਾਮਲ ਹੋਣ, ਕਿਉਂਕਿ ਅੱਜ ਇਕੱਠੇ ਤੇ ਜਥੇਬੰਦ ਹੋ ਕੇ ਮੰਗਾਂ ਮਸਲਿਆਂ ਦੀ ਪ੍ਰਾਪਤੀ ਲਈ ਸੰਘਰਸ਼ ਤੇਜ਼ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਨਰੇਗਾ ਕਾਮਿਆਂ ਨੂੰ ਪਿੰਡ ਪਿੰਡ ਜਥੇਬੰਦ ਕਰਕੇ ਤੇ ਦੂਸਰੀਆਂ ਸੰਘਰਸ਼ਸ਼ੀਲ ਮਜ਼ਦੂਰ ਜਥੇਬੰਦੀਆਂ ਨਾਲ ਸਾਂਝ ਪਾ ਕੇ ਜ਼ੋਰਦਾਰ ਅੰਦੋਲਨ ਕੀਤਾ ਜਾਵੇਗਾ ਅਤੇ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਖਿਲਾਫ ਸੰਘਰਸ਼ ਤੇਜ਼ ਕੀਤਾ ਜਾਵੇਗਾ।

## ਗਲਤ ਅਨਸਰਾਂ ਨੂੰ ਪਾਈ ਜਾਵੇਗੀ ਨੱਥ : ਡੀ ਐੱਸ ਪੀ ਰਾਣਾ



**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐੱਸ ਐੱਸ ਪੀ ਨਵਨੀਤ ਸਿੰਘ ਬੈਂਸ ਵੱਲੋਂ ਲੋਕ ਸਭਾ ਚੋਣਾਂ ਦੇ ਸਬੰਧ ਵਿੱਚ ਸਮਾਜ ਵਿਰੋਧੀ ਅਨਸਰਾਂ ਤੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਉਣ ਵਾਲਿਆਂ ਨੂੰ ਕਾਬੂ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਇਲਾਕੇ ਵਿੱਚ ਥਾਂ-ਥਾਂ ਨਾਕਾਬੰਦੀ ਕੀਤੀ ਗਈ। ਡੀ ਐੱਸ ਪੀ ਮਨਜੀਤ ਸਿੰਘ ਰਾਣਾ (ਸਪੈਸ਼ਲ ਕ੍ਰਾਈਮ ਤੇ ਟ੍ਰੈਫਿਕ) ਦੀ ਅਗਵਾਈ ਹੇਠ ਥਾਣਾ ਸਦਰ ਦੇ ਮੁੱਖ ਅਫਸਰ ਨੰਦ ਲਾਲ ਤੇ ਉਨ੍ਹਾਂ ਦੀ ਪੁਲਸ ਪਾਰਟੀ ਵੱਲੋਂ ਸ਼ਹਿਰ ਤੇ ਪਿੰਡਾਂ ਦੇ ਵੱਖ-ਵੱਖ ਹਿੱਸਿਆਂ ਵਿੱਚ ਨਾਕਾਬੰਦੀ ਕੀਤੀ ਗਈ। ਪੁਲਸ ਵੱਲੋਂ ਨਾਕਾਬੰਦੀ ਕਰਕੇ ਗੱਡੀਆਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਟ੍ਰੈਫਿਕ ਦੀਆਂ ਧੱਜੀਆਂ ਉਡਾਉਣ ਵਾਲਿਆਂ ਦੇ ਚਲਾਨ ਕੀਤੇ ਗਏ।

ਇਸ ਮੌਕੇ ਪੁਲਸ ਨੇ ਕਈਆਂ ਨੂੰ ਟ੍ਰੈਫਿਕ ਨਿਯਮਾਂ ਦਾ ਪਾਠ ਪੜ੍ਹਾਇਆ ਤੇ ਟ੍ਰੈਫਿਕ ਨਿਯਮਾਂ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਥਾਣਾ ਸਦਰ ਦੇ ਮੁੱਖ ਅਫਸਰ ਨੰਦ ਲਾਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਗੱਡੀਆਂ ਤੇ ਦੋ-ਪਹੀਆ ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ।

## ਯੂਥ ਕਾਂਗਰਸ ਦੇ ਸੰਮੇਲਨ 'ਚ ਨਵੇਂ ਅਹੁਦੇਦਾਰ ਨਿਯੁਕਤ



**ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)**-ਇੰਡੀਅਨ ਯੂਥ ਕਾਂਗਰਸ ਦੇ ਪ੍ਰੋਗਰਾਮ 'ਯੁਵਾ ਨਿਆਂ ਸੰਮੇਲਨ' ਤਹਿਤ ਯੂਥ ਕਾਂਗਰਸ ਹਲਕਾ ਅਮਲੋਹ ਵੱਲੋਂ ਇਥੇ ਯੂਥ ਕਾਂਗਰਸ ਦਾ ਸੰਮੇਲਨ ਕਰਵਾਇਆ ਗਿਆ, ਜਿਸ ਵਿੱਚ ਭਾਰੀ ਗਿਣਤੀ ਵਿੱਚ ਯੂਥ ਨੌਜਵਾਨਾਂ ਨੇ ਸ਼ਿਰਕਤ ਕੀਤੀ। ਇਸ ਪ੍ਰੋਗਰਾਮ ਵਿੱਚ ਸਾਬਕਾ ਕੈਬਨਟ ਮੰਤਰੀ ਕਾਕਾ ਰਣਦੀਪ ਸਿੰਘ ਨਾਭਾ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ ਅਤੇ ਯੂਥ ਕਾਂਗਰਸ ਦੀ ਮਜ਼ਬੂਤੀ ਲਈ ਨੌਜਵਾਨ ਆਗੂਆਂ ਨੂੰ ਯੂਥ ਕਾਂਗਰਸ ਦੇ ਨਿਯੁਕਤੀ ਪੱਤਰ ਸੌਂਪਦੇ ਹੋਏ ਨਵੀਆਂ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ।ਇਸ ਮੌਕੇ ਯੂਥ ਕਾਂਗਰਸ ਜ਼ਿਲ੍ਹਾ ਫ਼ਤਹਿਗੜ੍ਹ ਦੇ ਪ੍ਰਧਾਨ ਅਮਿਤ ਜੈਚੰਦ ਲੱਕੀ ਸ਼ਰਮਾ ਤੇ ਯੂਥ ਕਾਂਗਰਸ ਹਲਕਾ ਅਮਲੋਹ ਦੇ ਪ੍ਰਧਾਨ ਲਵਪ੍ਰੀਤ ਸਿੰਘ ਕਾਹਨਪੁਰਾ ਵੱਲੋਂ ਨੌਜਵਾਨਾਂ ਨਾਲ ਵਿਚਾਰ ਸਾਂਝੇ ਕਰਦੇ ਹੋਏ ਅਹਿਮ ਭੂਮਿਕਾ ਨਿਭਾਈ ਗਈ।ਇਸ ਮੌਕੇ ਸਮਰ ਪ੍ਰਤਾਪ ਸਿੰਘ ਬੜੈਚਾ ਮੀਤ ਪ੍ਰਧਾਨ, ਸਮਰਵੀਰ ਮਾਂਗਟ ਜਨਰਲ ਸਕੱਤਰ, ਫੈਜਲਪ੍ਰੀਤ ਭੱਦਲਥੂਹਾ, ਨਵਦੀਪ ਸਿੰਘ ਗੋਬਿੰਦਗੜ੍ਹ ਸੋਸ਼ਲ ਮੀਡੀਆ ਇੰਚਾਰਜ ਬਲਾਕ ਮੰਡੀ ਗੋਬਿੰਦਗੜ੍ਹ, ਪ੍ਰਧਾਨ ਬਲਾਕ ਸੰਮਤੀ ਭੱਦਲਥੂਹਾ, ਕੁਲਦੀਪ ਕਾਨਪੁਰਾ ਸੈਕਟਰੀ, ਅੰਮ੍ਰਿਤ ਪਾਲ ਤੰਦਾ ਬੱਧਾ ਸੈਕਟਰੀ, ਗੁਰਿੰਦਰ ਸਿੰਘ ਰਤਨਪਾਲ ਸੈਕਟਰੀ, ਜਸਵੀਰ ਸਿੰਘ ਸੈਕਟਰੀ, ਵਿਕਾਸ ਕੁਮਾਰ ਸੈਕਟਰੀ, ਸੰਜੀਵ ਗੋਇਲ ਜਰਨਲ ਸਕੱਤਰ, ਅਰਜੁਨ ਗੋਬਿੰਦਗੜ੍ਹ ਜਨਰਲ ਸਕੱਤਰ, ਹਰਦੀਪ ਸਿੰਘ ਸੈਕਟਰੀ, ਰਵਿੰਦਰ ਖੁੰਮਣਾ ਸੈਕਟਰੀ ਨੂੰ ਨਵੀਆਂ ਅਹੁਦੇਦਾਰੀਆਂ ਨਾਲ ਸਨਮਾਨਤ ਕੀਤਾ ਗਿਆ।ਇਸ ਮੌਕੇ ਬਲਾਕ ਪ੍ਰਧਾਨ ਜਗਵੀਰ ਸਿੰਘ ਸਲਾਣਾ, ਸੰਜੀਵ ਦੱਤਾ ਬਲਾਕ ਪ੍ਰਧਾਨ ਮੰਡੀ ਗੋਬਿੰਦਗੜ੍ਹ, ਸੀਨੀਅਰ ਕਾਂਗਰਸੀ ਜੋਗਿੰਦਰ ਸਿੰਘ ਮੈਣੀ, ਐੱਨ ਐੱਸ ਯੂ ਆਈ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਮਾਨ, ਅਲੀ ਬਾਦਸ਼ਾਹ ਮੀਤ ਪ੍ਰਧਾਨ ਯੂਥ ਕਾਂਗਰਸ ਹਲਕਾ ਅਮਲੋਹ, ਬਲਵੀਰ ਸਿੰਘ ਮਿੰਟੂ, ਜਗਤਾਰ ਸਿੰਘ ਮਾਨਗੜ੍ਹ, ਸਿਵ ਕੁਮਾਰ ਗਰਗ, ਰਾਕੇਸ਼ ਕੁਮਾਰ ਗੋਗੀ, ਗੁਰਬਚਨ ਕਾਹਨਪੁਰਾ, ਗੁਰਦੇਵ ਸਿੰਘ ਖੁੰਮਣਾ, ਹਰਦੀਪ ਸਿੰਘ ਦੀਪਾ, ਜਗਤਾਰ ਸਿੰਘ ਤੰਗਰਾਲਾ, ਪ੍ਰੀਤਮ ਸਿੰਘ ਬੈਣਾ, ਮਨਦੀਪ ਭਗਵਾਨਪੁਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ ਆਗੂ ਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

## ਡਰਾਈਵਰਾਂ ਤੇ ਰੇਹੜੀ-ਫੜ੍ਹੀ ਵਾਲਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣੂ ਕਰਾਇਆ

**ਜਗਰਾਉਂ (ਸੰਜੀਵ ਅਰੋੜਾ)**-ਪੁਲਸ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਦੇ ਐੱਸ. ਐੱਸ. ਪੀ. ਨਵਨੀਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਮਨਜੀਤ ਸਿੰਘ ਰਾਣਾ ਡੀ. ਐੱਸ. ਪੀ. ਟ੍ਰੈਫਿਕ ਤੇ ਕੁਮਾਰ ਸਿੰਘ ਇੰਚਾਰਜ ਟ੍ਰੈਫਿਕ ਜਗਰਾਉਂ ਦੀ ਅਗਵਾਈ ਵਿੱਚ ਏ ਐੱਸ ਆਈ ਹਰਪਾਲ ਸਿੰਘ ਮਾਨ ਟ੍ਰੈਫਿਕ ਐਜੂਕੇਸ਼ਨ ਸੈੱਲ ਜਗਰਾਉਂ ਵੱਲੋਂ ਮਜ਼ਦੂਰ ਯੂਨੀਅਨ ਜਗਰਾਉਂ ਵਿਖੇ ਆਟੋ ਡਰਾਈਵਰਾਂ, ਮਜ਼ਦੂਰਾਂ ਤੇ ਰੇਹੜੀ-ਫੜੀ ਵਾਲਿਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕਰਨ ਲਈ ਕੈਂਪ ਲਗਾਇਆ ਗਿਆ, ਜਿਸ ਵਿੱਚ ਏ. ਐੱਸ. ਆਈ. ਹਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰੇਹੜੀਆਂ ਸੜਕ ਉਪਰ ਖੜ੍ਹੀਆਂ ਨਾ ਕਰੋ, ਆਟੋ ਵਾਲੇ ਕਾਗਜ਼ਾਤ ਪੂਰੇ ਕੋਲ ਰੱਖਣ, ਬਿਨਾਂ ਲਸੰਸ ਆਟੋ ਨਾ ਚਲਾਓ, ਸੜਕੀ ਚਿੰਨ੍ਹਾਂ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਲੇਬਰ ਕਰਨ ਵਾਲੇ ਵਿਆਕਤੀਆਂ ਨੂੰ ਸੜਕ 'ਤੇ ਪੈਦਲ ਚੱਲਣ, ਸੜਕ ਨੂੰ ਪਾਰ ਕਰਨ ਬਾਰੇ ਤੇ ਨਸ਼ਿਆਂ ਤੋਂ ਬਚਣ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਗਿਆ।

## ਹੋਲੀ ਹਾਰਟ ਪਬਲਿਕ ਸਕੂਲ ਵਿਦਿਆਰਥੀਆਂ ਨੂੰ ਆਧੁਨਿਕ ਸਿੱਖਿਆ ਪ੍ਰਣਾਲੀ ਪ੍ਰਦਾਨ ਕਰਨ ਲਈ ਯਤਨਸ਼ੀਲ : ਗੋਇਲ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜੀ. ਹੋਲੀ ਹਾਰਟ ਪਬਲਿਕ ਸਕੂਲ ਮਹਿਲ ਕਲਾਂ ਦੀ ਪ੍ਰਬੰਧਕੀ ਕਮੇਟੀ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਆਧੁਨਿਕ ਸਿੱਖਿਆ ਪ੍ਰਣਾਲੀ ਪ੍ਰਦਾਨ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੀ। ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਕਿਹਾ ਕਿ ਨਵੀਂ ਸਿੱਖਿਆ ਪ੍ਰਣਾਲੀ ਤਹਿਤ ਬੱਚਿਆਂ ਨੂੰ 21ਵੀਂ ਸਦੀ ਦੀ ਤਕਨੀਕ ਅਨੁਸਾਰ ਹੁਨਰਮੰਦ ਬਣਾਉਣ ਲਈ ਸਕੂਲ ਵਲੋਂ ਸਮੇਂ-ਸਮੇਂ 'ਤੇ ਉਪਰਾਲੇ ਕੀਤੇ ਜਾਂਦੇ ਹਨ। ਸੰਸਥਾ 'ਚ ਤਜਰਬੇਕਾਰ ਅਧਿਆਪਕ, ਹੁਨਰ ਵਿਕਾਸ ਕਲਾਸਾਂ, ਆਈਲੈਟਸ ਪ੍ਰਯੋਗਸ਼ਾਲਾ, ਵਿਗਿਆਨ ਪ੍ਰਯੋਗਸ਼ਾਲਾ, ਹਿਸਾਬ ਪ੍ਰਯੋਗਸ਼ਾਲਾ, ਕਲਾ ਰੂਮ, ਡਾਂਸ ਰੂਮ, ਡਰਾਮਾ ਕਲਾਸਾਂ, ਲਾਇਬ੍ਰੇਰੀ, ਏ.ਸੀ. ਇਮਾਰਤਾਂ, ਇੰਟਰ- ਐਕਟਿਵ ਪੈਨਲ ਰੂਮਜ਼, ਬਿਹਤਰ ਟਰਾਂਸਪੋਰਟ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਪੂਰੇ ਸਕੂਲ ਵਿਚ, ਕਲਾਸ ਰੂਮਾਂ ਅਤੇ ਇੱਥੋਂ ਤੱਕ ਕਿ ਬੱਸਾਂ ਵਿਚ ਵੀ ਸੀ ਸੀ ਟੀ ਵੀ ਕੈਮਰਿਆਂ ਦਾ ਪੂਰਨ ਪ੍ਰਬੰਧ ਹੈ। ਉਨ੍ਹਾਂ ਦੱਸਿਆ ਕਿ ਹਰ ਸਾਲ ਮੁਫ਼ਤ ਮੈਡੀਕਲ ਜਾਂਚ ਕੈਂਪ, ਕਿਤਾਬੀ ਗਿਆਨ ਤੋਂ ਇਲਾਵਾ ਸਰਬਪੱਖੀ ਵਿਕਾਸ ਲਈ ਵਿੱਦਿਅਕ ਟੂਰ ਵੀ ਲਗਵਾਏ ਜਾਂਦੇ ਹਨ। ਐਮ.ਡੀ. ਗੋਇਲ ਨੇ ਇਸ ਮੌਕੇ ਸੰਸਥਾ ਦੇ ਵਿਦਿਆਰਥੀਆਂ ਵਲੋਂ ਹਰ ਸਾਲ 100 ਫ਼ੀਸਦੀ ਨਤੀਜੇ ਤੋਂ ਇਲਾਵਾ ਸਾਲ ਰਾਜ ਅਤੇ ਰਾਸ਼ਟਰੀ ਪੱਧਰ ਦੀਆਂ ਖੇਡਾਂ 'ਚ ਕੀਤੀਆਂ ਜਾ ਰਹੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ। ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਨਵੇਂ ਸੈਸ਼ਨ 2024-25 ਸਕੂਲ ਵਿਚ ਐਨ ਸੀ ਸੀ ਦਿੱਤੀਆਂ ਗਈਆਂ ਹਨ। ਵਾਇਸ ਪ੍ਰਿੰਸੀਪਲ ਪੂਜਾ ਸ਼ਰਮਾ ਨੇ ਦੱਸਿਆ ਕਿ ਨਿੱਕੇ ਬੱਚਿਆਂ ਲਈ ਖੇਡਾਂ ਵਾਸਤੇ ਅਲੱਗ ਤੋਂ ਡੀ.ਪੀ.ਈ. ਦੀ ਨਿਯੁਕਤੀ ਕਰ ਦਿੱਤੀ ਗਈ ਹੈ।

31-MAR-PAGE-5.qxd 3/30/2024 10:56 PM Page 1



# ਕਿਸਾਨ ਯੂਨੀਅਨ ਨੇ ਫਾਇਨਾਂਸ ਕੰਪਨੀ ਤੋਂ ਛੁਡਵਾਏ ਤਿੰਨ ਵਿਅਕਤੀ



ਫਾਇਨਾਂਸ ਕੰਪਨੀ ਵੱਲੋਂ ਫੜੇ ਗਏ ਵਿਅਕਤੀਆਂ ਨੂੰ ਛਡਾਉਣ ਮਗਰੋਂ ਕਿਸਾਨ ਜਥੇਬੰਦੀ ਦੇ ਆਗੂ।

**ਪਾਤੜਾਂ (ਨਿਸਾਨ ਸਿੰਘ ਬਣਵਾਲਾ)**-ਫਾਇਨਾਂਸ ਕੰਪਨੀ ਨੇ ਪੁਲਸ ਕਰਮਚਾਰੀਆਂ ਦੀ ਸਹਾਇਤਾ ਨਾਲ ਅਦਾਲਤ ਦੇ ਹੁਕਮਾਂ 'ਤੇ ਦੋ ਕਿਸਾਨਾਂ ਤੇ ਇੱਕ ਦੁਕਾਨਦਾਰ ਨੂੰ ਪਾਤੜਾਂ ਤੇ ਘੱਗਾ ਦੀ ਪੁਲਸ ਨੂੰ ਬਿਨਾਂ ਸੂਚਨਾ ਦਿੱਤਿਆਂ ਫੜ ਕੇ ਲੈਣ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਘਟਨਾ ਦੀ ਜਾਣਕਾਰੀ ਮਿਲਣ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਆਗੂਆਂ ਨੇ ਗੱਡੀਆਂ ਨੂੰ ਘੇਰ ਲਿਆ ਤੇ ਜੱਦੋ ਜ਼ਹਿਦ ਮਗਰੋਂ ਫਾਇਨਾਂਸ ਕੰਪਨੀ ਦੇ ਕਰਮਚਾਰੀ ਫੜੇ ਵਿਅਕਤੀਆਂ ਨੂੰ ਛੱਡ ਕੇ ਜਾਣ ਲਈ ਮਜਬੂਰ ਹੋ ਗਏ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂ ਅਮਰੀਕ ਸਿੰਘ ਨੇ ਕਿਹਾ ਕਿ ਪਿੰਡ ਕਲਵਾਣੂੰ ਦੇ ਇਕ ਕਿਸਾਨ ਨੂੰ ਫਾਇਨਾਂਸ ਕੰਪਨੀ ਦੇ ਕਰਮਚਾਰੀ ਕੁਝ ਪੁਲਸ ਮੁਲਾਜ਼ਮਾਂ ਦੀ ਸਹਾਇਤਾ ਨਾਲ ਘਰੋਂ ਜ਼ਬਰਦਸਤੀ ਲੈ ਕੇ ਜਾ ਰਹੇ ਸੀ। ਜਾਣਕਾਰੀ ਮਿਲਣ 'ਤੇ ਜਥੇਬੰਦੀ ਆਗੂ ਨੇ ਪਿੱਛਾ ਕਰਕੇ ਪਿੰਡ ਖਾਨੇਵਾਲ ਤੋਂ ਵਾਪਸ ਪਾਤੜਾਂ ਵੱਲ ਆ ਰਹੀ ਫਾਇਨਾਂਸ ਕੰਪਨੀ ਦੇ ਕਰਮਚਾਰੀਆਂ ਦੀ ਗੱਡੀ ਨੂੰ ਪਿੰਡ ਸੇਲਵਾਲਾ ਕੋਲ ਰੋਕ ਲਿਆ, ਜਿਸ ਵਿੱਚ ਪਿੰਡ ਕਲਵਾਣੂੰ ਤੇ ਖਾਨੇਵਾਲ ਦੇ ਕਿਸਾਨ ਅਤੇ ਇੱਕ ਦੁਕਾਨਦਾਰ ਨੂੰ ਹਰਿਆਣਾ ਦੀ ਜਾਖਲ ਮੰਡੀ ਲਿਜਾਇਆ ਜਾਣਾ ਸੀ, ਉਨ੍ਹਾਂ ਨੂੰ ਛੁਡਵਾ ਲਿਆ। ਕਿਸਾਨ ਆਗੂਆਂ ਨੇ ਕੰਪਨੀ ਦੇ ਕਰਮਚਾਰੀਆਂ 'ਤੇ ਦੋਸ਼ ਲਾਇਆ ਕਿ ਉਹ ਸੰਬੰਧਤ ਥਾਣਿਆਂ ਨੂੰ ਸੂਚਨਾ ਦਿੱਤੇ ਬਿਨਾਂ ਜ਼ਬਰਦਸਤੀ ਲਿਜਾਇਆ ਜਾ ਰਿਹਾ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਕਿਸਾਨਾਂ ਤੇ ਦੁਕਾਨਦਾਰਾਂ ਨਾਲ ਧੱਕਾ ਸਹਿਣ ਨਹੀਂ ਕਰੇਗੀ।

ਫਾਇਨਾਂਸ ਕੰਪਨੀ ਦੇ ਅਧਿਕਾਰੀਆਂ ਨੇ ਕਿਹਾ ਕਿ ਪਿੰਡ ਕਲਵਾਣੂੰ ਤੇ ਖਾਨੇਵਾਲ ਦੇ ਕਿਸਾਨਾਂ ਅਤੇ ਜਾਖਲ ਮੰਡੀ ਦੇ ਦੁਕਾਨਦਾਰ ਨੇ ਉਨ੍ਹਾਂ ਦੀ ਕੰਪਨੀ ਤੋਂ ਲਿਆ ਕਰਜ਼ਾ ਨਾ ਮੋੜੇ ਜਾਣ ਕਾਰਨ ਅਦਾਲਤ ਦੇ ਹੁਕਮਾਂ 'ਤੇ ਲਿਜਾਇਆ ਜਾ ਰਿਹਾ ਸੀ, ਪਰ ਕਿਸਾਨ ਯੂਨੀਅਨ ਨੇ ਉਨ੍ਹਾਂ ਦੀਆਂ ਗੱਡੀਆਂ ਨੂੰ ਘੇਰ ਕੇ ਧੱਕਾਸ਼ਾਹੀ ਕੀਤੀ ਹੈ।

# ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ/ਪੰਚਾਇਤੀਕਰਨ ਦੀਆਂ ਨੀਤੀਆਂ ਦਾ ਮੁਕੰਮਲ ਵਿਰੋਧ ਕਰਨ ਦਾ ਐਲਾਨ

## 15-20 ਸਾਲਾਂ ਤੋਂ ਕੰਮ ਕਰਦੇ ਇਨਲਿਸਟਮੈਂਟ/ਆਊਟਸੋਰਸ ਠੇਕਾ ਮੁਲਾਜ਼ਮਾਂ ਦਾ ਪੱਕਾ ਰੁਜ਼ਗਾਰ ਕੀਤਾ ਜਾਵੇ : ਵਰਿੰਦਰ ਮੋਮੀ



ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਯੂਨੀਅਨ ਪੰਜਾਬ ਦੇ ਸੂਬਾਈ ਆਗੂ ਜਾਣਕਾਰੀ ਦਿੰਦੇ ਹੋਏ।

**ਜਲਾਲਾਬਾਦ (ਜੀਤ ਕੁਮਾਰ)**

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ (ਰਜਿ.31) ਦੇ ਸੂਬਾ ਪ੍ਰਧਾਨ ਵਰਿੰਦਰ ਸਿੰਘ ਮੋਮੀ, ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਬੁੱਢੇਵਾਲ, ਸੀਨੀਅਰ ਮੀਤ ਪ੍ਰਧਾਨ ਹਾਕਮ ਸਿੰਘ ਧਨੇਠਾ, ਸੂਬਾ ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ, ਸੂਬਾ ਮੀਤ ਪ੍ਰਧਾਨ ਭੁਪਿੰਦਰ ਸਿੰਘ ਕੁਤਬੇਵਾਲ ਤੇ ਸੂਬਾ ਵਿੱਤ ਸਕੱਤਰ ਰੁਪਿੰਦਰ ਸਿੰਘ ਨੇ ਇਥੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਆਮ ਲੋਕਾਂ ਦੀ ਹਿਤਾਇਸ਼ੀ ਹੋਣ ਦੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਦੇ ਆਦੇਸ਼ਾਂ ਤਹਿਤ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੀ ਮੈਨੇਜਮੈਂਟ ਦੀਆਂ ਪੇਂਡੂ ਜਲ ਸਪਲਾਈ ਸਕੀਮਾਂ ਦਾ ਪੰਚਾਇਤੀਕਰਨ/ਨਿੱਜੀਕਰਨ ਕਰਨ ਵਾਲੀਆਂ ਲੋਕ ਮਾਰੂ ਨੀਤੀਆਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ, ਜਿਸ ਦਾ ਯੂਨੀਅਨ ਵੱਲੋਂ ਮੁਕੰਮਲ ਤੌਰ 'ਤੇ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੇਂਡੂ ਜਲ ਸਪਲਾਈ ਸਕੀਮਾਂ ਦਾ ਨਿੱਜੀਕਰਨ ਤੇ ਪੰਚਾਇਤੀਕਰਨ ਹੋਣ ਨਾਲ ਜਿੱਥੇ ਇਕ ਪਾਸੇ ਪੇਂਡੂ ਖੇਤਰ ਵਿੱਚ ਵਸੇ ਲੋਕਾਂ ਨੂੰ ਪੀਣ ਵਾਲਾ ਪਾਣੀ ਮਹਿੰਗੇ ਮੁੱਲ ਵਿੱਚ ਮਿਲੇਗਾ, ਉਥੇ ਹੀ ਇਸ ਦੇ ਨਾਲ ਜਸਸ ਵਿਭਾਗ ਵਿੱਚ ਪਿਛਲੇ 15-20 ਸਾਲਾਂ ਤੋਂ ਕੰਮ ਕਰਦੇ ਕਰੀਬ 4 ਹਜ਼ਾਰ ਇਨਲਿਸਟਮੈਂਟ ਤੇ ਆਊਟਸੋਰਸ ਠੇਕਾ ਮੁਲਾਜ਼ਮ ਬੇਰੁਜ਼ਗਾਰ ਹੋ ਜਾਣਗੇ। ਉਨ੍ਹਾ ਕਿਹਾ ਕਿ ਵਿਭਾਗੀ ਅਧਿਕਾਰੀਆਂ ਵੱਲੋਂ ਪਿਛਲੇ ਸਮੇਂ ਦੌਰਾਨ ਵਿਸ਼ਵ ਬੈਂਕ ਦੀ ਸਹਾਇਤਾ ਨਾਲ ਟੂ-ਏ ਸਕੀਮ ਅਧੀਨ ਪੰਜਾਬ ਭਰ ਵਿੱਚ ਕਈ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਚਾਲੂ ਰੱਖਣ ਲਈ ਪੈਸਾ ਲਗਾਇਆ ਗਿਆ ਸੀ, ਹੁਣ ਵਰਤਮਾਨ ਸਮੇਂ ਦੌਰਾਨ ਹੁਣ ਇਹ ਜਲ ਸਪਲਾਈ ਸਕੀਮਾਂ ਧੱਕੇ ਨਾਲ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆ ਹਨ, ਇਹ ਕੰਮ, ਸਰਕਾਰ ਵੱਲੋਂ ਪਿੰਡਾਂ ਦੇ ਅਮਰਜੈਂਸੀ ਕੰਮਕਾਰ ਚਲਾਉਣ ਲਈ ਲਗਾਏ ਹੋਏ ਪ੍ਰਬੰਧਕਾਂ ਪਾਸੋਂ ਗੈਰ-ਕਾਨੂੰਨੀ ਢੰਗ ਨਾਲ ਕਰਵਾਉਣ ਦੀ ਤਿਆਰੀ ਕਰ ਲਈ ਹੈ, ਜਦੋਂਕਿ ਜ਼ਿਆਦਾਤਰ ਪਿੰਡਾਂ ਦੀਆਂ ਪੰਚਾਇਤਾਂ ਤੇ ਆਮ ਲੋਕ ਜੋ ਜਲ ਸਪਲਾਈ ਸਕੀਮਾਂ ਨੂੰ ਖੁਦ ਚਲਾਉਣ ਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਕੀਤੀ ਹੋਈ ਹੈ, ਕਿਉਂਕਿ ਪਿੰਡਾਂ ਵਿੱਚ ਆਪਸੀ ਧੜੇਬਾਜ਼ੀ ਹੋਣ ਕਾਰਨ ਅਤੇ ਇਨ੍ਹਾਂ ਸਕੀਮਾਂ ਨੂੰ ਚਾਲੂ ਰੱਖਣ ਲਈ ਆਮਦਨ ਦੇ ਸਾਧਨ ਨਾ ਹੋਣ ਕਾਰਨ ਸਮੇਤ ਹੋਰ ਕਈ ਕਾਰਨਾਂ ਕਰਕੇ ਜਲ ਘਰਾਂ ਨੂੰ ਚਲਾਉਣ ਤੋਂ ਅਸਮਰਥ ਹਨ, ਜਿਸ ਕਾਰਨ ਸਰਕਾਰ ਅਧੀਨ ਜਲ ਸਪਲਾਈ ਸਕੀਮਾਂ ਚਲਾ ਕੇ ਪਿੰਡਾਂ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਕਈ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਸਰਵਸੰਮਤੀ ਨਾਲ ਮਤੇ ਵੀ ਪਾਏ ਗਏ ਸਨ, ਪਰ ਫਿਰ ਵੀ ਵਰਤਮਾਨ ਸਮੇਂ ਦੌਰਾਨ ਵਿਭਾਗੀ ਮੈਨੇਜਮੈਂਟ ਵੱਲੋਂ ਇਕ ਸਾਜ਼ਿਸ਼ ਤਹਿਤ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਪਿੰਡ ਪੱਧਰੀ ਕਮੇਟੀਆਂ ਦਾ ਗਠਨ ਕਰਕੇ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀਆਂ ਲੋਕ ਵਿਰੋਧੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਵੱਲੋਂ ਧੱਕੇ ਨਾਲ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਪਿੰਡਾਂ ਦੀਆਂ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀਆਂ ਮਾਰੂ ਨੀਤੀਆਂ ਲਾਗੂ ਕਰਨ ਲਈ ਪਿੰਡਾਂ ਵਿੱਚ ਆਉਣ ਵਾਲੇ ਵਿਭਾਗੀ ਅਧਿਕਾਰੀ, ਕਰਮਚਾਰੀ ਜਾਂ ਹੋਰ ਨੁਮਾਇੰਦੇ ਦਾ ਲੋਕਾਂ ਦੇ ਸਹਿਯੋਗ ਨਾਲ ਵਿਰੋਧ ਕੀਤਾ ਜਾਵੇਗਾ, ਜਿਸ ਲਈ ਯੂਨੀਅਨ ਵੱਲੋਂ ਪਿੰਡ ਪੱਧਰ 'ਤੇ ਇਕੱਠ ਕਰਕੇ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਜਾਗਰੂਕ ਕਰਨ ਦੇ ਮੰਤਵ ਨਾਲ ਚੱਲ ਰਹੇ ਸੰਘਰਸ਼ਾਂ ਵਿੱਚ ਸ਼ਾਮਲ ਹੋਣ ਲਈ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੇ ਮੈਨੇਜਮੈਂਟ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਪੰਚਾਇਤਾਂ ਨੂੰ ਹੈਂਡਓਵਰ ਕਰਨ ਦੀ ਬਜਾਏ ਸਰਕਾਰ ਵੱਲੋਂ ਪਹਿਲਾਂ ਵਾਂਗ ਖੁਦ ਚਲਾਉਣ ਦੀ ਜ਼ਿੰਮੇਵਾਰੀ ਨਿਭਾਈ ਜਾਵੇ ਅਤੇ ਪੀਣ ਵਾਲੇ ਪਾਣੀ ਦੀ ਬੁਨਿਆਦੀ ਸਹੂਲਤ ਦਾ ਪ੍ਰਬੰਧ ਖੁਦ ਸਰਕਾਰ ਵੱਲੋਂ ਕੀਤਾ ਜਾਵੇ।

## ਖੇੜੀ-ਜੱਟਾਂ 'ਚ ਪਤਵੰਤਿਆਂ ਵੱਲੋਂ ਰੋਜ਼ਾ ਇਫ਼ਤਾਰ ਪਾਰਟੀ



**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਸੰਗਰੂਰ ਦਾ ਪਿੰਡ ਖੇੜੀ-ਜੱਟਾਂ, ਜਿਹੜਾ ਵਿਕਾਸ ਦੇ ਪੱਖ ਤੋਂ 12ਵਾਂ ਪਿੰਡ ਗਿਣਿਆ ਜਾਂਦਾ ਹੈ, ਉੱਥੇ ਦੇ ਲੋਕਾਂ ਵਿੱਚ ਆਪਸੀ ਸਾਂਝ ਬਰਕਰਾਰ ਹੈ।ਪਿੰਡ ਛੋਟਾ ਹੈ, ਪਰ ਉਥੇ ਜਨਰਲ ਵਰਗ ਦੇ ਲੋਕ ਥੋੜ੍ਹੇ, ਐਸ ਸੀ, ਬੀ ਸੀ, ਮੁਹੰਮਦ ਤੇ ਸੈਂਸੀ ਬਰਾਦਰੀ ਦੇ ਲੋਕ ਵੱਡੀ ਗਿਣਤੀ ਵਿੱਚ ਵੱਸਦੇ ਹਨ।ਸਾਰੇ ਲੋਕ ਜਿੱਥੇ ਵਿਕਾਸ ਲਈ ਇੱਕ ਜੁੱਟ ਹਨ, ਉੱਥੇ ਵੱਖ ਵੱਖ ਧਰਮਾਂ ਤੇ ਰੀਤੀ ਰਿਵਾਜ਼ਾਂ ਵਿੱਚ ਸਾਰੇ ਲੋਕ ਸਹਿਯੋਗ ਦਿੰਦੇ ਹਨ।ਪਿੰਡ ਦੇ ਸਾਬਕਾ ਸਰਪੰਚ ਸ੍ਰ. ਸੁਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੀਨੀਅਰ ਪੱਤਰਕਾਰ ਫਤਿਹ ਪ੍ਰਭਾਕਰ ਵੱਲੋਂ ਜਿਥੇ ਵਿਕਾਸ ਲਈ ਭਰਵਾਂ ਸਹਿਯੋਗ ਪਿਛਲੇ ਕਈ ਵਰ੍ਹਿਆਂ ਤੋਂ ਦਿੱਤਾ ਜਾ ਰਿਹਾ, ਉੱਥੇ ਘੱਟ ਗਿਣਤੀ ਦੇ ਰਹਿ ਰਹੇ ਮੁਸਲਮਾਨਾਂ ਦੇ ਰੋਜ਼ੇ ਦਾ ਪ੍ਰੋਗਰਾਮ ਵੀ ਕੀਤਾ ਜਾਂਦਾ ਹੈ।ਇਸ ਵਰ੍ਹੇ ਵੀ ਫਤਿਹ ਪ੍ਰਭਾਕਰ ਵੱਲੋਂ ਉਚਚੇ ਤੌਰ 'ਤੇ ਆ ਕੇ ਇਥੇ ਮੁਸਲਮਾਨ ਭਰਾਵਾਂ ਦੇ ਰੋਜ਼ੇ ਦਾ ਆਯੋਜਨ ਕਰਕੇ ਭਾਈਚਾਰਕ ਸਾਂਝ ਨੂੰ ਪਕਿਆਉਣ ਦਾ ਯਤਨ ਕੀਤਾ ਹੈ।ਇਸ ਸਮਾਗਮ ਦੌਰਾਨ ਇਸਲਾਮ ਧਰਮ ਨੂੰ ਮੰਨਣ ਵਾਲੀਆਂ ਔਰਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਰੋਜ਼ਾ ਇਫ਼ਤਾਰੀ ਕੀਤੀ।ਇਸ ਮੌਕੇ ਪਿੰਡ ਦੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਸ੍ਰ. ਸੁਰਜੀਤ ਸਿੰਘ ਤੇ ਛਿੰਦਰ ਸਿੰਘ ਵੱਲੋਂ ਪਿੰਡ ਦੇ ਵਿਕਾਸ ਵਿੱਚ ਪਾਏ ਜਾ ਰਹੇ ਯੋਗਦਾਨ ਤੇ ਧਾਰਮਿਕ ਸਮਾਗਮਾਂ ਵਿੱਚ ਸ਼ਮੂਲੀਅਤ ਕਰਨ 'ਤੇ ਫਤਿਹ ਪ੍ਰਭਾਕਰ ਹੋਰਾਂ ਦਾ ਧੰਨਵਾਦ ਕੀਤਾ ਗਿਆ।

## ਵਿਦਿਆਰਥੀਆਂ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਰੈਲੀ




**ਬਰੇਟਾ (ਰੀਤਵਾਲ)**-ਸਥਾਨਕ ਅਰਿਹੰਤ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਵੱਲੋਂ ਨਸ਼ਿਆਂ ਖਿਲਾਫ ਜਾਗਰੂਕਤਾ ਰੈਲੀ ਕੱਢੀ ਗਈ।ਇਸ ਸਬੰਧੀ ਕਾਲਜ ਦੇ ਪ੍ਰਿੰਸੀਪਲ ਡਾ: ਸੁਨੀਤਾ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਇੱਕਜੁੱਟ ਹੋ ਕੇ ਯਤਨ ਜੁਟਾਉਣ ਦੀ ਜ਼ਰੂਰਤ ਹੈ ਤਾਂ ਹੀ ਇਸ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਵੱਲ ਉਤਸ਼ਾਹਤ ਹੋਣ ਦਾ ਸੁਨੇਹਾ ਦਿੱਤਾ।ਇਸ ਮੌਕੇ ਪ੍ਰੋ: ਕੁਲਦੀਪ ਸਿੰਘ, ਅਮ੍ਰਿਤਪਾਲ ਸਿੰਘ, ਬਲਵਿੰਦਰ ਸਿੰਘ ਤੇ ਰਿੰਪੀ ਹਾਜ਼ਰ ਸਨ।

## ਕਾਤਰਾਂ

### ਅੱਜ ਬਿਜਲੀ ਬੰਦ ਰਹੇਗੀ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪਾਵਰਕਾਮ ਉੱਪ ਮੰਡਲ ਸ਼ਹਿਰੀ ਧੂਰੀ ਦੇ ਐੱਸ.ਡੀ.ਓ. ਗੁਰਦੀਪਇੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 66 ਕੇਵੀ ਗਰਿੱਡ ਧੂਰੀ ਤੋਂ ਚਲਦੇ 11 ਕੇਵੀ ਐੱਮ ਕੇ ਰੋਡ ਫੀਡਰ ਤੇ 11 ਕੇਵੀ ਮਾਰਕਫੈੱਡ ਫੀਡਰ ਦੀ ਸਪਲਾਈ ਜ਼ਰੂਰੀ ਮੇਂਟੀਨੈਂਸ ਕਰਨ ਲਈ 31 ਮਾਰਚ ਐਤਵਾਰ ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਵਜੇ ਤੱਕ ਬੰਦ ਰਹੇਗੀ, ਜਿਸ ਨਾਲ ਜਨਤਾ ਨਗਰ, ਸੰਗਤਪੁਰਾ ਮੁਹੱਲਾ, ਗੁਰਦੇਵ ਨਗਰ, ਤਾਰਾ ਕਲੋਨੀ, ਦੌਲਤਪੁਰ ਰੋਡ, ਜੀਟੀਬੀ ਸਕੂਲ, ਕੈਂਬ੍ਰਿਜ ਸਕੂਲ, ਦੇਸ਼ ਭਗਤ ਕਾਲਜ ਤੇ ਗੋਲਡਨ ਐਵੀਨਿਊ ਦੀ ਬਿਜਲੀ ਸਪਲਾਈ ਬੰਦ ਰਹੇਗੀ।

### ਮਾਨਸਿਕ ਰੋਗਾਂ 'ਤੇ ਸੈਮੀਨਾਰ ਅੱਜ

**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦੀ ਸੋਚ ਨੂੰ ਵਿਗਿਆਨਕ ਬਣਾਉਣ ਲਈ ਯਤਨਸ਼ੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਮਾਨਸਿਕ ਰੋਗਾਂ ਦੇ ਕਾਰਨ ਤੇ ਇਲਾਜ ਸੰਬੰਧੀ ਜਾਣਕਾਰੀ ਦੇਣ ਹਿੱਤ 31 ਮਾਰਚ ਨੂੰ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਜ਼ੋਨ ਮੁਖੀ ਮਾਸਟਰ ਪਰਮਵੇਦ, ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ, ਤਰਕਸ਼ੀਲ ਆਗੂ ਗੁਰਦੀਪ ਲਹਿਰਾ ਤੇ ਇਕਾਈ ਮੁਖੀ ਸੁਰਿੰਦਰ ਪਾਲ ਉੱਪਲੀ ਨੇ ਦੱਸਿਆ ਕਿ ਈਟਿੰਗ ਮਾਲ ਸੰਗਰੂਰ ਵਿਖੇ 10 ਵਜੇ ਸਵੇਰੇ ਹੋ ਰਹੇ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਮਾਨਸਿਕ ਰੋਗ ਮਾਹਰ ਡਾਕਟਰ ਪਾਵੇਲ ਸਿੰਘ ਜਟਾਣਾ ਤੇ ਮਨੋਵਿਗਿਆਨੀ ਡਾਕਟਰ ਸ਼ਿਲਪਾ ਸੁਨਾਮ ਕਰਨਗੇ।

### ਪਤਨੀ ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕੈਨੇਡਾ ਵਿਖੇ ਗਈ ਇੱਕ ਵਿਆਹੁਤਾ ਲੜਕੀ ਦੇ ਪਿਤਾ ਦੀ ਸ਼ਿਕਾਇਤ 'ਤੇ ਮੂਲੇਪੁਰ ਪੁਲਸ ਵੱਲੋਂ ਉਸ ਦੇ ਪਤੀ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੀ ਲੜਕੀ ਦਾ ਵਿਆਹ ਕੈਨੇਡਾ ਵਿਖੇ ਰਹਿ ਰਹੇ ਮਨਵੀਰ ਸਿੰਘ ਮੂਲ ਵਾਸੀ ਸਰਹਿੰਦ ਸ਼ਹਿਰ ਨਾਲ ਹੋਇਆ ਸੀ, ਪਰ ਵਿਆਹ ਤੋਂ ਬਾਅਦ ਮਨਵੀਰ ਸਿੰਘ ਉਸ ਦੀ ਲੜਕੀ ਨੂੰ ਤੰਗ ਪ੍ਰੇਸ਼ਾਨ ਕਰਦਾ ਹੋਇਆ 50 ਲੱਖ ਰੁਪਏ ਦੀ ਮੰਗ ਕਰਨ ਲੱਗ ਪਿਆ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਮਨਵੀਰ ਸਿੰਘ ਨੇ ਕੈਨੇਡਾ ਵਿਖੇ ਉਸ ਦੀ ਲੜਕੀ ਦੀ ਕੁੱਟਮਾਰ ਕਰਕੇ ਉਸ ਨੂੰ ਘਰੋਂ ਕੱਢ ਦਿੱਤਾ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਮਨਵੀਰ ਸਿੰਘ ਵਿਰੁੱਧ ਕੇਸ ਦਰਜ ਕਰਕੇ ਥਾਣਾ ਮੂਲੇਪੁਰ ਦੀ ਪੁਲਸ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

### 80 ਗ੍ਰਾਮ ਹੈਰੋਇਨ ਸਮੇਤ ਦੋ ਗ੍ਰਿਫਤਾਰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੀ ਆਈ ਏ ਸਟਾਫ ਸਮਾਣਾ ਤੇ ਇੰਚਾਰਜ ਸਬ ਇੰਸਪੈਕਟਰ ਮਨਪ੍ਰੀਤ ਸਿੰਘ ਦੀ ਅਗਵਾਈ ਹੇਠ ਪੁਲਸ ਪਾਰਟੀ ਨੇ ਬੀਤੇ ਦਿਨੀਂ ਸਮਾਣਾ-ਭਵਾਨੀਗੜ੍ਹ ਰੋਡ ਦੇ ਚੋਆ ਪੁਲ 'ਤੇ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਪਿੰਡ ਬੰਮਣਾ ਵੱਲੋਂ ਸ਼ੱਕੀ ਹਾਲਤ ਵਿੱਚ ਆਉਂਦੇ ਇੱਕ ਔਰਤ ਤੇ ਇੱਕ ਨੌਜਵਾਨ ਨੂੰ ਰੋਕ ਕੇ ਚੈੱਕ ਕੀਤਾ ਤਾਂ ਤਲਾਸ਼ੀ ਦੌਰਾਨ ਉਨ੍ਹਾਂ ਪਾਸੋਂ 80 ਗ੍ਰਾਮ ਨਸ਼ੀਲਾ ਪਦਾਰਥ ਹੈਰੋਇਨ (ਚਿੱਟਾ) ਬਰਾਮਦ ਹੋਇਆ। ਦੋਵਾਂ ਮੁਲਜ਼ਮਾਂ ਖਿਲਾਫ ਥਾਣਾ ਸਦਰ ਸਮਾਣਾ ਵਿਖੇ ਕੇਸ ਦਰਜ ਕੀਤਾ ਗਿਆ ਹੈ। ਫੜੇ ਗਏ ਮੁਲਜ਼ਮਾਂ ਦੀ ਪਹਿਚਾਣ ਭਜਨ ਕੌਰ ਪਤਨੀ ਲੇਟ ਨਿਸਾਬਰ ਸਿੰਘ ਤੇ ਸੰਜੇ ਕੁਮਾਰ ਪੁੱਤਰ ਬਲਕਾਰ ਸਿੰਘ ਵਾਸੀ ਵਾਸੀ ਅਮਾਮਗੜ੍ਹ ਮੁਹੱਲਾ ਸਮਾਣਾ ਵਜੋਂ ਹੋਈ ਹੈ।

# ਇੰਗਲੈਂਡ ਦੀ ਮੁੱਖ ਵਿੱਤ ਮੰਤਰੀ ਨੇ ਹਰਜਸ ਸਕੂਲ ਝੜੌਦੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਕੀਤੀ ਮੁਲਾਕਾਤ

## ਵਿਦਿਆਰਥੀਆਂ ਦੀ ਪੜ੍ਹਾਈ ਤੇ ਅਨੁਸ਼ਾਸਨ ਤੋਂ ਹੋਏ ਪ੍ਰਭਾਵਿਤ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਬੇਟ ਖੇਤਰ ਵਿੱਚ ਲੰਬੇ ਸਮੇਂ ਤੋਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਖੇਤਰ ਵਿੱਚ ਤਰਾਸ਼ ਕੇ ਸਫ਼ਲ ਬਣਾਉਣ ਵਾਲੀ ਸੰਸਥਾ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਝੜੌਦੀ ਵਿਖੇ ਬੀਤੇ ਕੱਲ੍ਹ ਐੱਨ. ਐੱਮ. ਆਈ. ਗਰੁੱਪ ਇੰਗਲੈਂਡ ਦੀ ਮੁੱਖ ਵਿੱਤ ਮੰਤਰੀ ਜੌਨ ਸਪਿੱਕ ਤੇ ਮਿਸਟਰ ਜੋਸ਼ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨਾਲ ਮੁਲਾਕਾਤ ਕਰਦਿਆਂ ਸਕੂਲ ਪ੍ਰਬੰਧਾਂ 'ਤੇ ਖੁਸ਼ੀ ਪ੍ਰਗਟ ਕੀਤੀ।ਉਨ੍ਹਾਂ ਸਕੂਲ ਦੀ ਸੁੰਦਰਤਾ, ਸਾਫ ਸਫਾਈ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਤੇ ਪੜ੍ਹਾਈ ਦੇ ਪੱਧਰ ਨੂੰ ਦੇਖਦਿਆਂ ਸਮੁੱਚੇ ਸਟਾਫ ਨੂੰ ਇਸ ਦੀ ਵਧਾਈ ਦਿੱਤੀ।ਉਨ੍ਹਾਂ ਗੱਲਬਾਤ ਦੌਰਾਨ ਦੱਸਿਆ ਕਿ ਹਰਜਸ ਸਕੂਲ ਵਿੱਚ ਇੰਗਲੈਂਡ ਦੇ ਸਕੂਲਾਂ ਵਾਂਗ ਵੱਖ-ਵੱਖ ਵਿਸ਼ਿਆਂ ਨੂੰ ਪ੍ਰੈਕਟੀਕਲ ਦੇ ਰੂਪ ਵਿੱਚ ਪੜ੍ਹਾਉਣ ਦੀ ਜੋ ਵਿਵਸਥਾ ਕੀਤੀ ਗਈ ਹੈ, ਉਹ ਸ਼ਾਨਦਾਰ ਹੈ।ਸਫਾਈ ਤੇ ਵਿਦਿਆਰਥੀਆਂ ਦੀ ਰਹਿਣੀ-ਸਹਿਣੀ ਨੂੰ ਇੰਗਲੈਂਡ ਦੇ ਸਕੂਲਾਂ ਦੇ ਬਰਾਬਰ ਦੱਸਦਿਆਂ ਉਨ੍ਹਾਂ ਸਕੂਲ ਪ੍ਰਬੰਧਕਾਂ ਨੂੰ ਇਸ ਦਾ ਸਿਹਰਾ ਦਿੱਤਾ।ਉਨ੍ਹਾਂ ਸਮੁੱਚੇ ਸਕੂਲ ਨੂੰ ਘੁੰਮ ਕੇ ਦੇਖਿਆ ਤੇ ਸਕੂਲ ਜਮਾਤਾਂ ਲਾਇਬਰੇਰੀ, ਕੰਪਿਊਟਰ ਲੈਬ, ਸਾਇੰਸ ਲੈਬ ਤੇ ਪਲੇਅ-ਵੇ-ਜਮਾਤ ਕਮਰਿਆਂ ਦਾ ਨਿਰੀਖਣ ਕਰਦਿਆਂ ਸਮੁੱਚੇ ਸਟਾਫ ਨਾਲ ਖੁਸ਼ਨੁਮਾ ਮਾਹੌਲ ਵਿੱਚ ਗੱਲਬਾਤ ਕੀਤੀ।ਉਨ੍ਹਾਂ ਸਕੂਲ ਦੇ ਵੱਖ-ਵੱਖ ਸਥਾਨਾਂ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਦਿਆਂ ਅਧਿਆਪਕਾਂ ਨਾਲ ਵੀ ਇੱਕ ਗਰੁੱਪ ਫੋਟੋ ਕਰਵਾਈ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਹਰਜਸ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਇੰਗਲੈਂਡ ਆਉਣ ਦਾ ਸੱਦਾ ਦਿੰਦੇ ਹਨ ਤੇ ਉਨ੍ਹਾਂ ਦੇ ਇੰਗਲੈਂਡ ਆਉਣ ਦਾ ਉਚੇਚਾ ਪ੍ਰਬੰਧ ਵੀ ਕਰਨਗੇ।

# ਸਿਆਸਤਦਾਨ ਦਾ ਸਿਧਾਂਤਕ ਹੋਣਾ ਜ਼ਰੂਰੀ : ਪਰਮਿੰਦਰ ਢੀਂਡਸਾ



**ਦਿੜ੍ਹਬਾ (ਜਸਵੀਰ ਲਾਡੀ)**-ਪੰਜਾਬ ਦੇ ਸਾਬਕਾ ਵਿੱਤ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਛਾਜਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ 'ਚ ਭਗਵੰਤ ਮਾਨ ਦੀ ਸਰਕਾਰ ਨੇ ਦੂਜੀਆਂ ਸਰਕਾਰਾਂ ਦੇ ਮੁਕਾਬਲੇ ਜਹਾਜ਼ਾਂ ਤੇ ਇਸ਼ਤਿਹਾਰਾਂ 'ਤੇ ਪੰਜਾਬ ਦਾ ਇਕ ਸਾਲ ਵਿੱਚ ਐਨਾ ਰੁਪਿਆ ਖਰਚ ਕੀਤਾ ਕਿ ਦੂਜੀਆਂ ਸਰਕਾਰਾਂ ਨੇ ਪੰਜ ਸਾਲਾਂ ਵਿੱਚ ਵੀ ਨਹੀਂ ਕੀਤਾ।ਉਨ੍ਹਾਂ ਸੰਗਰੂਰ ਜ਼ਿਲ੍ਹੇ ਦੇ ਪਿੰਡ ਗੁਜਰਾਂ ਵਿਖੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਮੌਤਾਂ 'ਤੇ ਬੋਲਦਿਆਂ ਕਿਹਾ ਕਿ ਇਕ ਪਾਸੇ ਜ਼ਹਿਰੀਲੀ ਸ਼ਰਾਬ ਪੀਣ ਨਾਲ ਚੌਵੀ ਘਰਾਂ ਦੇ ਕਮਾਊ ਪੁੱਤ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ, ਦੂਜੇ ਪਾਸੇ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਬਾਲੀਵੁੱਡ ਗਾਇਕ ਸੁਖਵਿੰਦਰ ਸਿੰਘ ਨਾਲ ਗੀਤ ਗਾ ਕੇ ਜਸ਼ਨ ਮਨਾ ਰਿਹਾ ਹੁੰਦਾ, ਭਗਵੰਤ ਮਾਨ ਨੂੰ ਮਰ ਰਹੇ ਮਜ਼ਦੂਰਾਂ ਤੋਂ ਜ਼ਿਆਦਾ ਜੇਲ੍ਹ 'ਚ ਬੰਦ ਕੇਜਰੀਵਾਲ ਦਾ ਫ਼ਿਕਰ ਹੈ।ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਨੇ ਜੋ ਚੋਣਾਂ 'ਚ ਲੋਕਾਂ ਨਾਲ ਵਾਅਦੇ ਕੀਤੇ ਸਨ, ਸਰਕਾਰ ਬਣਨ ਤੋਂ ਬਾਅਦ ਸਭ ਕੁੱਝ ਵਾਅਦਿਆਂ ਦੇ ਉਲਟ ਹੀ ਕੀਤਾ ਹੈ।

ਜਾਲ੍ਹੀ ਸਰਟੀਫਿਕੇਟਾਂ ਦੇ ਮੁੱਦੇ 'ਤੇ ਬਲਵੀਰ ਆਲਮਪੁਰ ਬਾਰੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰ. ਢੀਂਡਸਾ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਜਾਲ੍ਹੀ ਸਰਟੀਫਿਕੇਟ ਧਾਰਕਾਂ ਖਿਲਾਫ ਕਾਰਵਾਈ ਕਰਨ ਦੀ ਬਜਾਏ, ਜਿਹੜੇ ਲੋਕਾਂ ਨੇ ਜਾਲ੍ਹਸਾਜ਼ੀ ਦੇ ਐਨੇ ਵੱਡੇ ਘਪਲੇ ਨੂੰ ਨੰਗਾ ਕੀਤਾ ਹੈ, ਉਸ ਵਿਅਕਤੀ 'ਤੇ ਪਰਚੇ ਦਰਜ ਕਰਨੇ ਸਰਕਾਰ ਦੀ ਜਾਲ੍ਹੀ ਸਰਟੀਫਿਕੇਟ ਧਾਰਕਾਂ ਨਾਲ ਮਿਲੀਭੁਗਤ ਹੋਣ ਦਾ ਇਸ਼ਾਰਾ ਕਰਦੀ ਹੈ।ਢੀਂਡਸਾ ਨੇ ਕਿਹਾ ਕਿ ਸਿਆਸਤਦਾਨ ਦਾ ਸਿਧਾਂਤਕ ਹੋਣਾ ਜ਼ਰੂਰੀ ਹੈ ਤੇ ਉਹ ਸਿਧਾਂਤਕ ਤੌਰ 'ਤੇ ਅਕਾਲੀ ਦਲ ਨਾਲ ਜੁੜੇ ਹੋਏ ਹਨ, ਬੇਸ਼ੱਕ ਕੁੱਝ ਸਮਾਂ ਉਹ ਅਕਾਲੀ ਦਲ ਤੋਂ ਦੂਰ ਰਹੇ, ਪਰ ਉਹ ਕਿਸੇ ਦੂਸਰੀ ਪਾਰਟੀ ਵਿੱਚ ਨਹੀਂ ਗਏ, ਉਨ੍ਹਾਂ ਕਿਹਾ ਕਿ ਪਾਰਟੀਆਂ ਬਦਲਣ ਵਾਲੇ ਆਗੂਆਂ 'ਤੇ ਲੋਕ ਵਿਸ਼ਵਾਸ ਨਹੀਂ ਕਰਦੇ।ਇਸ ਮੌਕੇ ਉਨ੍ਹਾਂ ਨਾਲ ਲੋਕ ਸਭਾ ਹਲਕਾ ਸੰਗਰੂਰ ਦੇ ਸਹਿ-ਇੰਚਾਰਜ ਤੇਜਾ ਸਿੰਘ ਕਮਾਲਪੁਰ, ਜ਼ਿਲ੍ਹਾ ਪ੍ਰਧਾਨ ਸਤਗੁਰੂ ਸਿੰਘ ਨਮੋਲ, ਅਮਨਵੀਰ ਸਿੰਘ ਚੈਰੀ, ਕਰਨ ਘੁਮਾਣ ਕੈਨੇਡਾ, ਰਣਧੀਰ ਸਿੰਘ ਸਮੂਰਾਂ, ਜੀਵਨ ਦਿੜ੍ਹਬਾ, ਤਾਰੀ ਬਘਰੌਲ, ਵਿੱਕੀ ਛਾਜਲੀ, ਬਾਬਾ ਕਰਮ ਸਿੰਘ ਸੰਗਤੀਵਾਲਾ, ਜਥੇਦਾਰ ਭਰਪੂਰ ਸਿੰਘ, ਨਿਸ਼ਾਨ ਸਿੰਘ ਛਾਜਲੀ, ਅਮਰਜੀਤ ਸਿੰਘ, ਸ੍ਰੀ ਰਾਮ, ਗੰਗਾ ਸਿੰਘ, ਹਰਨੇਕ ਸਿੰਘ, ਮਾਸਟਰ ਰਣਜੀਤ ਸਿੰਘ ਛਾਜਲਾ, ਦਰਬਾਰਾ ਸਿੰਘ ਛਾਜਲਾ ਤੇ ਜੋਗਿੰਦਰ ਸਿੰਘ ਫ਼ੌਜੀ ਆਦਿ ਤੋਂ ਇਲਾਵਾ ਹੋਰ ਵੀ ਵਰਕਰ ਹਾਜ਼ਰ ਸਨ।

## ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਲਾਨਾ ਨਤੀਜੇ ਤੇ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਸਭ ਤੋਂ ਪਹਿਲਾਂ ਸੁਖਮਨੀ ਸਾਹਿਬ ਦਾ ਪਾਠ ਤੇ ਸ਼ਬਦ ਗਾਇਨ ਹੋਇਆ। ਉਸ ਤੋਂ ਬਾਅਦ ਸਕੂਲ ਦਾ ਸਾਲਾਨਾ ਨਤੀਜਾ ਐਲਾਨਿਆ ਗਿਆ। ਗਰੇਡ-1 ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਸਕੂਲ ਦੇ ਅਧਿਆਪਕਾਂ ਦੀ ਮਿਹਨਤ ਤੇ ਬੱਚਿਆਂ ਦੇ ਰਿਜ਼ਲਟ ਨੂੰ ਦੇਖ ਕੇ ਮਾਪਿਆਂ ਵੱਲੋਂ ਸਮੂਹ ਸਕੂਲ ਸਟਾਫ਼ ਤੇ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ ਗਈ। ਇਸ ਮੌਕੇ ਸਕੂਲ ਪ੍ਰਧਾਨ ਸ੍ਰ. ਪਰਦਮਨ ਸਿੰਘ ਵਿਰਕ, ਜਨਰਲ ਸਕਤਰ ਡਾ. ਹਰਭਜਨ ਸਿੰਘ, ਸੀਨੀਅਰ ਵਾਈਸ-ਪ੍ਰਧਾਨ ਸ੍ਰ. ਗੁਲਜ਼ਾਰ ਸਿੰਘ, ਵਾਈਸ-ਪ੍ਰਧਾਨ ਸ੍ਰ. ਜਸਵੰਤ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਦੇਵ ਸਿੰਘ, ਬਲਵਿੰਦਰ ਸਿੰਘ, ਬਾਬਾ ਸਾਹਿਬ ਸਿੰਘ, ਸਕੂਲ ਪ੍ਰਿੰਸੀਪਲ ਸ੍ਰੀਮਤੀ ਸੁਨੀਤਾ ਰਾਣੀ ਤੇ ਸਮੂਹ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਚਮਕਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਪੰਜਾਬ ਬਚਾਓ ਯਾਤਰਾ ਦੀ ਕਾਮਯਾਬੀ ਲਈ ਭਰਵੀਆਂ ਮੀਟਿੰਗਾਂ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-5 ਅਪ੍ਰੈਲ ਨੂੰ ਹਲਕਾ ਸ੍ਰੀ ਫ਼ਤਹਿਗੜ੍ਹ ਸਾਹਿਬ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੀ ਜਾ ਰਹੀ ਪੰਜਾਬ ਬਚਾਓ ਯਾਤਰਾ ਦੀ ਕਾਮਯਾਬੀ ਲਈ ਹਲਕਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਭਰਵੀਆਂ ਮੀਟਿੰਗਾਂ ਕਰਨ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਹਲਕਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਜਗਦੀਪ ਸਿੰਘ ਚੀਮਾ ਦੀ ਅਗਵਾਈ ਵਿੱਚ ਮੀਟਿੰਗਾਂ ਕੀਤੀਆਂ ਗਈਆਂ। ਇਸ ਮੌਕੇ ਜਥੇਦਾਰ ਅਵਤਾਰ ਸਿੰਘ ਰਿਆ ਸਾਬਕਾ ਜੂਨੀਅਰ ਮੀਤ ਪ੍ਰਧਾਨ, ਮਨਮੋਹਨ ਸਿੰਘ ਮੁਕਾਰੋਂਪੁਰ ਜ਼ਿਲ੍ਹਾ ਪ੍ਰਧਾਨ ਸ਼ਹਿਰੀ, ਰਣਵੀਰ ਸਿੰਘ ਪੂਨੀਆ ਕੌਮੀ ਵਾਈਸ ਪ੍ਰਧਾਨ, ਬਲਜੀਤ ਸਿੰਘ ਭੁੱਟਾ ਕੌਮੀ ਵਾਈਸ ਪ੍ਰਧਾਨ, ਗੁਰਮੇਲ ਸਿੰਘ ਭਗੜਾਣਾ ਸਰਕਲ ਪ੍ਰਧਾਨ, ਸਭ ਤੋਂ ਪਹਿਲਾਂ ਭਗੜਾਣਾ, ਭੂਆ ਖੇੜੀ, ਮਹਿਤਾਬਗੜ੍ਹ, ਦਾਦੂ ਮਾਜਰਾ, ਲੋਹਾ ਖੇੜੀ, ਬਡਾਲੀ ਮਾਈ ਕੀ, ਸਿੱਧੜਾ, ਸਲੇਮਪੁਰ ਚੋਲਟੀ ਖੇੜੀ , ਤਿੰਬਰਪੁਰ ਪਿੰਡਾਂ ਦਾ ਦੌਰਾ ਕਰਨ ਸਮੇਂ ਸਮੂਹ ਨਗਰ ਨਿਵਾਸੀਆਂ ਨੇ ਮਾਨ ਸਨਮਾਨ ਕਰਕੇ ਪੰਜਾਬ ਬਚਾਓ ਯਾਤਰਾ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦਾ ਵਿਸ਼ਵਾਸ ਦਿਵਾਇਆ। ਮੀਟਿੰਗ 'ਚ ਪ੍ਰਿਤਪਾਲ ਸਿੰਘ, ਜਗਦੇਵ ਸਿੰਘ, ਹਾਕਮ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਸੁਖਵਿੰਦਰ ਸਿੰਘ, ਲੰਬੜਦਾਰ ਭੁਪਿੰਦਰ ਸਿੰਘ, ਨਿਰਮਲ ਸਿੰਘ ਸਾਬਕਾ ਸਰਪੰਚ, ਕੁਲਵੰਤ ਸਿੰਘ, ਬਲਦੇਵ ਸਿੰਘ ਪੱਤੋ ਰਣਵੀਰ ਸਿੰਘ, ਜਗਤਾਰ ਸਿੰਘ, ਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਲਖਵਿੰਦਰ ਸਿੰਘ ਲੰਬੜਦਾਰ, ਗੁਰਪ੍ਰੀਤ ਸਿੰਘ ਪੰਚ, ਬਲਜੀਤ ਸਿੰਘ ਕਾਲਾ ਸ਼ਾਮਲ ਹੋਏ।

# ਮੰਦਰ ਠਾਕੁਰ ਸ੍ਰੀ ਸਤਿਆ ਨਰਾਇਣ ਵੱਲੋਂ ਭਗਵਾਨ ਜਗਨਨਾਥ ਰੱਥ ਯਾਤਰਾ ਦਾ ਆਯੋਜਨ



**ਨਾਭਾ (ਵਰਿੰਦਰ ਵਰਮਾ)**-ਮੰਦਰ ਠਾਕੁਰ ਸ੍ਰੀ ਸਤਿਆ ਨਰਾਇਣ (ਰਜਿ.) ਨਾਭਾ ਪ੍ਰਧਾਨ ਅਸ਼ੋਕ ਜਿੰਦਲ ਕਾਲਾ ਦੀ ਅਗਵਾਈ ਹੇਠ ਸ੍ਰੀ ਭਗਵਾਨ ਜਗਨਨਾਥ ਰੱਥ ਯਾਤਰਾ ਮੰਦਰ ਤੋਂ ਸ਼ੁਰੂਆਤ ਹੋਈ। ਇਹ ਰੱਥ ਯਾਤਰਾ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੋਂ ਹੁੰਦੀ ਹੋਈ ਮੰਦਰ 'ਚ ਸੰਪੂਰਨ ਹੋਈ।ਇਸ ਮੌਕੇ ਭਗਵਾਨ ਜਗਨਨਾਥ, ਦੇਵੀ ਸੁਭੱਦਰਾ ਅਤੇ ਭਰਾ ਬਲਰਾਮ ਦੀ ਸਵਾਰੀ ਵਾਲੇ ਰੱਥ ਨੂੰ ਖਿੱਚਣ ਲਈ ਸ਼ਰਧਾਲੂਆਂ 'ਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ।ਭਗਵਾਨ ਸ੍ਰੀ ਜਗਨਨਾਥ ਦੇ ਸਵਾਗਤ ਲਈ ਪੂਰੇ ਰਸਤੇ ਨੂੰ ਵਿਸ਼ੇਸ਼ ਤੌਰ 'ਤੇ ਸਜਾਇਆ ਗਿਆ ਅਤੇ ਪੁਖਤਾ ਸੁਰੱਖਿਆ ਬੰਦੋਬਸਤ ਕੀਤੇ ਗਏ ਸਨ।ਜਗ੍ਹਾ-ਜਗ੍ਹਾ 'ਤੇ ਵਿਸ਼ੇਸ਼ ਪਕਵਾਨਾਂ ਦਾ ਪ੍ਰਬੰਧ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਅਸ਼ੋਕ ਜਿੰਦਲ ਕਾਲਾ, ਕੈਸ਼ੀਅਰ ਅਸ਼ਵਨੀ ਜਿੰਦਲ ਵਿੱਕੀ ਅਤੇ ਸਮੂਹ ਮੈਂਬਰਾਂ ਵੱਲੋਂ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਏ ਸੀ ਪੀ ਚੰਦ ਸਿੰਘ, ਸਮਾਜ ਸੇਵੀ ਰਮੇਸ਼ ਗਾਬਾ, ਸਾਬਕਾ ਨਗਰ ਕੌਂਸਲ ਪ੍ਰਧਾਨ ਅਤੇ ਕੌਂਸਲਰ ਰਜ਼ਨੀਸ਼ ਮਿੱਤਲ ਸੈਂਟੀ, ਚਰਨ ਸਿੰਘ ਐੱਮ ਡੀ ਮਲਕੀਤ ਗਰੁੱਪ, ਕ੍ਰਿਸ਼ਨ ਮੰਗਲਾ ਕੁੱਕੀ, ਸੂਰਜ ਭਾਨ ਸਿੰਗਲਾ, ਜੀਵਨ ਪ੍ਰਕਾਸ਼ ਬਾਂਸਲ ਪ੍ਰਧਾਨ ਅਗਰਵਾਲ ਸਭਾ ਨਾਭਾ, ਚਰਨਜੀਤ ਬਾਤਿਸ਼, ਰੋਹਿਤ ਜਿੰਦਲ, ਚਿਰਾਗ ਜਿੰਦਲ, ਕ੍ਰਿਸ਼ਨ ਗੋਇਲ, ਹਰਸ਼ ਬਲੱਡ ਡੋਨਰ ਸੋਸਾਇਟੀ ਪ੍ਰਧਾਨ ਭੂਵੇਸ਼ ਬਾਂਸਲ, ਕਾਂਗਰਸ ਬਲਾਕ ਪ੍ਰਧਾਨ ਵਿਵੇਕ ਸਿੰਗਲਾ, ਮੰਦਰ ਕਮੇਟੀ ਮੈਂਬਰ ਸਰਪ੍ਰਸਤ ਮੋਹਨ ਲਾਲ ਸ਼ਰਮਾ, ਸੰਜੇ ਬਾਂਸਲ, ਗਣਪਤ ਗੋਇਲ, ਕੇਵਲ ਕ੍ਰਿਸ਼ਨ ਜਿੰਦਲ (ਕੌਮੀ), ਵਿਪਨ ਸਿੰਗਲਾ, ਰਮੇਸ਼ ਜਿੰਦੀਆ, ਜੈ ਪ੍ਰਕਾਸ਼ ਬਾਂਸਲ, ਪ੍ਰਧਾਨ ਅਸ਼ੋਕ ਜਿੰਦਲ (ਕਾਲਾ), ਵਿਜੇ ਕੁਮਾਰ ਗਰਗ ਜਨਰਲ ਸਕੱਤਰ, ਅਸ਼ਵਨੀ ਜਿੰਦਲ (ਵਿੱਕੀ) ਕੈਸ਼ੀਅਰ, ਸੰਜੇ ਗੋਇਲ ਮੀਤ ਪ੍ਰਧਾਨ, ਰਮੇਸ਼ ਬਾਂਸਲ, ਅਰੁਣ ਕੁਮਾਰ (ਲੱਕੀ), ਵਿਨੋਦ ਮੋਦੀ, ਭਾਨੂ ਜਿੰਦਲ, ਸੰਦੀਪ ਗੋਇਲ, ਰਮਨ ਗੋਇਲ (ਨਾਟਾ) ਵਿਪਨ ਗਰਗ, ਰੋਹਿਤ ਜਿੰਦਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

# ਖੰਡ ਮਿੱਲ ਚਲਾਉਣ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦਫ਼ਤਰ ਅੱਗੇ ਧਰਨਾ 2 ਨੂੰ

## ਖੰਡ ਮਿੱਲ ਚਲਾਉਣ ਲਈ ਜਲਦੀ ਐਲਾਨ ਨਾ ਕੀਤਾ ਤਾਂ ਪਿੰਡਾਂ 'ਚ 'ਆਪ' ਉਮੀਦਵਾਰ ਦਾ ਵਿਰੋਧ ਕਰਾਂਗੇ : ਸੰਯੁਕਤ ਕਿਸਾਨ ਮੋਰਚਾ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸਥਾਨਕ ਸ਼ਾਂਤੀ ਨਿਕੇਤਨ ਪਾਰਕ ਵਿਖੇ ਕਿਸਾਨ ਆਗੂ ਮੇਜਰ ਸਿੰਘ ਪੁੰਨਾਂਵਾਲ ਤੇ ਹਰਿੰਦਰ ਸਿੰਘ ਕਹੇਰੂ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਬੰਦ ਪਏ ਸਥਾਨਕ ਖੰਡ ਮਿੱਲ ਨੂੰ ਚਲਾਉਣ ਲਈ ਵਿੱਢੇ ਜਾਣ ਵਾਲੇ ਸੰਘਰਸ਼ ਦੀ ਰੂਪਰੇਖਾ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦਿਆਂ ਜਰਨੈਲ ਸਿੰਘ ਜਹਾਂਗੀਰ, ਰਛਪਾਲ ਸਿੰਘ ਦੋਹਲਾ, ਉਧਮ ਸਿੰਘ ਸੰਤੋਖਪੁਰਾ, ਨਾਜਮ ਸਿੰਘ ਪੁੰਨਾਂਵਾਲ ਨੇ ਦੱਸਿਆ ਕਿ ਖੰਡ ਮਿੱਲ ਚਲਾਉਣ ਸਬੰਧੀ ਮੁੱਖ ਮੰਤਰੀ ਦੇ ਓ.ਐੱਸ.ਡੀ. ਤੇ ਕੈਂਪ ਦਫ਼ਤਰ ਇੰਚਾਰਜ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ ਤੇ ਮੀਟਿੰਗ ਵਿੱਚ ਆਗੂਆਂ ਨੇ ਜਲਦੀ ਹੀ ਕਿਸਾਨ ਆਗੂਆਂ ਨੂੰ ਇਸ ਬਾਰੇ ਦੱਸਣ ਦੀ ਗੱਲ ਕਹੀ ਸੀ, ਪਰ ਅੱਜ ਤੱਕ ਸੱਤਾਧਾਰੀ ਇਸ ਬਾਰੇ ਕੁੱਝ ਵੀ ਕਹਿਣ ਲਈ ਤਿਆਰ ਨਹੀਂ ਹਨ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਖੰਡ ਮਿੱਲ ਚਲਾਉਣ ਦੀ ਮੰਗ ਨੂੰ ਲੈ ਕੇ 2 ਅਪ੍ਰੈਲ ਨੂੰ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ ਤੇ ਉਸ ਦਿਨ ਹੀ ਅਗਲੇ ਸੰਘਰਸ਼ ਦੀ ਰੂਪਰੇਖਾ ਉਲੀਕੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਜੇਕਰ ਸਰਕਾਰ ਨੇ ਖੰਡ ਮਿੱਲ ਚਲਾਉਣ ਸਬੰਧੀ ਜਲਦੀ ਐਲਾਨ ਨਾ ਕੀਤਾ ਤਾਂ ਲੋਕ ਸਭਾ ਚੋਣਾਂ ਵਿੱਚ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਦਾ ਪਿੰਡ ਪਿੰਡ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਨਿਰਮਲ ਸਿੰਘ ਬਟਿਰਆਣਾ, ਜਗਤਾਰ ਸਿੰਘ ਦੁੱਗਾਂ, ਜਸਵੰਤ ਸਿੰਘ ਢਢੋਗਲ, ਰਣਜੀਤ ਸਿੰਘ ਮੂਲੋਵਾਲ, ਅਵਤਾਰ ਸਿੰਘ ਕਹੇਰੂ, ਹਮੀਰ ਸਿੰਘ ਬੁਗਰਾ, ਰੋਹੀ ਸਿੰਘ ਮੰਗਵਾਲ, ਅਮਰੀਕ ਸਿੰਘ ਕਾਂਝਲਾ, ਬਹਾਦਰ ਸਿੰਘ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।

# ਲੋਕ ਸਭਾ ਚੋਣਾਂ ਸੰਬੰਧੀ ਸੁਰੱਖਿਆ ਪ੍ਰਬੰਧਾਂ ਦਾ ਡੀ ਆਈ ਜੀ ਨੇ ਲਿਆ ਜਾਇਜ਼ਾ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਡੀ ਆਈ ਜੀ ਰੇਂਜ ਪਟਿਆਲਾ ਹਰਚਰਨ ਸਿੰਘ ਭੁੱਲਰ ਵਲੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਸਮੂਹ ਗਜ਼ਟਿਡ ਅਫਸਰ, ਮੁੱਖ ਅਫਸਰ ਥਾਣਾਜਾਤ, ਇੰਚਾਰਜ ਪੁਲਸ ਪੋਸਟ ਅਤੇ ਸਪੈਸ਼ਲ ਯੂਨਿਟ ਨਾਲ ਕਾਨਫਰੰਸ ਹਾਲ, ਜ਼ਿਲ੍ਹਾ ਪੁਲਸ ਦਫਤਰ, ਮਾਲੇਰਕੋਟਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਭੁੱਲਰ ਵਲੋਂ ਮੀਟਿੰਗ ਵਿਚ ਕਰਾਇਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਅਗਾਮੀ ਲੋਕ ਸਭਾ ਚੋਣਾਂ ਸਬੰਧੀ ਸੁਰੱਖਿਆ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਜ਼ਿਲ੍ਹੇ ਵਿੱਚ ਪਾਰਦਰਸ਼ੀ, ਨਿਰਪੱਖ ਅਤੇ ਸ਼ਾਂਤੀਪੂਰਨ ਚੋਣਾਂ ਦੇ ਅਮਲ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਹਦਾਇਤਾਂ ਜਾਰੀ ਕੀਤੀਆਂ ਗਈਆਂ ਤੇ ਆਦਰਸ਼ ਚੋਣ ਜ਼ਾਬਤੇ ਨੂੰ ਸਖਤੀ ਨਾਲ ਲਾਗੂ ਕਰਨ ਸਬੰਧੀ ਦਿਸ਼ਾ-ਨਿਰਦੇਸ਼ ਦਿੱਤੇ ਗਏ। ਉਨ੍ਹਾ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਰਦੇਸ਼ਾਂ ਅਨੁਸਾਰ ਭਗੌੜਿਆਂ (ਪੀ.ਓ), ਬੇਲ-ਜੰਪਰਜ਼ ਅਤੇ ਪੈਰੋਲ ਜੰਪਰਜ਼ ਨੂੰ ਗ੍ਰਿਫਤਾਰ ਕਰਨ, ਗੈਰ-ਜ਼ਮਾਨਤੀ ਵਾਰੰਟ (ਐਨ.ਬੀ.ਡਬਲਿਊ) ਨੂੰ 100 ਫੀਸਦੀ ਲਾਗੂ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇ। ਚੋਣਾਂ ਦੌਰਾਨ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਲਈ ਜ਼ਿਲ੍ਹੇ ਦੀ 75 ਫੀਸਦੀ ਫੋਰਸ ਅਤੇ ਕੇਂਦਰੀ ਹਥਿਆਰਬੰਦ ਪੁਲਸ ਬਲ ਦੀਆਂ ਕੰਪਨੀਆਂ ਦਾ ਉਪਯੋਗ ਕਰਕੇ ਜ਼ਿਲ੍ਹੇ ਵਿੱਚ ਫਲੈਗ ਮਾਰਚ ਕੱਢੇ ਜਾਣ। ਜ਼ਿਲ੍ਹੇ ਨਾਲ ਲਗਦੀਆਂ ਮੁੱਖ ਸੜਕਾਂ 'ਤੇ 24 ਘੰਟੇ ਵਿਸ਼ੇਸ਼ ਨਾਕਾਬੰਦੀ ਕਰਕੇ ਨਜਾਇਜ਼ ਸ਼ਰਾਬ, ਨਸ਼ੀਲੇ ਪਦਾਰਥਾਂ ਅਤੇ ਨਕਦੀ ਦੀ ਸਮਗਲਿੰਗ 'ਤੇ ਨਜ਼ਰ ਰੱਖੀ ਜਾਵੇ। ਜ਼ਿਲ੍ਹੇ ਦੀਆਂ ਲਿੰਕ ਸੜਕਾਂ 'ਤੇ ਵੀ ਫਲਾਇੰਗ ਸਕਵੈਡ ਟੀਮਾਂ ਅਤੇ ਪੈਟਰੋਲਿੰਗ ਪਾਰਟੀਆਂ ਨਾਲ 24 ਘੰਟੇ ਨਜ਼ਰ ਰੱਖੀ ਜਾਵੇ।

ਉਨ੍ਹਾ ਸਮੂਹ ਮੁੱਖ ਅਫਸਰ ਥਾਣਾਜਾਤ ਨੂੰ ਹਦਾਇਤ ਕੀਤੀ ਗਈ ਕਿ ਉਹ ਆਪਣੇ ਇਲਾਕੇ ਅੰਦਰ ਸਮਾਜ ਵਿਰੋਧੀ ਅਨਸਰਾਂ ਤੇ ਕਰੜੀ ਨਜ਼ਰ ਰੱਖਣ ਅਤੇ ਕਿਸੇ ਨੂੰ ਵੀ ਚੋਣਾਂ ਦੌਰਾਨ ਅਮਨ-ਸ਼ਾਂਤੀ ਭੰਗ ਕਰਨ ਦੀ ਇਜ਼ਾਜ਼ਤ ਨਾ ਦਿੱਤੀ ਜਾਵੇ। ਚੋਣਾਂ ਦੌਰਾਨ ਗੰਨ ਹਾਊਸ, ਕਾਊਂਟਿੰਗ ਸੈਂਟਰਾਂ, ਸਟੋਰੇਜ ਸੈਂਟਰਾਂ ਅਤੇ ਚੋਣ ਉਮੀਦਵਾਰਾਂ ਦੀ ਸੁਰੱਖਿਆ ਗਾਰਦ, ਗੰਨਮੈਨ ਅਤੇ ਸੀ.ਸੀ.ਟੀ.ਵੀ ਕੈਮਰੇ ਆਦਿ ਰਾਹੀਂ ਯਕੀਨੀ ਬਣਾਈ ਜਾਵੇ। ਭੁੱਲਰ ਵਲੋਂ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਲੋਕ ਆਪਣਾ ਅਸਲਾ ਜਮ੍ਹਾ ਕਰਵਾਉਣ ਤਾਂ ਜੋ ਚੋਣਾਂ ਦੌਰਾਨ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ ਅਤੇ ਚੋਣਾਂ ਸ਼ਾਂਤਮਈ ਤਰੀਕੇ ਨਾਲ ਸੰਪੂਰਨ ਹੋਣ।

## ਐੱਨ ਐੱਸ ਐੱਸ ਵਲੰਟੀਅਰਾਂ ਵੱਲੋਂ ਵੋਟਰਾਂ ਨੂੰ ਜਾਗਰੂਕ ਕਰਨ ਸੰਬੰਧੀ ਰੈਲੀ




**ਦਿੜ੍ਹਬਾ (ਜਸਵੀਰ ਲਾਡੀ)**-ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਛਾਜਲੀ ਵਿਖੇ ਚੱਲ ਰਹੇ ਸੱਤ ਰੋਜ਼ਾ ਕੈਂਪ ਦੇ ਅੱਜ ਛੇਵੇਂ ਦਿਨ ਵਲੰਟੀਅਰਾਂ ਵੱਲੋਂ ਪਿੰਡ ਛਾਜਲੀ ਦੇ ਵੋਟਰਾਂ ਨੂੰ ਜਾਗਰੂਕ ਕਰਨ ਸੰਬੰਧੀ ਪੂਰੇ ਪਿੰਡ ਵਿੱਚ ਸਵੀਪ ਰੈਲੀ ਕੱਢੀ ਗਈ ਤੇ ਵੱਖ ਵੱਖ ਥਾਵਾਂ 'ਤੇ ਜਾਣ ਸਮੇਂ ਲਗਾਏ ਨਾਹਰਿਆਂ ਨੂੰ ਜਿੱਥੇ ਲੋਕ ਖੜ ਖੜ ਦੇਖ ਰਹੇ ਸਨ, ਉਥੇ ਉਨ੍ਹਾਂ ਵੱਖ ਵੱਖ ਸਰਵਜਨਕ ਥਾਵਾਂ 'ਤੇ ਬੈਠੇ ਲੋਕਾਂ ਨੂੰ ਵੋਟ ਦੀ ਮਹੱਤਤਾ ਬਾਰੇ ਦੱਸਿਆ। ਪਿੰਡ ਦੇ ਲੋਕਾਂ ਨੇ ਵਲੰਟੀਅਰਾਂ ਦੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਪ੍ਰੋਗਰਾਮ ਅਫਸਰ ਅਮਨੀਸ਼ ਕੁਮਾਰ ਨੇ ਦੱਸਿਆ ਕਿ ਯੁਵਕ ਸੇਵਾਵਾਂ ਵਿਭਾਗ ਦੇ ਅਸਿਸਟੈਂਟ ਡਾਇਰੈਕਟਰ ਅਰੁਣ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਪ੍ਰਿੰਸੀਪਲ ਗੁਰਵਿੰਦਰ ਸਿੰਘ ਦੀ ਯੋਗ ਅਗਵਾਈ ਅਧੀਨ ਇਹ ਸਵੀਪ ਰੈਲੀ ਕੱਢੀ ਗਈ, ਜਿਸ ਦਾ ਮਕਸਦ ਵਲੰਟੀਅਰਾਂ ਦੁਆਰਾ ਲੋਕਾਂ ਨੂੰ ਮਤਦਾਨ ਦੀ ਮਹੱਤਤਾ ਦੀ ਜਾਣਕਾਰੀ ਦੇਣਾ ਸੀ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੰਦੀਪ ਸਿੰਘ, ਹਰਮੀਤ ਸਿੰਘ, ਪ੍ਰਿਤਪਾਲ ਸਿੰਘ, ਜਸਵਿੰਦਰ ਸਿੰਘ, ਮੈਡਮ ਜਤਿੰਦਰ ਕੌਰ ਤੇ ਮੈਡਮ ਸੀਮਾ ਰਾਣੀ ਵਿਦਿਆਰਥੀਆਂ ਨਾਲ ਮੌਜੂਦ ਸਨ।

## ਸੁੰਦਰ ਨਗਰ ਵਿਖੇ ਕੈਂਸਰ ਸੰਬੰਧੀ ਕੈਂਪ ਲਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਇਥੋਂ ਦੇ ਸੁੰਦਰ ਨਗਰ ਦੇ ਗੁਰੂਘਰ ਨੇੜੇ ਕੈਂਸਰ ਸਬੰਧੀ ਕੈਂਪ ਦਾ ਲਾਇਆ ਗਿਆ, ਜਿਸ ਵਿੱਚ ਪੀ ਜੀ ਆਈ ਤੋਂ ਡਾ. ਦਿਵਿਆ ਜਯੋਤੀ ਸੀਨੀਅਰ ਪ੍ਰੋਗਰਾਮ ਕੋਆਰਡੀਨੇਟਰ ਨੌਰਥ ਇੰਡੀਆ ਸੰਜੀਵਨੀ (ਕੈਂਸਰ) ਚੰਡੀਗੜ੍ਹ ਵਿਸ਼ੇਸ਼ ਤੌਰ 'ਤੇ ਆਏ। ਉਨ੍ਹਾਂ ਕੈਂਪ ਨੂੰ ਸੰਬੋਧਨ ਕਰਦਿਆਂ ਵਿਸ਼ੇਸ਼ ਤੌਰ 'ਤੇ ਔਰਤਾਂ ਨੂੰ ਕੈਂਸਰ ਸਬੰਧੀ ਬਿਮਾਰੀਆਂ ਤੋਂ ਬਚਣ ਦੇ ਉਪਾਅ ਦੱਸੇ। ਉਨ੍ਹਾਂ ਕਿਹਾ ਕਿ ਜ਼ਨਾਨੀ ਦੀ ਛਾਤੀ, ਬੱਚੇਦਾਨੀ ਦੀਆਂ ਬਿਮਾਰੀਆਂ ਤੋਂ ਬਚਣ ਲਈ ਮੈਦਾ ਨਾ ਖਾਓ। ਛਾਤੀ ਨੂੰ ਦਬਾਓ, ਜੇ ਦਰਦ ਹੈ ਤਾਂ ਕੈਂਸਰ ਦੀ ਸ਼ਿਕਾਇਤ ਹੈ। ਬੱਚੇਦਾਨੀ ਦਾ ਕੈਂਸਰ ਤੀਜੀ ਸਟੇਜ 'ਤੇ ਹੈ। ਪਿਸ਼ਾਬ ਵਿੱਚ ਖੂਨ ਆਉਣਾ ਵੀ ਕੈਂਸਰ ਹੈ। ਇਸ ਦੇ ਬਚਾਅ ਲਈ ਬਾਹਰੋਂ ਬਣੀਆਂ ਚੀਜ਼ਾਂ ਨਾ ਖਾਓ, ਫਰੂਟ ਖਾਓ, ਘਰ ਬਣਾ ਕੇ ਖਾਓ। ਇਸ ਮੌਕੇ ਸੁਖਦੇਵ ਸਿੰਘ ਪ੍ਰਧਾਨ, ਮਹਿੰਦਰ ਸਿੰਘ ਮੀਤ ਪ੍ਰਧਾਨ, ਜੋਰਾਵਰ ਸਿੰਘ ਸੈਣੀ, ਸੁਖਵਿੰਦਰ ਸਿੰਘ, ਪ੍ਰੀਤਮ ਸਿੰਘ, ਬੂਟਾ ਸਿੰਘ, ਰਚਨਾ ਸ਼ਰਮਾ ਐੱਮ ਸੀ, ਅਮਨਦੀਪ ਕੌਰ, ਗੁਰਮੁਖ ਸਿੰਘ ਵਿਰਕ ਸ਼ਾਮਲ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਅੰਤਰ-ਅਨੁਸ਼ਾਸਨੀ ਮਿਲਣੀ ਸੰਪੰਨ



ਸਮਾਪਤੀ ਸਮਾਗਮ ਦੌਰਾਨ ਸਮਾਗਮ ਦੇ ਮੁੱਖ ਮਹਿਮਾਨ ਤੇ ਯੂਨੀਵਰਸਿਟੀ ਅਧਿਕਾਰੀ।

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਪੰਜਵੀਂ ਦੋ ਰੋਜ਼ਾ ਰਾਸ਼ਟਰੀ ਅੰਤਰ-ਅਨੁਸ਼ਾਸਨੀ ਸਾਲਾਨਾ ਰਿਸਰਚ ਮਿਲਣੀ ਦੀ ਸੰਪੂਰਨਤਾ ਹੋਈ।ਪਿਛਲੇ ਪੰਜ ਸਾਲਾਂ ਤੋਂ ਵਰਲਡ ਯੂਨੀਵਰਸਿਟੀ ਵੱਲੋਂ ਰਾਸ਼ਟਰੀ ਪੱਧਰ 'ਤੇ ਵੱਖ ਵੱਖ ਅਨੁਸ਼ਾਸਨਾਂ ਵਿੱਚ ਹੋ ਰਹੇ ਪੀ.ਐੱਚ.ਡੀ. ਖੋਜ ਕਾਰਜਾਂ ਦਾ ਮਿਆਰ ਉੱਚਾ ਚੁੱਕਣ ਤੇ ਖੋਜਾਰਥੀਆਂ ਨੂੰ ਆਪਣੀਆਂ ਖੋਜਾਂ ਪੇਸ਼ ਕਰਨ ਦਾ ਮੌਕਾ ਦੇਣ ਲਈ ਇਹ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ।ਰਿਸਰਚ ਮਿਲਣੀ ਦੇ ਵਿਦਾਇਗੀ ਸੈਸ਼ਨ ਵਿੱਚ ਬਤੌਰ ਮੁੱਖ ਮਹਿਮਾਨ ਪਹੁੰਚੇ ਪ੍ਰੋਫੈਸਰ ਸੁਸ਼ੀਲ ਮਿੱਤਲ ਵਾਈਸ ਚਾਂਸਲਰ ਆਈ. ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਲੰਧਰ ਨੇ ਆਖਿਆ ਕਿ ਅਜਿਹੇ ਉਪਰਾਲੇ ਜਿੱਥੇ ਵਿਦਿਆਰਥੀਆਂ ਦੀ ਬਹੁਪੱਖੀ ਸ਼ਖ਼ਸੀ ਉਸਾਰੀ ਲਈ ਲਾਹੇਵੰਦ ਸਾਬਿਤ ਹੁੰਦੇ ਹਨ, ਉੱਥੇ ਇਨ੍ਹਾਂ ਉਪਰਾਲਿਆਂ ਦਾ ਰਾਸ਼ਟਰੀ ਪੱਧਰ 'ਤੇ ਖੋਜ ਨੂੰ ਹੋਰ ਉਚੇਰਾ ਤੇ ਮਿਆਰੀ ਬਣਾਉਣ ਵਿੱਚ ਵੀ ਅਹਿਮ ਯੋਗਦਾਨ ਹੁੰਦਾ ਹੈ।

ਇਸ ਮੌਕੇ ਪ੍ਰੋਫੈਸਰ ਅਜਾਇਬ ਸਿੰਘ ਬਰਾੜ ਪ੍ਰੋ-ਚਾਂਸਲਰ ਵਰਲਡ ਯੂਨੀਵਰਸਿਟੀ ਨੇ ਸਮੂਹ ਖੋਜਾਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਆਖਿਆ ਕਿ ਅੱਜ ਦੇ ਖੋਜਾਰਥੀਆਂ ਨੇ ਹੀ ਕੱਲ੍ਹ ਦੇ ਵਿਗਿਆਨੀ, ਕਾਨੂੰਨਦਾਨ, ਤਕਨੀਕੀ ਮਾਹਰ, ਲੋਕ ਸੇਵਕ, ਸਮਾਜ-ਸੁਧਾਰਕ ਤੇ ਆਗੂ ਬਣਨਾ ਹੈ। ਉਨ੍ਹਾਂ ਆਖਿਆ ਕਿ ਅਕਾਦਮਿਕ ਤੇ ਖੋਜ ਪੱਖੋਂ ਸਮਰੱਥ ਨੌਜਵਾਨ ਪੀੜ੍ਹੀ ਦਾ ਹੋਣਾ ਕਿਸੇ ਵੀ ਸਮਾਜ ਲਈ ਸਭ ਤੋਂ ਵੱਡਾ ਸਰਮਾਇਆ ਹੁੰਦਾ ਹੈ, ਜਿਸ ਆਸਰੇ ਕੋਈ ਵੀ ਸਮਾਜ ਆਪਣੇ ਚੰਗੇਰੇ ਭਵਿੱਖ ਦੀ ਆਸ ਕਰ ਸਕਦਾ ਹੈ। ਵਿਦਾਇਗੀ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪ੍ਰੋਫੈਸਰ ਪਰਿਤ ਪਾਲ ਸਿੰਘ ਵਾਈਸ ਚਾਂਸਲਰ ਨੇ ਦੇਸ਼ ਭਰ ਤੋਂ ਰਿਸਰਚ ਮਿਲਣੀ ਨਾਲ ਜੁੜੇ ਹੋਏ ਖੋਜਾਰਥੀਆਂ ਨੂੰ ਆਖਿਆ ਕਿ ਕਿਸੇ ਵੀ ਕਾਨਫਰੰਸ ਦੀ ਸਫਲਤਾ ਉਸ ਵਿੱਚ ਪੇਸ਼ ਹੋਏ ਖੋਜ ਪੇਪਰਾਂ ਦੇ ਮਿਆਰ ਉੱਪਰ ਨਿਰਭਰ ਕਰਦੀ ਹੈ।ਉਨ੍ਹਾਂ ਆਖਿਆ ਕਿ ਰਿਸਰਚ ਮਿਲਣੀ, ਜਿਹੇ ਉਪਰਾਲਿਆਂ ਰਾਹੀਂ ਮੁਲਕ ਦੇ ਵੱਖ ਵੱਖ ਕੋਨਿਆਂ ਵਿੱਚ ਖੋਜ ਕਰ ਰਹੇ ਖੋਜਾਰਥੀਆਂ ਨੂੰ ਆਪਸ ਵਿੱਚ ਵਿਚਾਰ ਵਿਟਾਂਦਰੇ ਦਾ ਮੌਕਾ ਮਿਲਦਾ ਹੈ।ਇਸ ਮੌਕੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ ਡੀਨ ਅਕਾਦਮਿਕ ਮਾਮਲੇ ਨੇ ਮਹਿਮਾਨਾਂ ਤੇ ਵਿਦਵਾਨਾਂ ਦਾ ਸਵਾਗਤ ਕੀਤਾ।ਉਨ੍ਹਾ ਦੱਸਿਆ ਕਿ ਸਹਿ-ਕਨਵੀਨਰ ਡਾ. ਸੁਮਿਤ ਕੁਮਾਰ ਅਤੇ ਡਾ. ਸਿਕੰਦਰ ਸਿੰਘ ਤੇ ਡਾ. ਜਸਪ੍ਰੀਤ ਕੌਰ ਖੇਤੀਬਾੜੀ ਵਿਭਾਗ, ਡਾ. ਹਰਨੀਤ ਬਿਲਿੰਗ ਸਿੱਖਿਆ ਵਿਭਾਗ, ਡਾ. ਹਰਦੇਵ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਅਨ ਵਿਭਾਗ ਤੇ ਡਾ. ਰੂਬੀਨਾ ਬਾਜਵਾ ਕਾਮਰਸ ਤੇ ਮੈਨੇਜਮੈਂਟ ਵਿਭਾਗ ਨੇ ਰਿਸਰਚ ਮਿਲਣੀ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਮਿਲਣੀ ਦੇ ਸਹਿ-ਕਨਵੀਨਰ ਡਾ. ਸੁਮਿਤ ਕੁਮਾਰ ਡੀਨ ਐਲੂਮਨੀ ਵੱਲੋਂ ਰਿਸਰਚ ਮਿਲਣੀ ਦੇ ਦੋਹਾਂ ਦਿਨਾਂ ਦੀ ਸਮੁੱਚੀ ਕਾਰਵਾਈ ਦੀ ਰਿਪੋਰਟ ਪੇਸ਼ ਕੀਤੀ ਗਈ।ਰਿਸਰਚ ਮਿਲਣੀ ਦੇ ਵੱਖ-ਵੱਖ ਭਾਗਾਂ ਆਨਲਾਈਨ ਸੈਸ਼ਨ ਦੌਰਾਨ ਵਿਸ਼ਾ ਮਾਹਰ ਦੀ ਭੂਮਿਕਾ ਡਾ. ਰਾਹੁਲ ਬਦਰੂ, ਡਾ. ਸੁਪਰੀਤ ਬਿੰਦਰਾ, ਡਾ. ਮੋਨਿਕਾ ਆਈਰੀ, ਡਾ. ਹਰਪ੍ਰੀਤ ਕੌਰ, ਡਾ. ਬਲਜੀਤ ਕੌਰ, ਡਾ. ਰਮਨਦੀਪ ਕੌਰ, ਡਾ. ਨਵ ਸ਼ਗਨਦੀਪ ਕੌਰ, ਡਾ. ਬਲਵਿੰਦਰ ਕੌਰ, ਡਾ. ਸੁਪਿੰਦਰ ਕੌਰ ਨੇ ਨਿਭਾਈ, ਜਦਕਿ ਦੂਜੇ ਦਿਨ ਆਫਲਾਈਨ ਸੈਸ਼ਨ ਵਿੱਚ ਪ੍ਰੋ. ਰਮੇਸ਼ ਅਰੋੜਾ, ਪ੍ਰੋ. ਨਵਦੀਪ ਕੌਰ, ਪ੍ਰੋ. ਜੇ ਐੱਨ ਭਾਟੀਆ, ਪ੍ਰੋ. ਤੇਜਬੀਰ ਸਿੰਘ, ਪ੍ਰੋ. ਜਸਬੀਰ ਕੌਰ ਚਹਿਲ, ਪ੍ਰੋ. ਐੱਚ ਐੱਸ ਭੱਟੀ, ਪ੍ਰੋ. ਜਮਸ਼ੀਦ ਅਲੀ ਖਾਨ, ਪ੍ਰੋ. ਬੀ ਐੱਸ ਘੁੰਮਣ, ਡਾ. ਅੰਕਦੀਪ ਕੌਰ ਅਟਵਾਲ, ਡਾ. ਸਿਕੰਦਰ ਸਿੰਘ, ਪ੍ਰੋ. ਪਰਮਜੀਤ ਸਿੰਘ, ਡਾ. ਨਵਲੀਨ ਕੌਰ ਤੇ ਡਾ. ਕੰਚਨ ਰਾਣੀ ਨੇ ਵਿਸ਼ਾ ਮਾਹਰ ਵਜੋਂ ਸ਼ਿਰਕਤ ਕੀਤੀ।ਵਿਦਾਇਗੀ ਸਮਾਗਮ ਦੇ ਅਖੀਰ ਵਿੱਚ ਰਿਸਰਚ ਮਿਲਣੀ ਦੇ ਸਹਿ-ਕਨਵੀਨਰ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਨੇ ਸਮੂਹ ਪਤਵੰਤਿਆਂ, ਵਿਦਵਾਨਾਂ ਤੇ ਖੋਜਾਰਥੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਵਿਦਵਾਨ ਵਿਸ਼ਾ-ਮਾਹਰਾਂ, ਖੋਜਾਰਥੀਆਂ ਤੇ ਪ੍ਰਬੰਧਕਾਂ ਦੇ ਸਾਂਝੇ ਉਦਮ ਸਦਕਾ ਹੀ ਅਜਿਹੇ ਖੋਜ ਸਮਾਗਮ ਸਫਲ ਹੁੰਦੇ ਹਨ।ਇਸ ਮੌਕੇ ਉਕਤ ਚਾਰੇ ਭਾਗਾਂ ਦੇ ਆਨਲਾਈਨ ਤੇ ਆਫਲਾਈਨ ਸੈਸ਼ਨ ਦੌਰਾਨ ਚੁਣੇ ਗਏ ਸ਼੍ਰੋਮਣੀ ਖੋਜ-ਪਰਚਿਆਂ ਦਾ ਐਲਾਨ ਕੀਤਾ ਗਿਆ ਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤੇ ਸਨਮਾਨ ਚਿੰਨ੍ਹ ਭੇਟ ਕੀਤੇ ਗਏ।ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਮੁਖੀ/ਇੰਚਾਰਜ, ਰਜਿਸਟਰਾਰ ਪ੍ਰੋਫੈਸਰ ਤੇਜਬੀਰ ਸਿੰਘ, ਡਿਪਟੀ ਰਜਿਸਟਰਾਰ ਜਗਜੀਤ ਸਿੰਘ, ਡਿਪਟੀ ਰਜਿਸਟਰਾਰ ਬਲਵਿੰਦਰ ਕੌਰ ਹਾਜ਼ਰ ਰਹੇ।

# ਟੱਚਸਟੋਨ ਐਜੂਕੇਸ਼ਨਲ ਨੇ ਆਈਲੈਟਸ ਮੈਗਾ ਮੇਲਾ ਲਗਾਇਆ



**ਬਰਨਾਲਾ (ਰਾਜਿੰਦਰ ਬਰਾੜ, ਰਾਕੇਸ਼ ਨੀਟਾ)**

ਟੱਚਸਟੋਨ ਐਜੂਕੇਸ਼ਨਲਜ਼ ਨੇ ਆਈ ਡੀ ਪੀ ਦੇ ਸਹਿਯੋਗ ਨਾਲ ਸ਼ੁਕਰਵਾਰ ਨੂੰ ਬਰਨਾਲਾ ਵਿਖੇ ਆਪਣੇ ਆਈਲੈਟਸ ਮੈਗਾ ਮੇਲੇ ਦੀ ਮੇਜ਼ਬਾਨੀ ਕੀਤੀ। ਇਸ ਆਈਲੈਟਸ ਮੈਗਾ ਮੇਲੇ ਦੌਰਾਨ ਵਿਦੇਸ਼ਾਂ ਵਿੱਚ ਸਿੱਖਿਆ, ਰੁਜ਼ਗਾਰ, ਜਾਂ ਰਿਹਾਇਸ਼ ਦੇ ਮੌਕਿਆਂ ਲਈ ਚਾਹਵਾਨ ਵਿਅਕਤੀਆਂ ਲਈ ਆਈਲੈਟਸ ਪ੍ਰੀਖਿਆ ਦੀ ਅਹਿਮ ਭੂਮਿਕਾ ਬਾਰੇ ਜਾਣਕਾਰੀ ਸਾਂਝਾ ਕੀਤੀ ਗਈ।

ਆਈਲੈਟਸ ਮੈਗਾ ਦੌਰਾਨ ਟੱਚਸਟੋਨ ਐਜੂਕੇਸ਼ਨਲਜ਼ ਦੇ ਸੀ ਈ ਓ ਤੇ ਐਮ ਡੀ ਆਸ਼ੂਤੋਸ਼ ਆਨੰਦ ਦੀ ਅਗਵਾਈ ਵਿੱਚ ਇੱਕ ਖਾਸ ਸੈਸ਼ਨ ਕੀਤਾ ਗਿਆ ਜਿਸ ਦੌਰਾਨ ਵਿਦੇਸ਼ ਵਿੱਚ ਪੜ੍ਹਾਈ ਕਰਨ ਸਮੇਤ ਰੁਜ਼ਗਾਰ ਤੇ ਹੋਰ ਕਿੱਤੇ ਲਈ ਜਾਣ ਬਾਰੇ ਗਿਆਨ ਭਰਪੂਰ ਜਾਣਕਾਰੀ ਸਾਂਝੀ ਕੀਤੀ ਅਤੇ ਭਾਗੀਦਾਰਾਂ ਦੇ ਸਵਾਲਾਂ ਨੂੰ ਨਿੱਜੀ ਤੌਰ 'ਤੇ ਸੰਬੋਧਨ ਕੀਤਾ।ਆਨੰਦ ਨੇ ਆਈਲੈਟਸ ਪ੍ਰੀਖਿਆ ਦੇ ਸਾਰੇ ਚਾਰ ਮਾਡਿਊਲਾਂ ਨੂੰ ਇੰਟਰਐਕਟਿਵ ਅਤੇ ਜਾਣਕਾਰੀ ਭਰਪੂਰ ਤਰੀਕੇ ਨਾਲ ਮੁਹਾਰਤ ਹਾਸਲ ਕਰਨ ਲਈ ਸੁਝਾਅ ਦਿੱਤੇ ਗਏ।ਇਸ ਮੌਕੇ ਆਈਲੈਟਸ ਮਾਹਰ ਤੇ ਟ੍ਰੇਨਰ ਸੁਜਾਤਾ ਛਾਬੜਾ ਨੂੰ ਅਧਿਆਪਨ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।ਇਸ ਮੈਗਾ ਮੇਲੇ ਨੂੰ ਲੈਕੇ ਟੱਚਸਟੋਨ ਐਜੂਕੇਸ਼ਨਲ ਨੇ ਆਈ ਡੀ ਪੀ ਆਈਲੈਟਸ ਟੀਮ ਇੰਦਰਪ੍ਰੀਤ ਸਿੰਘ ਐਸੋਸੀਏਟ ਡਾਇਰੈਕਟਰ ਆਈਲੈਟਸ ਓਪਰੇਸ਼ਨਜ਼ (ਉੱਤਰੀ ਭਾਰਤ) ਅਤੇ ਆਈਲੈਟਸ ਪ੍ਰਸ਼ਾਸਕ (ਭਾਰਤ) ਦਾ ਧੰਨਵਾਦ ਕੀਤਾ।

# ਚਾਰ ਨਸ਼ਾ ਤਸਕਰਾਂ ਦੀ 2.14 ਕਰੋੜ ਦੀ ਜਾਇਦਾਦ ਜ਼ਬਤ



*ਨਸ਼ਾ ਤਸਕਰ ਦੀ ਜਾਇਦਾਦ ਜ਼ਬਤ ਦਾ ਨੋਟਿਸ ਲਾਉਂਦੇ ਡੀ ਐੱਸ ਪੀ ਪਰਮਜੀਤ ਸਿੰਘ ਸੰਧੂ ਤੇ ਪੁਲਸ ਮੁਲਾਜ਼ਮ।*

**ਮੋਗਾ (ਇਕਬਾਲ ਸਿੰਘ ਖਹਿਰਾ)**-ਡੀ.ਜੀ.ਪੀ. ਪੰਜਾਬ ਵੱਲੋਂ ਨਸ਼ਿਆਂ ਖਿਲਾਫ ਵਿੱਢੀ ਮੁਹਿੰਮ ਤਹਿਤ ਨਾਰਕੋਟਿਕ ਡਰੱਗਜ਼ ਐਂਡ ਸਾਈਕੋਟ੍ਰੋਪਿਕ ਸਬ ਸਟਾਂਸਿਜ਼ ਦੀ ਮੋਗਾ ਪੁਲਸ ਨੇ (ਐਨ.ਡੀ.ਪੀ.ਐਸ) ਐਕਟ ਦੀ ਧਾਰਾ 68-ਐੱਫ (2) ਤਹਿਤ ਚਾਰ ਨਸ਼ਾ ਤਸਕਰਾਂ ਦੀ ਜਾਇਦਾਦ ਜਬਤ ਕੀਤੀ ਹੈ।

ਇਹ ਜਾਣਕਾਰੀ ਦਿੰਦੇ ਹੋਏ ਡੀ ਐੱਪ ਪੀ ਪਰਮਜੀਤ ਸਿੰਘ ਸੰਧੂ ਨੇ ਦੱਸਿਆ ਕਿ ਇਸ ਮੁਹਿੰਮ ਦੌਰਾਨ ਪ੍ਰਮਜੀਤ ਸਿੰਘ ਉਰਫ ਪੰਮਾ ਪੁੱਤਰ ਮਲੂਕ ਸਿੰਘ ਵਾਸੀ ਦੌਲੇਵਾਲਾ ਜ਼ਿਲ੍ਹਾ ਮੋਗਾ, ਦੀ 19,76,400/- ਰੁਪਏ ਦੀ ਜਾਇਦਾਦ, ਗੁਰਦੀਪ ਕੌਰ ਪਤਨੀ ਪਿੱਪਲ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਦੌਲੇਵਾਲਾ ਜ਼ਿਲ੍ਹਾ ਮੋਗਾ, ਦੀ 22,00,000/- ਰੁਪਏ ਦੀ ਜਾਇਦਾਦ, ਗੁਰਚਰਨ ਸਿੰਘ ਉਰਫ ਤੋਤਾ ਪੁੱਤਰ ਪੂਰਨ ਸਿੰਘ ਵਾਸੀ ਰਾਉਕੇ ਕਲਾਂ, ਪੀ. ਐੱਸ. ਬੱਧਨੀ ਕਲਾਂ ਦੀ 1,34,83,812/- ਰੁਪਏ ਦੀ ਜਾਇਦਾਦ ਤੇ ਸਰਬਜੀਤ ਸਿੰਘ ਉਰਫ ਸਰਬਾ ਪੁੱਤਰ ਗੁਰਦੇਵ ਸਿੰਘ ਵਾਸੀ ਮਲਸੀਆਂ, ਬਜਾਨ ਨਾਓ ਪਿੰਡ ਕੋਕਰੀ ਕਲਾਂ, ਪੀ. ਐੱਸ. ਅਜੀਤਵਾਲ, ਜ਼ਿਲ੍ਹਾ ਮੋਗਾ ਦੀ 37,80,426/- ਰੁਪਏ ਦੀ ਜਾਇਦਾਦ ਕੁੱਲ 2,14,40,638/- ਰੁਪਏ ਦੀ ਜਾਇਦਾਦ ਜਬਤ ਕੀਤੀ ਹੈ। ਉਨ੍ਹਾਂ ਕਿਹਾ ਕਿ ਮੋਗਾ ਪੁਲਸ ਕਾਨੂੰਨ ਨੂੰ ਬਰਕਰਾਰ ਰੱਖਣ ਤੇ ਨਾਗਰਿਕਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਹ ਪ੍ਰਾਪਤੀ ਨਸ਼ਿਆਂ ਦੀ ਸਪਲਾਈ ਦੀ ਲੜੀ ਨੂੰ ਭੰਗ ਕਰਨ ਤੇ ਅਪਰਾਧਿਕ ਨੈੱਟਵਰਕਾਂ ਨੂੰ ਖਤਮ ਕਰਨ ਵਿੱਚ ਕਾਨੂੰਨ ਬਣਾਈ ਰੱਖਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਮਾਲੇਰਕੋਟਲਾ ਪੁਲਸ ਨੇ ਕੱਢਿਆ ਫਲੈਗ ਮਾਰਚ



ਮਾਲੇਰਕੋਟਲਾ (ਅਸਗਰ ਪਰਿਹਾਰ)-ਲੋਕ ਸਭਾ ਚੋਣਾਂ 2024, ਰਮਜ਼ਾਨ ਉਲ ਮੁਬਾਰਕ ਤੇ ਗੁੱਡ ਫਰਾਈ ਡੇਅ ਦੇ ਮੱਦੇਨਜ਼ਰ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਦੇ ਮਕਸਦ ਤਹਿਤ ਐਸ.ਐਸ.ਪੀ ਮਾਲੇਰਕੋਟਲਾ ਡਾ. ਸਿਮਰਤ ਕੌਰ ਦੀਆਂ ਹਦਾਇਤਾਂ ਅਨੁਸਾਰ ਮਾਲੇਰਕੋਟਲਾ ਪੁਲਸ ਨੇ ਪੰਜਾਬ ਪੁਲਸ ਤੇ ਏ.ਆਰ.ਪੀ ਫੋਰਸ ਦੇ ਜਵਾਨਾਂ ਸਮੇਤ ਸਥਾਨਕ ਡੀ.ਐਸ.ਪੀ ਗੁਰਦੇਵ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੇ ਬਜ਼ਾਰਾਂ 'ਚ ਫਲੈਗ ਮਾਰਚ ਕਰਕੇ ਲੋਕਾਂ ਨੂੰ ਅਮਨ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਗਈ। ਇਹ ਫਲੈਗ ਮਾਰਚ ਕਾਲਜ ਚੌਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚ ਹੁੰਦਾ ਹੋਇਆ ਪੁਲਸ ਲਾਈਨਜ਼ ਮਾਲੇਰਕੋਟਲਾ ਵਿਖੇ ਪਹੁੰਚ ਕੇ ਸਮਾਪਤ ਹੋਇਆ। ਡੀ.ਐਸ.ਪੀ ਗੁਰਦੇਵ ਸਿੰਘ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਦੀ ਸਮੁੱਚੀ ਟੀਮ ਇਨ੍ਹਾਂ ਚੋਣਾਂ ਨੂੰ ਨਿਰਪੱਖ ਢੰਗ ਨਾਲ ਕਰਾਉਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾ ਕਿਹਾ ਕਿ ਲੋਕਾਂ ਨੂੰ ਕਿਸੇ ਤੋਂ ਵੀ ਡਰਨ ਜਾਂ ਦਬਾਅ ਵਿੱਚ ਆਉਣ ਦੀ ਬਿਲਕੁਲ ਵੀ ਜ਼ਰੂਰਤ ਨਹੀਂ। ਡੀ.ਐਸ.ਪੀ ਗੁਰਦੇਵ ਸਿੰਘ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੌਰਾਨ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸੇ ਵੀ ਸਮਾਜ ਵਿਰੋਧੀ ਅਨਸਰ ਨੂੰ ਸ਼ਰਾਰਤ ਦਾ ਮੌਕਾ ਨਹੀਂ ਦਿੱਤਾ ਜਾਵੇਗਾ। ਉਨ੍ਹਾ ਕਿਹਾ ਕਿ ਵੋਟ ਪਾਉਣਾ ਸੰਵਿਧਾਨਕ ਹੱਕ ਹੈ ਅਤੇ ਸਾਰੇ ਵੋਟਰ ਬਿਨਾਂ ਕਿਸੇ ਡਰ ਭੈਅ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪੋਲਿੰਗ ਬੂਥਾਂ ਉੱਪਰ ਪਹੁੰਚਣ। ਉਨ੍ਹਾ ਕਿਹਾ ਕਿ ਪੰਜਾਬ ਪੁਲਸ ਤੇ ਹੋਰ ਸੁਰੱਖਿਆ ਬਲ ਦਿਨ-ਰਾਤ ਲੋਕਾਂ ਦੀ ਸੁਰੱਖਿਆ ਲਈ ਹਾਜ਼ਰ ਹਨ। ਇਸ ਮੌਕੇ ਉਨ੍ਹਾਂ ਅਪੀਲ ਕੀਤੀ ਕਿ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਕਰਨ ਲਈ ਪ੍ਰਸ਼ਾਸਨ ਦਾ ਲੋਕ ਸਹਿਯੋਗ ਦੇਣ। ਉਨ੍ਹਾ ਕਿਹਾ ਕਿ ਅਮਨ ਸ਼ਾਂਤੀ ਭੰਗ ਕਰਨ ਵਾਲਿਆਂ ਖਿਲਾਫ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਥਾਣਾ ਸਿਟੀ-1 ਦੇ ਐਸ.ਐਚ.ਓ ਸਾਹਿਬ ਸਿੰਘ, ਥਾਣਾ ਸਿਟੀ-2 ਦੇ ਐਸ.ਐਚ.ਓ ਸ਼ਮਸ਼ੇਰ ਸਿੰਘ, ਟ੍ਰੈਫਿਕ ਇੰਚਾਰਜ਼ ਕਰਨਜੀਤ ਸਿੰਘ ਜੇਜੀ ਤੇ ਹੋਰ ਪੁਲਸ ਅਧਿਕਾਰੀ ਤੇ ਮੁਲਾਜ਼ਮ ਹਾਜ਼ਰ ਸਨ।

# ਸੈਕਰਡ ਹਾਰਟ ਕਾਨਵੈਂਟ ਸਕੂਲ ਦਾ ਨਤੀਜਾ ਸ਼ਾਨਦਾਰ



*ਸੈਕਰਡ ਹਾਰਟ ਕਾਨਵੈਂਟ ਸਕੂਲ ਦਾ ਸਟਾ.ਫ ਵਿਦਿਆਰਥੀਆਂ ਨੂੰ ਸਨਮਾਨਤ ਕਰਦਾ ਹੋਇਆ।*

ਮੋਗਾ (ਇਕਬਾਲ ਸਿੰਘ ਖਹਿਰਾ)-ਸੈਕਰਡ ਹਾਰਟ ਕਾਨਵੈਂਟ ਸਕੂਲ ਧੂੜਕੋਟ ਕਲਾਂ ਦਾ ਨਤੀਜਾ ਐਲਾਨਿਆ ਗਿਆ, ਜੋ ਬਹੁਤ ਹੀ ਸ਼ਾਨਦਾਰ ਰਿਹਾ। ਨਰਸਰੀ ਕਲਾਸ ਦੇ ਵਿਦਿਆਰਥੀ ਰਵਨੀਤ ਕੌਰ, ਗੁਰਕੀਰਤ ਕੌਰ, ਐੱਲ.ਕੇ.ਜੀ. ਕਲਾਸ ਵਿੱਚੋਂ ਨਿਮਰਤ ਕੌਰ, ਨੀਰਜ ਅਗਨੀਹੋਤਰੀ, ਯੂ.ਕੇ.ਜੀ. ਕਲਾਸ ਦੇ ਗੁਰਸਹਿਜ ਕੌਰ ਤੇ ਐਸ਼ਵੀਰ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਪਹਿਲੀ ਕਲਾਸ ਦੇ ਤਨਵੀਰ ਕੌਰ, ਦੂਸਰੀ ਕਲਾਸ ਗੁਰਲੀਨ ਕੌਰ, ਤੀਸਰੀ ਕਲਾਸ ਦੇ ਯੋਗਵੀਰ ਸਿੰਘ, ਕਿਰਨਵੀਰ ਕੌਰ ਨੇ ਪਹਿਲੇ ਸਥਾਨ ਦੀ ਬਾਜ਼ੀ ਮਾਰੀ, ਚੌਥੀ ਕਲਾਸ ਦੇ ਸ਼ੁੱਭਕਰਨਪ੍ਰੀਤ ਕੌਰ, ਐਸ਼ਮੀਤ ਕੌਰ, ਪੰਜਵੀਂ ਕਲਾਸ ਦੇ ਰਾਜਬੀਰ ਸਿੰਘ, ਹਰਮਨਪ੍ਰੀਤ ਕੌਰ ਨੇ ਸਿਖ਼ਰਾਂ ਨੂੰ ਛੂਹਿਆ, ਛੇਵੀਂ ਕਲਾਸ ਦੇ ਐਸ਼ਮੀਤ ਕੌਰ, ਹਰਮਨਪ੍ਰੀਤ ਕੌਰ, ਸੱਤਵੀਂ ਹਰਤਾਜਵੀਰ ਸਿੰਘ, ਹਰਲੀਨ ਕੌਰ, ਅੱਠਵੀਂ ਕਲਾਸ ਦੇ ਗੁਰਕੀਰਤ ਸਿੰਘ ਗਿੱਲ, ਗੁਰਵੀਰ ਕੌਰ ਕਲਾਸ ਵਿੱਚੋਂ ਅੱਵਲ ਰਹੇ। ਨਤੀਜਾ ਘੋਸ਼ਿਤ ਕਰਨ ਸਮੇਂ ਸਕੂਲ ਦੇ ਮੁੱਖ ਸਕੱਤਰ ਮੈਡਮ ਪਰਮਜੀਤ ਕੌਰ, ਪ੍ਰਿੰਸੀਪਲ ਮੈਡਮ ਮਨੀਸ਼ਾ ਗੋਇਲ, ਕੋਆਰਡੀਨੇਟਰ ਦਰਸ਼ਨ ਸਿੰਘ ਗਿੱਲ ਮੌਜੂਦ ਸਨ, ਜਿਨ੍ਹਾਂ ਵਿਦਿਆਰਥੀਆਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਜ਼ਿੰਦਗੀ ਵਿੱਚ ਤਰੱਕੀ ਕਰਨ ਤੇ ਉੱਚੀਆਂ ਮੰਜ਼ਲਾਂ ਪ੍ਰਾਪਤ ਕਰਨ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਪ੍ਰਿੰਸੀਪਲ ਮੈਡਮ ਮਨੀਸ਼ਾ ਗੋਇਲ ਨੇ ਆਪਣੇ ਮਿਹਨਤੀ ਸਟਾਫ਼ ਨੂੰ ਵਧਾਈਆਂ ਦਿੱਤੀਆਂ।

# ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਲਾਇਬ੍ਰੇਰੀ ਗੁਰਦਾਸਪੁਰ ਦੀ ਵਿਸ਼ੇਸ਼ ਫੇਰੀ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੁਸਤਕ ਸੱਭਿਆਚਾਰ ਨਾਲ ਜੁੜਨ ਲਈ ਡਿਪਟੀ ਕਮਿਸ਼ਨਰ, ਗੁਰਦਾਸਪੁਰ ਵਿਸ਼ੇਸ਼ ਸਾਰੰਗਲ ਦੀ ਅਗਵਾਈ ਅਤੇ ਜ਼ਿਲ੍ਹਾ ਲਾਇਬ੍ਰੇਰੀਅਨ-ਕਮ-ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਪਰਮਜੀਤ ਸਿੰਘ ਕਲਸੀ (ਨੈਸਨਲ ਐਵਾਰਡੀ) ਦੀ ਕਾਰਜ-ਯੋਜਨਾ ਹੇਠ ਜ਼ਿਲ੍ਹਾ ਲਾਇਬ੍ਰੇਰੀ ਗੁਰਦਾਸਪੁਰ ਦੀ ਵਿਜ਼ਟ ਕਰਨ ਅਤੇ ਉਸ ਦੀ ਮੈਂਬਰਸ਼ਿਪ ਲਈ ਵਿਸ਼ੇਸ਼ ਮੁਹਿੰਮ ਆਰੰਭੀ ਹੋਈ ਹੈ। ਇਸ ਮੁਹਿੰਮ ਦੇ ਜ਼ਿਲ੍ਹਾ ਨੋਡਲ ਅਫ਼ਸਰ ਅਤੇ ਜ਼ਿਲ੍ਹਾ ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ ਵੱਲੋਂ ਜ਼ਿਲ੍ਹਾ ਰੁਜਗਾਰ ਕੇਂਦਰ ਵਿੱਚ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ 30 ਦੇ ਕਰੀਬ ਵਿਦਿਆਰਥੀਆਂ ਨੂੰ ਜ਼ਿਲ੍ਹਾ ਲਾਇਬਰੇਰੀ, ਗੁਰਦਾਸਪੁਰ ਦੀ ਵਿਸ਼ੇਸ਼ ਵਿਜ਼ਟ ਕਰਵਾਈ ਗਈ। ਇਸ ਮੌਕੇ ਉਨ੍ਹਾਂ ਨੇ ਈ-ਲਾਇਬ੍ਰੇਰੀ ਦੇ ਕੰਪਿਊਟਰ ਸੈਕਸ਼ਨ, ਰੀਡਿੰਗ ਹਾਲ ਅਤੇ ਵੱਖ-ਵੱਖ ਪੁਸਤਕਾਂ ਨੂੰ ਵਾਚਿਆ ਅਤੇ ਮੌਕੇ 'ਤੇ 30 ਦੇ ਕਰੀਬ ਲਾਇਬ੍ਰੇਰੀ ਦੀ ਮੈਂਬਰਸ਼ਿਪ ਦੇ ਫ਼ਾਰਮ ਭਰੇ। ਨੋਡਲ ਅਫ਼ਸਰ ਪਰਮਿੰਦਰ ਸਿੰਘ ਸੈਣੀ ਨੇ ਕਿਹਾ ਕਿ ਉਹ ਸਕੂਲ ਸਿੱਖਿਆ ਵਿਭਾਗ ਦੇ ਜ਼ਿਲ੍ਹਾ ਅਧਿਕਾਰੀ ਰਾਜੇਸ਼ ਕੁਮਾਰ ਸ਼ਰਮਾ, ਸਟੇਟ ਐਵਾਰਡੀ ਦੇ ਸਹਿਯੋਗ ਨਾਲ ਇਸ ਲਾਇਬ੍ਰੇਰੀ ਦੇ ਪੁਸਤਕ ਸੱਭਿਆਚਾਰ ਨਾਲ ਜੁੜਨ ਲਈ ਸਕੂਲਾਂ ਤੇ ਕਾਲਜਾਂ ਦੇ ਵੱਖ-ਵੱਖ ਵਿਦਿਆਰਥੀਆਂ ਤੇ ਸਟਾਫ਼ ਨੂੰ ਵੀ ਮੈਂਬਰ ਬਣਾਉਣ ਲਈ ਮੁਹਿੰਮ ਨੂੰ ਹੋਰ ਤੇਜ਼ ਕਰਨਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲਾਇਬ੍ਰੇਰੀ ਰੀਸਟੋਰਰ ਰੁਪਿੰਦਰ ਕੌਰ, ਰਸਦੀਪ ਕੌਰ, ਪਵਨ ਕੁਮਾਰ ਆਦਿ ਹਾਜ਼ਰ ਸਨ।

# ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਨੇ ਸਾਲਾਨਾ ਨਤੀਜਾ ਐਲਾਨਿਆ



*ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕਰਦਾ ਹੋਏ ਮੁੱਖ ਮਹਿਮਾਨ ਤੇ ਸਕੂਲ ਸਟਾਫ।*

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਧੀਨ ਚੱਲ ਰਹੇ ਵਿੱਦਿਅਕ ਅਦਾਰੇ ਸਾਹਿਬਜ਼ਾਦਾ ਅਜੀਤ ਸਿੰਘ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਡਾ. ਹਰਜੀਤ ਕੌਰ ਦੀ ਸੁਚੱਜੀ ਅਗਵਾਈ ਅਧੀਨ ਸਕੂਲ ਦਾ ਸਾਲਾਨਾ ਨਤੀਜਾ ਘੋਸ਼ਿਤ ਕੀਤਾ ਗਿਆ। ਵਿਦਿਆਰਥੀ ਤੇ ਉਨ੍ਹਾਂ ਦੇ ਮਾਤਾ-ਪਿਤਾ ਬੜੇ ਉਤਸ਼ਾਹ ਨਾਲ ਸਕੂਲ ਵਿੱਚ ਪਹੁੰਚੇ।ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਬਾਬਾ ਗੁਰਮੇਲ ਸਿੰਘ ਕਾਰ ਸੇਵਾ ਵਾਲੇ, ਕੁਲਵੰਤ ਸਿੰਘ ਮੈਨੇਜਰ, ਜਸਪਾਲ ਸਿੰਘ ਮੀਤ ਮੈਨੇਜਰ ਗੁਰਦੁਆਰਾ ਗੁਰੂਸਰ ਜਾਮਨੀ ਸਾਹਿਬ ਬਜੀਦਪੁਰ ਵਿਸ਼ੇਸ਼ ਤੌਰ 'ਤੇ ਸਕੂਲ ਵਿੱਚ ਵਿੱਚ ਹਾਜ਼ਰ ਹੋਏ ਅਤੇ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਇਨਾਮ ਦੇ ਕੇ ਉਨ੍ਹਾਂ ਦਾ ਹੌਸਲਾ ਵਧਾਇਆ।ਪ੍ਰਿੰਸੀਪਲ ਡਾ. ਸਿੱਧੂ ਵੱਲੋਂ ਸਮੂਹ ਬੱਚਿਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਗਈ ਅਤੇ ਬੱਚਿਆਂ ਨੂੰ ਇਸ ਤਰ੍ਹਾਂ ਮਿਹਨਤ ਕਰਕੇ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਪ੍ਰੇਰਿਤ ਕੀਤਾ ਗਿਆ।ਡਾ. ਸਿੱਧੂ ਨੇ ਸਮੂਹ ਸਟਾਫ ਦੀ ਮਿਹਨਤ ਦੀ ਪ੍ਰਸੰਸਾ ਕਰਦੇ ਹੋਏ ਅੱਗੇ ਤੋਂ ਵੀ ਆਪਣੀਆਂ ਸੇਵਾਵਾਂ ਇਸ ਤਰ੍ਹਾਂ ਹੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ ਗਿਆ।

# ਮੰਝ ਕੱਕੜਾਂ ਦੇ 30 ਪਰਵਾਰ ਭਾਜਪਾ 'ਚ ਸ਼ਾਮਲ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਹਲਕਾ ਰਾਜਾਸਾਂਸੀ ਅਧੀਨ ਪੈਂਦੇ ਪਿੰਡ ਮੰਝ (ਕੱਕੜਾਂ) ਦੇ 30 ਪਰਿਵਾਰ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ ਹੋ ਗਏ। ਇਸ ਮੌਕੇ ਸ: ਛੀਨਾ ਨੇ ਭਾਜਪਾ ਦੇ ਹਲਕਾ ਇੰਚਾਰਜ ਅਤੇ ਐਗਜ਼ੈਕਟਿਵ ਮੈਂਬਰ ਮੁਖਵਿੰਦਰ ਸਿੰਘ ਮਾਹਲ ਦੀ ਮੌਜੂਦਗੀ 'ਚ ਕਿਹਾ ਕਿ ਕਾਂਗਰਸ ਤੇ ਆਪ ਸਰਕਾਰ ਵੱਲੋਂ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੂੰ ਵੇਖਦਿਆਂ ਲੋਕਾਂ ਨੂੰ ਭਰਮਾਉਣ ਵਾਸਤੇ ਜੋ ਵਾਅਦੇ ਕੀਤੇ ਜਾ ਰਹੇ ਹਨ ਉਹ ਸਿਰਫ਼ ਵਾਅਦੇ ਹੀ ਰਹਿ ਜਾਣੇ ਹਨ ਕਿਉਂਕਿ ਲੋਕ ਹੁਣ ਦੋਹਾਂ ਪਾਰਟੀਆਂ ਦੇ ਝਾਂਸਿਆਂ 'ਚ ਕਦੇ ਵੀ ਨਹੀਂ ਆਉਣਗੇ ਅਤੇ ਸੂਬੇ 'ਚ ਲੋਕ ਇਨ੍ਹਾਂ ਨੂੰ ਨਕਾਰਦੇ ਹੋਏ ਪੰਜਾਬ 'ਚ ਕੇਂਦਰ ਵਿਚਲੀ ਮੋਦੀ ਸਰਕਾਰ ਨੂੰ ਕਾਬਜ਼ ਬਣਾ ਕੇ ਇਨ੍ਹਾਂ ਦੇ ਭਰਮ-ਭੁਲੇਖੇ ਨੂੰ ਦੂਰ ਕਰਨਗੇ। ਸ: ਛੀਨਾ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਆਯੁਸ਼ਮਾਨ, ਸੁਕੰਨਿਆ, ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨਾ ਯੋਜਨਾ, ਅਟਲ ਪੈਨਸ਼ਨ ਯੋਜਨਾ, ਨੈਸ਼ਨਲ ਮੀਨਜ਼ ਕਮ ਮੈਰਿਟ ਸਕਾਲਰਸ਼ਿਪ ਸਕੀਮ, ਹਿੱਟ ਐਂਡ ਰਨ ਮੋਟਰ ਐਕਸੀਡੈਂਟ ਸਕੀਮ ਦੇ ਪੀੜਤਾਂ ਨੂੰ ਮੁਆਵਜ਼ਾ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ, ਨਵੀਂ ਉਡਾਨ ਸਕੀਮ, ਪ੍ਰਧਾਨ ਮੰਤਰੀ ਕੁਸਮ ਯੋਜਨਾ, ਪ੍ਰਧਾਨ ਮੰਤਰੀ ਜਨਜਾਤੀ ਆਦਿਵਾਸੀ ਨਿਆਯਾ ਮਹਾ ਅਭਿਆਨ, ਸੀਬੀਐੱਸਈ ਸਿੰਗਲ ਗਰਲ ਚਾਈਲਡ ਸਕਾਲਰਸ਼ਿਪ ਸਕੀਮ, ਪ੍ਰਧਾਨ ਮੰਤਰੀ ਸੂਰਜ ਘਰ: ਮੁਫਤ ਬਿਜਲੀ ਯੋਜਨਾ, ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ, ਪ੍ਰਧਾਨ ਮੰਤਰੀ ਕਿਸਾਨ ਸੰਪਦਾ ਯੋਜਨਾ, ਮੇਰਾ ਬਿੱਲ ਮੇਰਾ ਅਧਿਕਾਰ ਸਕੀਮ, ਹਾਊਸਿੰਗ ਲੋਨ ਵਿਆਜ ਸਬਸਿਡੀ ਸਕੀਮ, ਸਵੱਛ ਭਾਰਤ ਮਿਸ਼ਨ, ਨਮੋ ਡਰੋਨ ਦੀਦੀ ਸਕੀਮ, ਹਰ ਘਰ ਨਲ ਯੋਜਨਾ, ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ, ਪੇਂਡੂ ਭੰਡਾਰਣ ਯੋਜਨਾ, ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ, ਕਿਸਾਨ ਕ੍ਰੈਡਿਟ ਕਾਰਡ, ਪ੍ਰਧਾਨ ਮੰਤਰੀ ਕਿਸਾਨ ਮਾਨਧਨ ਯੋਜਨਾ, ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਆਦਿ ਕਈ ਪ੍ਰਕਾਰ ਦੀਆਂ ਹਰ ਵਰਗ ਨੂੰ ਸੁੱਖ ਸੁਵਿਧਾ ਪ੍ਰਦਾਨ ਕਰਨ ਲਈ ਸਕੀਮਾਂ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੁਆਰਾ ਪੰਜਾਬ ਵਾਸੀਆਂ ਨੂੰ ਅਨੇਕਾਂ ਸਕੀਮਾਂ ਦਾ ਲਾਹਾ ਦਿੱਤਾ ਜਾ ਰਿਹਾ ਹੈ ਪਰ ਭਗਵੰਤ ਮਾਨ ਸਰਕਾਰ ਆਪਣੇ ਚਹੇਤਿਆਂ ਦੀ ਖੁਸ਼ੀ ਲਈ ਇਸ ਦਾ ਇਸਤੇਮਾਲ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਸ਼ਾਮਿਲ ਹੋਏ ਸਮੂਹ ਵਰਕਰਾਂ ਨੂੰ ਪਾਰਟੀ ਵੱਲੋਂ ਪੂਰਾ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ ਕਿਉਂਕਿ ਭਾਜਪਾ ਦਾ ਮਕਸਦ ਲੋਕਾਂ ਅਤੇ ਪਾਰਟੀ ਪ੍ਰਤੀ ਦਿਨ-ਰਾਤ ਮਿਹਨਤ ਕਰਨ ਵਾਲੇ ਵਰਕਰਾਂ ਅਤੇ ਆਮ ਜਨਤਾ ਦਾ ਪੂਰਾ ਧਿਆਨ ਰੱਖਣਾ ਹੈ। ਇਸ ਮੌਕੇ ਸਰਕਲ ਪ੍ਰਧਾਨ ਗੁਰਵਿੰਦਰ ਸਿੰਘ ਬੱਚੀਵਿੰਡ, ਚੋਗਾਵਾਂ ਸਰਕਲ ਇੰਚਾਰਜ ਗੁਰਜੀਤ ਸਿੰਘ ਠੱਠਾ, ਰਮੇਸ਼ ਸਿੰਘ ਸਮੇਤ ਹੋਰ ਵਰਕਰ ਅਤੇ ਪਿੰਡ ਵਾਸੀ ਮੌਜੂਦ ਸਨ।

# ਸਰਕਾਰੀ ਸਕੂਲ ਖਿਆਲਾ ਕਲਾਂ (ਲੜਕੀਆਂ) 'ਚ ਮਾਪੇ- ਅਧਿਆਪਕ ਮਿਲਣੀ ਤੇ ਇਨਾਮ ਵੰਡ ਸਮਾਰੋਹ



**ਮਾਨਸਾ (ਆਤਮਾ ਸਿੰਘ ਪਮਾਰ)**- ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਿਆਲਾ ਕਲਾਂ (ਲੜਕੀਆਂ) ਵਿਖੇ ਪ੍ਰਿੰਸੀਪਲ ਓਮ ਪ੍ਰਕਾਸ਼ ਮਿੱਢਾ ਦੀ ਅਗਵਾਈ ਹੇਠ ਨਾਨ ਬੋਰਡ ਪ੍ਰੀਖਿਆਵਾਂ ਉਪਰੰਤ ਰੱਖੀ ਗਈ ਮਾਪੇ ਅਧਿਆਪਕ ਮਿਲਣੀ ਅਤੇ ਸਲਾਨਾ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ।

ਵਿਦਿਆਰਥੀਆਂ ਅਤੇ ਮਾਪਿਆਂ ਨੂੰ ਪਹਿਲੀ, ਦੂਜੀ, ਤੀਜੀ,ਚੌਥੀ, ਛੇਵੀਂ, ਸੱਤਵੀਂ, ਨੌਂਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਨਤੀਜੇ ਇੰਚਾਰਜ ਅਧਿਆਪਕਾਂ ਵਲੋਂ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਦਿਖਾਏ ਗਏ ਅਤੇ ਪ੍ਰਿੰਸੀਪਲ ਵੱਲੋਂ ਜਿਹੜੇ ਵਿਦਿਆਰਥੀ ਪ੍ਰੀਖਿਆਵਾਂ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ 'ਤੇ ਆਏ ਨੂੰ ਇਨਾਮ ਤਕਸੀਮ ਕੀਤੇ ਗਏ। ਪ੍ਰਿੰਸੀਪਲ ਮਿੱਢਾ ਅਤੇ ਸਮੂਹ ਸਟਾਫ ਵੱਲੋਂ ਸਕੂਲ ਦਾ ਮੈਗਜ਼ੀਨ ਮਹਿਕ ਅੰਕ-5 ਵੀ ਜਾਰੀ ਕੀਤਾ ਗਿਆ। ਪ੍ਰਿੰਸੀਪਲ ਵੱਲੋਂ ਸਮੂਹ ਸਟਾਫ ਨੂੰ ਵਧੀਆ ਕਾਰਗੁਜ਼ਾਰੀ ਲਈ ਸਨਮਾਨ ਪੱਤਰ ਦੇ ਕੇ ਸਨਮਾਨਤ ਵੀ ਕੀਤਾ ਗਿਆ। । ਪ੍ਰਿੰਸੀਪਲ ਨੇ ਮਾਪਿਆਂ, ਐਸ ਐਮ ਸੀ ਅਤੇ ਪਤਵੰਤੇ ਸੱਜਣਾਂ ਦਾ ਮੀਟਿੰਗ ਵਿਚ ਹਾਜ਼ਰੀ ਲਈ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਅਤੇ ਮਾਪਿਆਂ ਲਈ ਖਾਣੇ ਦਾ ਪ੍ਰਬੰਧ ਵੀ ਕੀਤਾ।

ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸਰਕਾਰ ਦੀਆਂ ਨੀਤੀਆਂ ਬਾਰੇ ਵੀ ਜਾਣਕਾਰੀ ਦਿੱਤੀ ਗਈ । ਸਕੂਲ ਮੁਖੀ ਮਿੱਢਾ ਵੱਲੋਂ ਬੱਚਿਆਂ ਨੂੰ ਪ੍ਰੀਖਿਆ ਵਿੱਚੋਂ ਚੰਗੇ ਨੰਬਰਾਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਗਈਆਂ। ਅੰਤ ਵਿੱਚ ਪ੍ਰਿੰਸੀਪਲ ਵੱਲੋਂ ਮਾਪਿਆਂ, ਚੇਅਰਮੈਨ ਅਤੇ ਸਮੂਹ ਐਸ.ਐਮ.ਸੀ. ਅਤੇ ਪੀ.ਟੀ.ਏ ਮੈਂਬਰਾਂ ਦਾ ਮਿਲਣੀ ਦੀ ਸਫਲਤਾ ਲਈ ਧੰਨਵਾਦ ਵੀ ਕੀਤਾ ਗਿਆ।

# ਬਠਿੰਡਾ ਡੀਪੂ ਦੇ ਅਹੁਦੇਦਾਰਾਂ ਦੀ ਹੰਗਾਮੀ ਮੀਟਿੰਗ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਬਠਿੰਡਾ ਵਿਖੇ ਪਨਬੱਸ ਪੀ ਆਰ ਟੀ ਸੀ ਕੰਟਰੈਕਟ ਵਰਕਰ ਯੂਨੀਅਨ 25/11 ਦੇ ਸਮੂਹ ਅਹੁਦੇਦਾਰਾਂ ਅਤੇ ਵਰਕਰਾਂ ਦੀ ਹੰਗਾਮੀ ਮੀਟਿੰਗ ਡੀਪੂ ਪ੍ਰਧਾਨ ਕੁਲਦੀਪ ਸਿੰਘ ਬਾਦਲ ਦੀ ਅਗਵਾਈ ਵਿਚ ਹੋਈ ਜਿਸ ਵਿੱਚ ਸੂਬਾ ਆਗੂ ਕੁਲਵੰਤ ਸਿੰਘ ਮਨੇਸ ਅਤੇ ਸਰਪ੍ਰਸਤ ਸੰਦੀਪ ਗਰੇਵਾਲ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੌਰਾਨ ਵਰਕਰਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਵਿਚਾਰ ਚਰਚਾ ਕੀਤੀ ਗਈ ਅਤੇ ਕਈ ਅਹਿਮ ਫ਼ੈਸਲੇ ਲਏ ਗਏ। ਇਸ ਮੌਕੇ ਡੀਪੂ ਪ੍ਰਧਾਨ ਕੁਲਦੀਪ ਸਿੰਘ ਬਾਦਲ ਨੇ ਵੱਖ ਵੱਖ ਅਹੁਦਿਆਂ 'ਤੇ ਕੰਮ ਕਰਦੇ ਕਮੇਟੀ ਮੈਂਬਰਾਂ ਨੂੰ ਆਪਣੇ ਕੰਮ ਪ੍ਰਤੀ ਜ਼ਿੰਮੇਵਾਰ ਰਹਿਣ ਲਈ ਸੁਚੇਤ ਕੀਤਾ ਅਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਪ੍ਰਤੀ ਲਾਮਬੰਦ ਕੀਤਾ ਗਿਆ। ਸੂਬਾ ਮੀਤ ਪ੍ਰਧਾਨ ਕੁਲਵੰਤ ਸਿੰਘ ਮਨੇਸ ਨੇ ਸਮੂਹ ਵਰਕਰਾਂ ਅਤੇ ਕਮੇਟੀ ਮੈਂਬਰਾਂ ਨੂੰ ਇਕਜੁੱਟ ਹੋ ਕੇ ਚੱਲਣ ਲਈ ਰਣਨੀਤੀ ਤਿਆਰ ਕੀਤੀ ਗਈ ਅਤੇ ਕੁਝ ਅਹੁਦਿਆਂ ਤੋਂ ਪਿੱਛੇ ਹਟੇ ਵਰਕਰਾਂ ਨੂੰ ਮੁੜ ਵੱਖ ਵੱਖ ਅਹੁਦੇ ਨਿਵਾਜ ਕੇ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ।ਮੀਟਿੰਗ ਵਿੱਚ ਮੌਜੂਦ ਕਮੇਟੀ ਮੈਂਬਰਾਂ ਰਵਿੰਦਰ ਬਰਾੜ, ਗੁਰਪ੍ਰੀਤ ਕਮਾਲੂ, ਹਰਤਾਰ ਸ਼ਰਮਾ, ਗੁਰਦੀਪ ਝੁਨੀਰ, ਬਖਤੌਰ ਸਿੰਘ, ਰਣਜੀਤ ਸਿੰਘ ਖ਼ਾਲਸਾ, ਬਲਕਾਰ ਇਲੈਕਟ੍ਰੀਸ਼ਨ, ਸੁਖਦੇਵ ਰਾਮ, ਮਹਿੰਦਰ ਧੋਨੀ, ਕੰਵਲਜੀਤ ਖਲ੍ਹੀ, ਕੁਲਦੀਪ ਅਤੇ ਗੁਲਾਬ ਸਿੰਘ ਸ਼ਾਮਲ ਹੋਏ।

# ਡਾ. ਦਵਿੰਦਰ ਪਾਲ ਨੂੰ ਸੇਵਾ ਮੁਕਤੀ ਮੌਕੇ ਵਿਦਾਇਗੀ ਪਾਰਟੀ



ਸਮਾਣਾ (ਇਕਬਾਲ ਸਿੰਘ ਬੱਲ)-ਪਬਲਿਕ ਕਾਲਜ ਸਮਾਣਾ ਦੇ ਹਿੰਦੀ ਵਿਭਾਗ ਦੇ ਮੁਖੀ ਡਾ. ਦਵਿੰਦਰ ਪਾਲ ਐਸੋਸੀਏਟ ਪ੍ਰੋਫੈਸਰ ਇਨ ਹਿੰਦੀ ਦੀ ਸੇਵਾ ਮੁਕਤੀ ਮੌਕੇ ਕਾਲਜ ਕੈਂਪਸ ਵਿਖੇ ਇੱਕ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਸਕੱਤਰ ਕਾਲਜ ਮੈਨੇਜਮੈਂਟ ਸੁਸਾਇਟੀ ਸ੍ਰ. ਇੰਦਰਜੀਤ ਸਿੰਘ ਵੜੈਚ ਤੇ ਕਾਲਜ ਮੈਨੇਜਮੈਂਟ ਦੇ ਸੀਨੀਅਰ ਮੈਂਬਰ ਸਤਪਾਲ ਜੌਹਰੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਭ ਤੋਂ ਪਹਿਲਾਂ ਕਾਲਜ ਮੈਨੇਜਮੈਂਟ, ਕਾਲਜ ਪ੍ਰਿੰਸੀਪਲ ਰਤਨ ਕੁਮਾਰ ਗਰਗ ਤੇ ਸਮੁੱਚੇ ਕਾਲਜ ਪਰਿਵਾਰ ਵੱਲੋਂ ਮੈਡਮ ਦਵਿੰਦਰ ਪਾਲ ਤੇ ਉਨ੍ਹਾਂ ਨਾਲ ਆਏ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸੁਆਗਤ ਕੀਤਾ ਗਿਆ।

ਕਾਲਜ ਪ੍ਰਿੰਸੀਪਲ ਸ੍ਰੀ ਰਤਨ ਕੁਮਾਰ ਗਰਗ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿੰਦੇ ਹੋਏ ਡਾ. ਦਵਿੰਦਰਪਾਲ ਦੇ ਕਾਲਜ ਦੀ ਕਾਰਗੁਜ਼ਾਰੀ ਤੇ ਸਮਾਜਿਕ ਰਿਸ਼ਤਿਆਂ ਦੇ ਨਿਭਾਓ ਦੀ ਪ੍ਰਸੰਸਾ ਕੀਤੀ। ਦਫਤਰ ਸੁਪਰਡੈਂਟ ਸ੍ਰੀ ਸੁਭਾਸ਼ ਸੱਚਦੇਵਾ ਨੇ ਮੈਡਮ ਦਵਿੰਦਰ ਪਾਲ ਦੀ ਨਿਯੁਕਤੀ ਤੋਂ ਲੈ ਕੇ ਉਨ੍ਹਾਂ ਦੇ ਕਰੀਬ 24 ਸਾਲ ਦੇ ਸੇਵਾ-ਕਾਰਜ ਦੀਆਂ ਵੱਖੋ-ਵੱਖਰੀਆਂ ਡਿਊਟੀਆਂ ਨਿਭਾਉਣ ਬਾਰੇ ਬਾਖੂਬੀ ਨਾਲ ਚਾਨਣਾ ਪਾਇਆ। ਮੈਂਬਰ ਮੈਨੇਜਮੈਂਟ ਸ੍ਰੀ ਸਤਪਾਲ ਜੌਹਰੀ ਨੇ ਡਾ. ਦਵਿੰਦਰ ਪਾਲ ਨੂੰ ਇੱਕ ਚੰਗੇ ਅਧਿਆਪਕ ਕਹਿੰਦਿਆਂ ਉਮੀਦ ਜਤਾਈ ਕਿ ਉਹ ਭਵਿੱਖ ਵਿੱਚ ਵੀ ਜ਼ਰੂਰਤ ਸਮੇਂ ਕਾਲਜ ਨੂੰ ਸੇਵਾਵਾਂ ਪ੍ਰਦਾਨ ਕਰਦੇ ਰਹਿਣਗੇ।

ਮੁਖੀ ਪੰਜਾਬੀ ਵਿਭਾਗ ਡਾ. ਸ਼ਮਸ਼ੇਰ ਸਿੰਘ ਨੇ ਜਿੱਥੇ ਮੈਡਮ ਦਵਿੰਦਰ ਪਾਲ ਦੀ ਜ਼ਿੰਦਗੀ ਬਾਰੇ ਵਿਚਾਰ ਪੇਸ਼ ਕੀਤੇ, ਉੱਥੇ ਪ੍ਰੋ. ਅਸ਼ਵਨੀ ਕੁਮਾਰ, ਪ੍ਰੋ. ਸੁਮਨ ਰਾਹੀ ਅਤੇ ਪ੍ਰੋ. ਮਨੀਸ਼ਾ ਨੇ ਮੈਡਮ ਨਾਲ ਜੁੜੀਆਂ ਭਾਵਨਾਵਾਂ ਪ੍ਰਗਟ ਕੀਤੀਆਂ। ਆਪਣੇ ਕਾਲਜ ਸਫਰ ਬਾਰੇ ਗੱਲ ਕਰਦਿਆਂ ਮੈਡਮ ਦਵਿੰਦਰ ਪਾਲ ਜਦੋਂ ਭਾਵੁਕ ਹੋਏ ਤਾਂ ਸਮੁੱਚਾ ਮਾਹੌਲ ਉਦਾਸ ਹੋ ਗਿਆ।

# ਪਟਿਆਲਾ ਜ਼ਿਲ੍ਹੇ 'ਚ ਅਸਲਾ ਜਮ੍ਹਾਂ ਕਰਵਾਉਣ ਦੀ ਤਰੀਕ 7 ਅਪ੍ਰੈਲ ਸ਼ਾਮ 5 ਵਜੇ ਤੱਕ ਵਧਾਈ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਟਿਆਲਾ ਜ਼ਿਲ੍ਹੇ ਦੇ ਅਸਲਾ ਧਾਰਕਾਂ ਨੂੰ ਆਪਣਾ ਅਸਲਾ ਜਮ੍ਹਾਂ ਕਰਵਾਉਣ ਲਈ ਤਰੀਕ 7 ਅਪ੍ਰੈਲ ਸ਼ਾਮ 5 ਵਜੇ ਤੱਕ ਵਧਾਈ ਗਈ ਹੈ।ਵਧੀਕ ਜ਼ਿਲ੍ਹਾ ਮੈਜਿਸਟਰੇਟ ਕੰਚਨ ਵੱਲੋਂ ਜਾਰੀ ਇਨ੍ਹਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਲਾਇਸੈਂਸੀ ਧਾਰਕ ਆਪਣਾ ਅਸਲਾ ਲੋਕਲ ਥਾਣੇ ਜਾਂ ਸਬੰਧਤ ਅਸਲਾ ਡੀਲਰਾਂ ਪਾਸ ਤੁਰੰਤ ਜਮ੍ਹਾਂ ਕਰਵਾਉਣ। ਏ ਡੀ ਸੀ ਨੇ ਕਿਹਾ ਕਿ ਪਹਿਲਾਂ ਅਸਲਾ ਜਮ੍ਹਾਂ ਕਰਵਾਉਣ ਦੀ ਮਿਤੀ 31 ਮਾਰਚ ਸੀ, ਜਿਸ ਨੂੰ ਹੁਣ ਵਧਾ ਕੇ 7 ਅਪ੍ਰੈਲ ਸ਼ਾਮ 5 ਵਜੇ ਤੱਕ ਕਰ ਦਿੱਤਾ ਗਿਆ ਹੈ।ਮੈਡਮ ਕੰਚਨ ਨੇ ਦੱਸਿਆ ਕਿ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹਾ ਪਟਿਆਲਾ ਵਿੱਚ ਅਮਨ ਸ਼ਾਂਤੀ ਤੇ ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ, ਸ਼ਾਂਤੀ ਬਰਕਰਾਰ ਰੱਖਣ ਅਤੇ ਹੋਣ ਵਾਲੀਆਂ ਚੋਣਾਂ ਨੂੰ ਸੁਚੱਜੇ ਤੇ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨ ਲਈ ਲੋਕ ਹਿਤ ਵਿੱਚ ਅਸਲਾਧਾਰੀਆਂ ਪਾਸੋਂ ਉਨ੍ਹਾਂ ਦੇ ਅਸਲੇ ਨੂੰ ਜਮ੍ਹਾ ਕਰਵਾਉਣਾ ਜ਼ਰੂਰੀ ਹੈ ਤਾਂ ਕਿ ਕਿਸੇ ਤਰ੍ਹਾਂ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ। ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਜ਼, ਬਾਵਰਦੀ ਪੁਲਸ ਕਰਮਚਾਰੀਆਂ ਅਤੇ ਬੈਂਕਾਂ 'ਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਣਗੇ।

# ਭਾਰੀ ਬਾਰਿਸ਼ ਨੇ ਬੱਸੂਵਾਲ ਦੇ ਲੋਕਾਂ ਨੂੰ ਘਰਾਂ 'ਚ ਕੀਤਾ ਕੈਦ

**ਜਗਰਾਉਂ, (ਸੰਜੀਵ ਅਰੋੜਾ) :** ਜਗਰਾਉਂ ਤਹਿਸੀਲ ਦਾ ਰੂਮੀ ਤੇ ਚੀਮਾ ਲਾਗੇ ਦੀ ਇਕ ਹਜ਼ਾਰ ਦੇ ਲਗਭਗ ਦੀ ਆਬਾਦੀ ਵਾਲੇ ਪਿੰਡ ਬਸੂਵਾਲ ਦੀ ਕਿਸਮਤ 'ਚ ਬੱਸ ਤਾਂ ਹੈ ਨੀ ਪਰ ਸਰਕਾਰ ਵੀ ਇਸ ਪਿੰਡ ਨੂੰ ਅਪਣਾ ਪਿੰਡ ਨਹੀਂ ਸਮਝਦੀ।

ਬੀਤੀ ਰਾਤ ਆਈ ਜ਼ੋਰਦਾਰ ਹਨੇਰੀ ਤੇ ਭਾਰੀ ਬਾਰਿਸ਼ ਨੇ ਪਿੰਡ ਨੂੰ ਸਮੁੰਦਰ 'ਚ ਤਬਦੀਲ ਕਰਦਿਆਂ ਲੋਕਾਂ ਨੂੰ ਘਰਾਂ 'ਚ ਕੈਦ ਕਰ ਦਿੱਤਾ। ਪਿੰਡ ਦੀ ਸਮੁੱਚੀ ਫਿਰਨੀ 'ਤੇ ਵਸਦੇ ਘਰਾਂ ਤੇ ਗਲੀਆਂ 'ਚ ਦੋ ਮਹੀਨੇ ਤੋਂ ਬੰਦ ਸੀਵਰੇਜ ਦਾ ਬਦਬੂਦਾਰ ਪਾਣੀ ਘਰਾਂ ਤੇ ਗਲੀਆਂ 'ਚ ਲੋਕਾਂ ਦਾ ਜੀਊਣਾ ਦੁੱਭਰ ਕਰ ਰਿਹਾ ਹੈ। ਇਥੇ ਪ੍ਰੈਸ ਨਾਲ ਗੱਲ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਬਲਾਕ ਪ੍ਰਧਾਨ ਤਰਸੇਮ ਸਿੰਘ ਬੱਸੂਵਾਲ ਅਤੇ ਇਕਾਈ ਪ੍ਰਧਾਨ ਕੁਲਵਿੰਦਰ ਸਿੰਘ ਨੇ ਕਿਹਾ ਕਿ ਪਿੰਡ ਦੇ ਪੰਚਾਇਤ ਸਕੱਤਰ ਇਸ ਹਾਲਤ ਲਈ ਜ਼ਿੰਮੇਵਾਰ ਹਨ। ਦੋ ਦਰਜਨ ਤੋਂ ਵੱਧ ਵਾਰ ਪਿੰਡ ਨਿਵਾਸੀ ਬੀ. ਡੀ. ਪੀ. ਓ. ਜਗਰਾਉਂ, ਐਸ. ਡੀ. ਐਮ. ਜਗਰਾਉਂ, ਏ. ਡੀ. ਸੀ. ਜਗਰਾਉਂ ਤੇ ਹਲਕਾ ਵਿਧਾਇਕ ਜਗਰਾਉਂ ਨੂੰ ਪਿਛਲੇ ਤਿੰਨ ਸਾਲਾਂ 'ਚ ਮਿਲ ਚੁੱਕੇ ਹਨ ਪਰ ਫਿਰਨੀ ਤੋਂ ਪਾਣੀ ਦੇ ਨਿਕਾਸ ਬਾਰੇ, ਸੀਵਰੇਜ ਦੀ ਸਫ਼ਾਈ, ਮੁਰੰਮਤ ਬਾਰੇ ਪ੍ਰਸ਼ਾਸਨ ਨੇ ਚੁੱਪ ਧਾਰੀ ਹੋਈ ਹੈ।

ਉਨ੍ਹਾਂ ਕਿਹਾ ਕਿ ਜੇਕਰ ਪਿੰਡ ਦੀ ਪ੍ਰਸ਼ਾਸਨ ਨੇ ਤੁਰੰਤ ਸਾਰ ਨਾ ਲਈ ਤਾਂ ਆਉਂਦੀਆਂ ਲੋਕ ਸਭਾ ਚੋਣਾਂ 'ਚ ਸਾਰੀਆਂ ਪਾਰਟੀਆਂ ਦਾ ਬਾਈਕਾਟ ਕੀਤਾ ਜਾਵੇਗਾ।

**ਪਬਲਿਕ ਨੋਟਿਸ**

ਮੈਂ, ਰਜਿੰਦਰ ਕੁਮਾਰ ਪੁੱਤਰ ਨਰੰਜਨ ਦਾਸ ਵਾਸੀ 73 ਜੋਸਨ ਕਾਲੋਨੀ ਅਜਨਾਲਾ ਰੋਡ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੇ ਪਾਸ ਖਾਲੀ ਭੂਮੀ 4 ਕਨਾਲਾਂ 12 ਮਰਲੇ ਦਾ ਖਸਰਾ ਨੰਬਰ 7//22/1 (4-12) ਮਰਲੇ ਵਿੱਚੋਂ ਸਾਢੇ 15 ਮਰਲੇ ਵਾਕਿਆ ਰਕਬਾ ਪਿੰਡ ਹਰਸ਼ਾ ਛੀਨਾ ਤਹਿਸੀਲ ਅਜਨਾਲਾ ਵੱਲੋਂ ਰਾਜਕਰਨ ਸਿੰਘ ਪੁੱਤਰ ਰਾਜਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਹਰਸ਼ਾਛੀਨਾ ਤਹਿਸੀਲ ਅਜਨਾਲਾ ਬਹੱਕ ਸੁਖਦੀਪ ਕੌਰ ਪਤਨੀ ਹਰਮਨਪ੍ਰੀਤ ਸਿੰਘ ਪੁੱਤਰ ਸਤਪਾਲ ਸਿੰਘ ਵਾਸੀ ਦਾਲਮ ਤਹਿਸੀਲ ਅਜਨਾਲਾ ਰਾਹੀਂ ਬੈਨਾਮਾ ਤਸਦੀਕ ਮਿਤੀ 19-3-2013 ਦਸਤਾਵੇਜ਼ ਨੰਬਰ 6260 ਤਸਦੀਕ ਕਰਦਾ ਸਬ ਰਜਿਸਟਰਾਰ ਸਾਹਿਬ ਅਜਨਾਲਾ ਦੀ ਰਜਿਸਟਰੀ ਮੇਰੇ ਕੋਲੋਂ ਗੁੰਮ ਹੋ ਗਈ ਹੈ, ਜਿਸ ਦਾ ਕੁੱਲ ਰਕਬਾ 15-1/2 ਮਰਲੇ ਹੈ। ਜਿਸ ਦਾ ਡੀ ਡੀ ਆਰ ਨੰਬਰ 026 ਮਿਤੀ 27-03-24 ਹੈ। ਮੈਂ ਇਸ ਸੂਚਨਾ ਰਾਹੀਂ ਸੂਚਿਤ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਕਿਸੇ ਕਿਸਮ ਦਾ ਕੋਈ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਯੂਨੀਅਨ ਬੈਂਕ ਆਫ ਇੰਡੀਆ ਹੇਰ ਰੋਡ ਵਿਖੇ ਇਤਰਾਜ਼ ਪੇਸ਼ ਕਰ ਸਕਦਾ ਹੈ।

**AXIS BANK LTD.**

ਸਰਫੇਸੀ ਐਕਟ 2002 ਤਹਿਤ ਕਬਜ਼ਾ ਨੋਟਿਸ

ਰਿਟੇਲ ਐਸੇਟ ਸੈਂਟਰ : ਐਕਸਿਸ ਬੈਂਕ ਲਿਮ: ਦੂਜੀ ਮੰਜ਼ਲ, ਜਾਇਦਾਦ # 7-ਈ, ਮਿਊਂਸਪਲ 3903/1142/16, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਕਾਰਪੋਰੇਟ ਦਫ਼ਤਰ : "ਐਕਸਿਸ ਹਾਊਸ", ਬਲਾਕ-ਬੀ, ਬੰਬੇ ਡਾਈਂਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁੱਧਕਰ ਮਾਰਗ, ਵਰਲੀ, ਮੁੰਬਈ-400025, ਰਜਿਸਟਰਡ ਦਫ਼ਤਰ : "ਤ੍ਰਿਸ਼ੂਲ" ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਟੈਂਪਲ, ਲਾਅ ਗਾਰਡਨ, ਐਲਿਸਬ੍ਰਿਜ, ਅਹਿਮਦਾਬਾਦ-380006

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿ. ਦਾ ਅਧਿਕਾਰਤ ਅਫ਼ਸਰ ਹੋਣ ਨਾਤੇ ਸਕਿਉਰਿਟਾਈਜ਼ੇਸ਼ਨ, ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ 2002 ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਲਿਖੇ ਕਰਜ਼ਦਾਰਾਂ ਨੂੰ ਉਕਤ ਨੋਟਿਸ ਮਿਲਣ ਦੀ ਮਿਤੀ ਤੋਂ 60 ਦਿਨਾਂ ਅੰਦਰ ਨੋਟਿਸ 'ਚ ਦਰਸਾਈ ਰਕਮ ਜਮ੍ਹਾਂ ਕਰਾਉਣ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਰਕਮ ਦੀ ਅਦਾਇਗੀ 'ਚ ਨਾਕਾਮ ਰਹੇ ਹਨ। ਇਸ ਲਈ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਜਾਰੀ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਸੈਕਸ਼ਨ 13 (4) ਅਤੇ ਉਕਤ ਨਿਯਮ ਦੇ ਨਿਯਮ 8 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠ ਦਰਜ ਮਿਤੀਆਂ ਨੂੰ ਹੇਠਾਂ ਦਰਜ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਕਰਜ਼ਦਾਰਾਂ ਨੂੰ ਖਾਸ ਤੌਰ 'ਤੇ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ/ਐਸੇਟ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਜਾਇਦਾਦ/ਐਸੇਟਨ ਦੇ ਕਿਸੇ ਤਰ੍ਹਾਂ ਦੇ ਲੈਣ-ਦੇਣ 'ਤੇ ਐਕਸਿਸ ਬੈਂਕ ਲਿ. ਵੱਲੋਂ ਵਸੂਲੀ ਕੀਤੀ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਂਅ | ਹਾਈਪੋਥੀਕੇਟਿਡ ਐਸੇਟ/ਜਾਇਦਾਦ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁ.) |
|---|---|---|---|---|---|
| 1. | 1. ਰਾਜ ਕੁਮਾਰ ਮਿੱਤਲ ਮਕਾਨ ਨੰ. 1634, ਸੈਕਟਰ 7 ਸੀ, ਸੂਬਾ ਯੂ ਟੀ ਚੰਡੀਗੜ੍ਹ, ਚੰਡੀਗੜ੍ਹ, ਪਿੰਨ-160019, ਇੰਡੀਆ, ਫੋਨ-9814000713, ਕੰਮ ਦਾ ਪਤਾ : ਮੈਸ. ਮਿੱਤਲ ਸਟੀਲ, ਪਲਾਟ 169, ਇੰਡਸਟ੍ਰੀਅਲ ਏਰੀਆ ਫੇਸ-2, ਸੂਬਾ ਯੂ ਟੀ ਚੰਡੀਗੜ੍ਹ, ਪਿੰਨ 160002, ਇੰਡੀਆ। | ਆਟੋ ਕਰਜ਼ਾ ਸਹੂਲਤ, ਕਰਜ਼ਾ ਖਾਤਾ ਨੰ. ਯੂ ਸੀ ਆਰ 004104553133, ਮੈਨੂਫੈਕਚਰਰ ਟੋਯੋਟਾ, ਟੋਯੋਟਾ ਕੈਟ ਡੀ-ਫਾਰਚੂਨਰ, ਇੰਜਣ ਨੰ. 1 ਕੇ ਡੀ ਯੂ 756598, ਚੈਸੀ ਨੰ. ਐਮ ਬੀ ਜੇ 11 ਜੇ ਵੀ 5105040115 ਰਜਿਸਟ੍ਰੇਸ਼ਨ ਨੰ. ਐਚ ਆਰ 28 ਐਫ 001 | 21 ਨਵੰਬਰ 2023 | 28 ਮਾਰਚ 2024 | ਰੁ. 8,77,000/- ( ਅੱਠ ਲੱਖ ਸਤੱਤਰ ਹਜ਼ਾਰ ਰੁਪਏ ਕੇਵਲ) |
| 2. | ਸੁਰੇਸ਼, ਮਕਾਨ ਨੰ. 1459, 28 ਸੈਕਟਰ 29 ਬੀ, ਚੰਡੀਗੜ੍ਹ, ਸੂਬਾ ਯੂ ਟੀ ਚੰਡੀਗੜ੍ਹ, ਚੰਡੀਗੜ੍ਹ, 160030, ਇੰਡੀਆ, ਫੋਨ 7837409004, ਕੰਮ ਦਾ ਪਤਾ : ਐੱਸ ਐੱਸ ਫਿਟਨੈੱਸ ਕਲੱਬ, ਮਨਸਾ ਦੇਵੀ ਰੋਡ, ਨੇੜੇ ਅੰਡਰ ਰੇਲਵੇ ਬ੍ਰਿਜ, IV4 ਹਸਪਤਾਲ, ਕੋਸਮੋ ਪੋਲਿਟਿਨ ਐਮ ਡੀ ਸੀ ਸੈਕਟਰ 4, ਪੰਚਕੂਲਾ, ਹਰਿਆਣਾ, ਪਿੰਨ 134104, ਇੰਡੀਆ। | ਆਟੋ ਕਰਜ਼ਾ ਸਹੂਲਤ, ਕਰਜ਼ਾ ਖਾਤਾ ਨੰ. ਯੂ ਸੀ ਆਰ 004107220078, ਮੈਨੂਫੈਕਚਰਰ ਫੋਰਡ, ਫੋਰਡ ਕੈਟ ਬੀ ਫ੍ਰੀ ਸਟਾਇਲ, ਇੰਜਣ ਨੰਬਰ ਕੇ ਈ 89835, ਚੈਸੀ ਨੰ. ਐਮ ਏ ਜੇ ਜੀ ਐੱਕਸ ਐਕਸ ਐਮ ਟੀ ਕੇ ਜੀ ਕੇ ਈ 89835, ਰਜਿਸਟ੍ਰੇਸ਼ਨ ਨੰ. ਸੀ ਐਚ 01 ਬੀ ਐੱਕਸ 5307 | 21 ਨਵੰਬਰ 2023 | 28 ਮਾਰਚ 2024 | ਰੁ. 9,01, 461/- ( ਨੌ ਲੱਖ ਇੱਕ ਹਜ਼ਾਰ ਚਾਰ ਸੌ ਇਕਾਹਠ ਰੁਪਏ ਕੇਵਲ) |
| 3. | ਰਿਚਾ ਪਤਨੀ ਗੌਰਵ ਵਰਮਾ, ਮਕਾਨ ਨੰ. 243, ਧਰਮਪੁਰ ਕਾਲੋਨੀ, ਵਾਰਡ ਨੰ. 7, ਪਿੰਜੌਰ, ਕਾਲਕਾ, ਪਿੰਨ ਕੋਡ 134102, ਪੰਚਕੂਲਾ, ਹਰਿਆਣਾ 134101 ਇੰਡੀਆ, ਫੋਨ-9813440527, ਕੰਮ ਦਾ ਪਤਾ : ਪ੍ਰੇਮ ਮੋਟਰਜ਼, ਨੇੜੇ ਇੰਡੀਅਨ ਆਇਲ ਪੈਟਰੋਲ ਪੰਪ, ਕਾਲਕਾ, ਪੰਚਕੂਲਾ, ਹਰਿਆਣਾ, ਪਿੰਨ ਕੋਡ 134102, ਪੰਚਕੂਲਾ, ਹਰਿਆਣਾ 134101, ਇੰਡੀਆ। | ਆਟੋ ਕਰਜ਼ਾ ਸਹੂਲਤ, ਕਰਜ਼ਾ ਖਾਤਾ ਨੰ. ਯੂ ਸੀ ਆਰ 004108089199, ਮੈਨੂਫੈਕਚਰਰ ਮਹਿੰਦਰਾ ਐਂਡ ਮਹਿੰਦਰਾ, ਮਹਿੰਦਰਾ ਕੈਟੇਗਰੀ ਸੀ ਪਲੱਸ-ਐਕਸ ਯੂ ਵੀ 500, ਇੰਜਣ ਨੰ. ਐਚ ਐਚ ਐਫ 4 ਈ 14118, ਚੈਸੀ ਨੰ. ਐਮ ਏ 1 ਵਾਈ ਯੂ 2 ਐਚ ਐਚ ਯੂ ਐਫ 6 ਈ 15470, ਰਜਿਸਟ੍ਰੇਸ਼ਨ, ਨੰ. ਐਚ ਆਰ 49 ਐਫ 0025 | 21 ਨਵੰਬਰ 2023 | 27 ਮਾਰਚ 2024 | ਰੁ. 12,94,471/- (ਬਾਰਾਂ ਲੱਖ ਚੁਰਾਨਵੇਂ ਹਜ਼ਾਰ ਚਾਰ ਸੌ ਇਕੱਤਰ ਰੁਪਏ ਕੇਵਲ) |

ਮਿਤੀ : 31 ਮਾਰਚ, 2024, ਸਥਾਨ : ਚੰਡੀਗੜ੍ਹ/ਪਿੰਜੌਰ ਸਹੀ/- (ਅਧਿਕਾਰਤ ਅਫਸਰ), ਐਕਸਿਸ ਬੈਂਕ ਲਿਮਟਿਡ

## ਕਲਾਸੀਫਾਈਡ ਇਸ਼ਤਿਹਾਰ

**ਆਮ ਸੂਚਨਾ**

ਲਾਲ ਸਿੰਘ ਪੁੱਤਰ ਖਿਉਣ ਸਿੰਘ ਵਾਸੀ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਮ ਵਾਕਿਆ ਰਕਬਾ ਰਾਊਕੇ ਕਲਾਂ ਜ਼ਿਲ੍ਹਾ ਮੋਗਾ ਵਿਖੇ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਆਰ ਕੇ 442, 12.5 ਹਾਰਸ ਪਾਵਰ ਨੂੰ ਰਣਜੀਤ ਸਿੰਘ ਪੁੱਤਰ ਗੁਰਮੇਲ ਸਿੰਘ ਵਾਸੀ ਰਾਊਕੇ ਕਲਾਂ, ਜ਼ਿਲ੍ਹਾ ਮੋਗਾ ਦੇ ਨਾਮ ਪਰ ਤਬਦੀਲ ਕੀਤਾ ਜਾਣਾ ਹੈ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਅੰਦਰ ਦਫਤਰ ਪੀ.ਐਸ.ਪੀ.ਸੀ.ਐੱਲ ਬੱਧਨੀ ਕਲਾਂ ਜ਼ਿਲਾ ਮੋਗਾ ਵਿਖੇ ਪੇਸ਼ ਹੋ ਕੇ ਲਗਾ ਸਕਦਾ ਹੈ।

ਮੈਂ, ਗੁਰਨੈਬ ਸਿੰਘ ਪੁੱਤਰ ਹਾਕਮ ਸਿੰਘ ਵਾਸੀ ਭਾਗੋਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੈਂ ਆਪਣੇ ਪੋਤਰੇ ਬਲਕਾਰ ਸਿੰਘ ਪੁੱਤਰ ਸਵ: ਜਗਦੇਵ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਉਸ ਨੂੰ ਦਿੱਤੀ ਹੋਈ ਬੇਦਖਲੀ ਰੱਦ ਕਰਦਾ ਹਾਂ। ਸੰਬੰਧਤ ਨੋਟ ਕਰਨ।

ਖਾਤਾ ਨੰਬਰ 6 132 ਟਿਊਬਵੈਲ ਕਨੈਕਸ਼ਨ, ਸੂਰਤਾ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਨਿਬਰਵਿੰਡ,ਉਪ ਮੰਡਲ ਦਫਤਰ ਨਵਾਂ ਪਿੰਡ PSPCL ਵਿਖੇ ਚੱਲ ਰਿਹਾ ਹੈ । ਇਹ ਕਨੈਕਸ਼ਨ ਹਰਦੀਪ ਸਿੰਘ ਪੁੱਤਰ ਸੂਰਤਾ ਸਿੰਘ ਦੇ ਨਾਮ ਤਬਦੀਲ ਕੀਤਾ ਜਾ ਰਿਹਾ ਹੈ । ਜੇ ਕਿਸੇ ਨੂੰ ਇਸ ਸਬੰਧੀ ਇਤਰਾਜ਼ ਹੋਵੇ ਤਾਂ ਲਿਖਤੀ ਰੂਪ ਵਿੱਚ PSPCL ਦਫਤਰ ਨਵਾਂ ਪਿੰਡ ਨੂੰ 15 ਦਿਨਾਂ ਵਿੱਚ ਦੇਵੇ।

**ਬੇਦਖਲੀ ਨੋਟਿਸ**

ਅਸੀਂ ਸ਼ਿਵ ਰਾਮ ਸ਼ਰਮਾ ਪੁੱਤਰ ਸ੍ਰੀ ਰਾਮ ਕ੍ਰਿਸ਼ਨ ਸ਼ਰਮਾ ਅਤੇ ਸਰੋਜ ਸ਼ਰਮਾ ਪਤਨੀ ਸ਼ਿਵ ਰਾਮ ਸ਼ਰਮਾ ਵਾਸੀ ਮਕਾਨ ਨੰ: 1-ਏ, ਨਿਊ ਗੋਬਿੰਦਗੜ੍ਹ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਵਿਪੁਲ ਸ਼ਰਮਾ ਅਤੇ ਉਸ ਦੀ ਪਤਨੀ ਪ੍ਰਿਆ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਆਰ)

ਮੈਂ ਪ੍ਰਭਜੋਤ ਸਿੰਘ ਪੁੱਤਰ ਲੇਟ ਹਰਬੰਸ ਸਿੰਘ ਵਾਸੀ ਮਕਾਨ ਨੰਬਰ 174-ਡੀ, ਫਰੈਂਡਜ਼ ਐਵੀਨਿਊ, ਮਜੀਠਾ ਰੋਡ, ਅੰਮ੍ਰਿਤਸਰ ਆਪਣੇ ਲੜਕੇ ਇੰਦਰਬੀਰ ਸਿੰਘ ਅਤੇ ਨੂੰਹ ਹਰਮਨਬੀਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਹ ਮੇਰੇ ਅਤੇ ਪਰਿਵਾਰ ਦੇ ਕਿੱਸੇ ਵੀ ਮੈਂਬਰ ਦੇ ਕਹਿਣੇ ਵਿਚ ਨਹੀਂ ਹਨ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਤ ਨੋਟ ਕਰਨ ।

ਮੈਂ, ਡਾਕਟਰ ਬਿਮਲ ਸ਼ਰਮਾ ਪੁੱਤਰ ਸ਼੍ਰੀ ਕ੍ਰਿਸ਼ਨ ਚੰਦਰ ਸ਼ਰਮਾ ਵਾਸੀ ਮਕਾਨ ਨੰ. 980, ਸੈਕਟਰ 121, ਪੰਚਕੂਲਾ (ਹਰਿਆਣਾ) ਘੋਸ਼ਣਾ ਕਰਦਾ ਹਾਂ ਕਿ ਮੇਰੀ ਪਤਨੀ ਸ੍ਰੀਮਤੀ ਅਨੀਤਾ ਅਤੇ ਮੇਰਾ ਪੁੱਤਰ ਅੰਕੁਸ਼ ਸ਼ਰਮਾ ਮੇਰੇ ਕਹਿਣੇ-ਸੁਣਨੇ ਤੋਂ ਬਾਹਰ ਹਨ। ਇਸ ਲਈ ਮੈਂ ਆਪਣੀ ਪਤਨੀ ਤੇ ਪੁੱਤਰ ਨੂੰ ਆਪਣੀ ਸਾਰੀ ਚੱਲ-ਅਚੱਲ ਸੰਪਤੀ ਤੋਂ ਬੇਦਖਲ ਕਰਦਾ ਹਾਂ। ਭਵਿੱਖ ਵਿੱਚ ਜੋ ਵੀ ਉਨ੍ਹਾਂ ਨਾਲ ਲੈਣ-ਦੇਣ ਕਰੇਗਾ ਉਹ ਖੁਦ ਆਪ ਜ਼ਿੰਮੇਵਾਰ ਹੋਵੇਗਾ।

**ਬੇਦਖਲੀ ਨੋਟਿਸ**

ਅਸੀਂ ਨਰੈਣ ਸਿੰਘ ਪੁੱਤਰ ਫੂਲ ਚੰਦ, ਮੀਨਾ ਪਤਨੀ ਨਰੈਣ ਸਿੰਘ ਵਾਸੀਆਨ ਪਿੰਡ ਸਾਹਲਾਪੁਰ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਨਿਲ ਅਤੇ ਸਾਡੀ ਨੂੰਹ ਨੇਹਾ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਮੇਸ਼ ਕੁਮਾਰ ਪੁੱਤਰ ਸ੍ਰੀ ਚਾਂਦ ਕਿਸ਼ਨ ਵਾਸੀ ਮਕਾਨ ਨੰ. 1040/8, ਇਸਲਾਮਾਬਾਦ, ਡਾਕਖਾਨਾ ਖਾਲਸਾ ਕਾਲਜ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਭਤੀਜਾ ਵਿਸ਼ਾਲ ਪੁੱਤਰ ਲੇਟ ਸ੍ਰੀ ਓਮ ਕਿਸ਼ਨ ਅਤੇ ਉਸਦੀ ਪਤਨੀ ਪ੍ਰੀਆ ਅਤੇ ਇਨ੍ਹਾਂ ਦੀ ਲੜਕੀ ਰਹਿਮਤ ਅਤੇ ਮੇਰੇ ਭਤੀਜੇ ਦੀਆਂ ਭੈਣਾਂ ਸੁਮਨ, ਦੀਪਿਕਾ ਅਤੇ ਸ਼ਿਵਾਲੀ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੇ ਰਿਸ਼ਤੇ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

**ਨਾਂਅ ਦੀ ਬਦਲੀ**

ਮੈਂ ਗੁਰਮੀਤ ਪੁੱਤਰ ਬੰਸਾ, ਪਿੰਡ ਧਿਆਨਪੁਰ, ਤਹਿ ਡੇਰਾ ਬਾਬਾ ਨਾਨਕ ਨੇ ਆਪਣਾ ਨਾਂਅ ਬਦਲ ਕੇ ਗੁਰਮੀਤ ਮਸ਼ਾਲ ਪੁੱਤਰ ਹਰਬੰਸ ਲਾਲ ਕਰ ਲਿਆ ਹੈ।

**Change of Name**

I Parmjeet S/O Parkash Chand V.P.O Bir Bansian Teh: Phillaur District Jalandhar. I Have Changed My Name Parmjeet to Parmjit. to make related notes.

I, Sanjiv Kumar S/o Dhani Ram R/o H.No. 89, Shri Ram Avenue Tung Bala, Majitha Road, Amritsar, Punjab have changed my name from Sanjiv Kumar to Sanjeev Kumar.

I, Dilbagh Singh Bansal S/O Parkash Singh R/O Mukerian Nangal Bihalan Hoshiarpur Have Changed My Name To Dilbag Singh

**Change of Name**

I, Gurprit Kaur W/o Jagraj Singh R/o Village Veeram, Tehsil Patti District Tarn Taran have changed my name from Gurprit Kaur to Gurpreet Kaur

I Baljinder Singh Virk S/o Bal Veer Singh Virk R/o Village Janian Distt Amritsar have changed my name from Baljinder Singh Virk to Baljinder Singh

I, Shikha Pahwa W/o Ashish Sareen R/o H.No. 24/258, New Dharampura Colony, Batala, Distt. Gurdaspur, Punjab, India have changed my name from Shikha Pahwa to Shikha Sareen after marriage. All concerned please note.

I,Parvinder Singh Sandhu S/O Ajit Singh R/O 132,Hargobind Avenue,Sher Shah Suri Road,Chheharta,Amritsar,Punjab have changed my name from Parvinder Singh Sandhu to Parvinder Singh.Concerned note.

I, Farid M S Bedi S/o Jagmohan Singh Bedi R/o Paris Avenue, Guru Ki Wadali, Chheharta, Amritsar same person full name Farid Mohan Singh Bedi. Pls note it.

I, Sandeep Bansal W/O Jaspreet Singh R/O Mukerian Nangal Bihalan Hoshiarpur Have Changed My Name To Sandeep Kaur

I, Prabsirat Kaur D/o Harkirat Singh R/o VPO Mahal Ram Tirath Road, Amritsar have changed my name from Prabsirat Kaur to Prabhsiat Kaur

I, Amar Raj Singh S/o Sant Parkash Singh R/o Baba Naga Wali Gali, Bhikhiwind, Tarn Taran have changed my name from Amar Raj Singh to Amarraj Singh

**ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ**

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

**Criminal Courts, Ludhiana**

In the Court of
**Ms. Shaweta**
Judicial Magistrate-1st Class Ludhiana
Coma /1365/2018
CNR No. PBLD03-009719-2018
Peshi : 12.04.2024

Publication notice for Proclamation under section 82 CR.PC

Shinderpal Singh
Vs.
Bhupinder Singh

Complaint R/w sec-138 of N.I. ACT

Notice to : Bhupinder Singh Prop. M/S New Punjab Tele Shop R/o Near Jagtar Verka Milk Centre, Chimni Road, New Shimlapuri, Ludhiana

Whereas it has been proved to the satisfaction of the court that you, the accused above named cannot be served in the ordinary way of service. Hence this proclamation under 82 CRPC is hereby issued against you with a direction that you should appear Personally before the court on 12.04.2024 at 10.00 A.M. or within 30 days from the date of publication of this proclamation.

Take notice that, in default of your part to appear as directed above, the above said case will be heard and determined as per law, in your absence.

Given under my hand and the seal of the Court, this 28.03.2024

For details logon to https://highcourtchd.gov.in/?trs=district_notice&district= Ludhiana

Judicial Magistrate-1st Class Ludhiana

# ਪਾਰਲੀਮੈਂਟ ਚੋਣਾਂ ਦੌਰਾਨ ਯੂ ਐਨ ਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨ ਆਪਣੇ ਅਬਜ਼ਰਬਰ ਇੰਡੀਆ 'ਚ ਭੇਜਣ : ਮਾਨ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੰਡੀਆ ਦਾ ਚੋਣ ਕਮਿਸ਼ਨ ਹਮੇਸ਼ਾ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਅਸੀਂ ਸਵੱਛ ਅਤੇ ਆਜ਼ਾਦ ਚੋਣਾਂ ਕਰਵਾਵਾਂਗੇ ਪਰ ਜਦੋਂ ਵੀ ਚੋਣਾਂ ਸਾਹਮਣੇ ਆਉਂਦੀਆਂ ਹਨ ਤਾਂ ਕੋਈ ਵੀ ਚੋਣ ਇਸ ਤਰ੍ਹਾਂ ਨਹੀਂ ਲੰਘਦੀ ਜਿਸ ਵਿਚ ਵੱਖ-ਵੱਖ ਸੂਬਿਆਂ ਵਿਚ ਹੁਕਮਰਾਨ ਜਮਾਤ, ਪੁਲਸ ਤੇ ਕੱਟੜਵਾਦੀ ਸਿਆਸਤਦਾਨਾਂ ਵੱਲੋਂ ਬੂਥਾਂ ਉਤੇ ਕਬਜ਼ੇ ਨਾ ਹੋਣ ਜਾਂ ਚੋਣਾਂ ਵਿਚ ਵੋਟਰਾਂ ਨੂੰ ਧਮਕਾ ਕੇ ਜਾਂ ਲਾਲਚ ਦੇ ਕੇ ਵੋਟਾਂ ਨਾ ਪਵਾਈਆਂ ਜਾਂਦੀਆਂ ਹੋਣ।ਇਸੇ ਨੂੰ ਮੁੱਖ ਰੱਖਦੇ ਹੋਏ ਕੌਮਾਂਤਰੀ ਜਥੇਬੰਦੀ ਯੂਨਾਈਟਿਡ ਨੇਸ਼ਨ ਨੇ ਕੇਜਰੀਵਾਲ ਦੀ ਮੰਦਭਾਵਨਾ ਅਧੀਨ ਹੁਕਮਰਾਨਾਂ ਵੱਲੋਂ ਕੀਤੀ ਗ੍ਰਿਫਤਾਰੀ ਅਤੇ ਉਨ੍ਹਾਂ ਦੇ ਕੇਸ ਵਿਚ ਜਰਮਨ ਅਤੇ ਯੂ.ਐਸ.ਏ. ਦੀਆਂ ਅੰਬੈਸੀਆਂ ਦੇ ਰਾਜਦੂਤਾਂ ਨੂੰ ਪੁੱਛਗਿੱਛ ਲਈ ਬੁਲਾ ਕੇ ਤੌਹੀਨ ਕਰਨ ਦੇ ਅਮਲਾਂ ਦਾ ਜੋ ਸਖਤ ਨੋਟਿਸ ਲੈਂਦੇ ਹੋਏ ਇੰਡੀਅਨ ਹੁਕਮਰਾਨਾਂ ਨੂੰ ਉਚੇਚੇ ਤੌਰ 'ਤੇ 2024 ਦੀਆਂ ਜਰਨਲ ਚੋਣਾਂ ਨੂੰ ਸਵੱਛ ਅਤੇ ਨਿਰਪੱਖ ਕਰਵਾਉਣ ਲਈ ਕਿਹਾ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਉਥੇ ਯੂ.ਐਨ, ਅਮਨੈਸਟੀ ਇੰਟਰਨੈਸ਼ਨਲ, ਯੂ.ਐਸ. ਕਮਿਸ਼ਨ ਆਨ ਇੰਟਰਨੈਸ਼ਨਲ ਰੀਲੀਜੀਅਸ ਫਰੀਡਮ, ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨ ਆਦਿ ਸੰਸਾਰ ਪੱਧਰ ਦੀਆਂ ਜਥੇਬੰਦੀਆਂ ਨੂੰ ਆਪਣੇ ਤੌਰ 'ਤੇ ਆਪਣੇ ਅਬਜਰਬਰ ਇੰਡੀਆ ਵਿਚ ਭੇਜਣ ਦੀ ਅਤੇ ਚੋਣਾਂ ਨੂੰ ਨਿਰਪੱਖ ਤੇ ਆਜ਼ਾਦ ਕਰਵਾਉਣ ਦਾ ਪ੍ਰਬੰਧ ਕਰਨ ਦੀ ਉਚੇਚੇ ਤੌਰ ਤੇ ਗੁਜਾਰਿਸ਼ ਕਰਦਾ ਹੈ।ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਯੂ.ਐਨ. ਦੇ ਸੈਕਟਰੀ ਜਰਨਲ ਦੇ ਸਪੋਕਸ ਪਰਸਨ ਮਿਸਟਰ ਸਟੇਫਨ ਦੁਜਾਰਿਕ ਵੱਲੋਂ ਇੰਡੀਆ ਵਿਚ ਨਿਰਪੱਖ ਤੇ ਸਵੱਛ ਚੋਣਾਂ ਕਰਵਾਉਣ ਦੀ ਜਤਾਈ ਚਿੰਤਾ ਅਤੇ ਇੰਡੀਆ ਦੇ ਹੁਕਮਰਾਨਾਂ ਤੇ ਚੋਣ ਕਮਿਸ਼ਨ ਵੱਲੋਂ ਇਸ ਸੰਬੰਧੀ ਪ੍ਰਗਟਾਈ ਉਮੀਦ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਹਿੱਤ ਆਪਣੇ ਨੁਮਾਇੰਦੇ ਭੇਜਣ ਦੀ ਗੁਜਾਰਿਸ਼ ਕਰਦੇ ਹੋਏ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜਿਵੇਂ ਮੌਜੂਦਾ ਮੋਦੀ ਦੀ ਬੀ ਜੇ ਪੀ-ਆਰ.ਐਸ.ਐਸ. ਹਕੂਮਤ ਵਿਰੋਧੀ ਪਾਰਟੀਆਂ ਦੇ ਸਿਰਕੱਢ ਆਗੂਆਂ ਤੇ ਸਿਆਸਤਦਾਨਾਂ ਉਤੇ ਈ.ਡੀ, ਸੀ.ਬੀ.ਆਈ, ਆਪਣੀਆਂ ਏਜੰਸੀਆ ਦੇ ਛਾਪੇ ਮਰਵਾ ਕੇ ਉਨ੍ਹਾਂ ਨੂੰ ਕਾਨੂੰਨੀ ਸ਼ਿਕੰਜੇ ਵਿਚ ਫਸਾ ਕੇ ਦਬਾਅ ਪਾਉਣ ਦੀ ਨੀਤੀ ਉਤੇ ਚੱਲ ਰਹੀ ਹੈ, ਉਸ ਤੋ ਪ੍ਰਤੱਖ ਹੋ ਜਾਂਦਾ ਹੈ ਕਿ ਇਹ ਹੁਕਮਰਾਨ ਬੀ ਜੇ ਪੀ-ਆਰ.ਐਸ.ਐਸ ਦੀ ਜਿੱਤ ਨੂੰ ਪ੍ਰਾਪਤ ਕਰਨ ਲਈ ਕਿਸੇ ਵੀ ਨੀਵੇਂ ਤੋਂ ਨੀਵੇਂ ਪੱਧਰ ਤੱਕ ਜਾ ਕੇ ਇਨ੍ਹਾਂ ਚੋਣਾਂ ਵਿਚ ਬੇਨਿਯਮੀਆਂ ਤੇ ਗੈਰ ਕਾਨੂੰਨੀ ਅਮਲ ਕਰ ਸਕਦੇ ਹਨ ।

31-March-PAGE-7.qxd 3/30/2024 11:10 PM Page 1



# ਸ਼ਹੀਦ ਭਗਤ ਸਿੰਘ ਨੂੰ ਬੁੱਤ ਜਾਂ ਤਸਵੀਰਾਂ 'ਚ ਨਾ ਲੱਭੋ, ਉਹਨਾਂ ਦੀਆ ਲਿਖਤਾਂ ਪੜ੍ਹੋ- ਐਡਵੋਕੇਟ ਯੁਵਰਾਜ ਸਿੰਘ



**ਭੋਗਪੁਰ ( ਕੁਲਵੀਰ ਸਿੰਘ ਕਾਹਲੋਂ)** ਐਡਵੋਕੇਟ ਯੁਵਰਾਜ ਸਿੰਘ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਜੀਵਨੀ ਅਤੇ ਲਿਖਤਾਂ ਨੂੰ ਪੜ੍ਹਦਿਆਂ ਸਾਡੀਆਂ ਅੱਖਾਂ ਸਾਹਮਣੇ ਬਾਰ-ਬਾਰ ਉਸ ਨੌਜਵਾਨ ਦੀ ਸ਼ਖ਼ਸੀਅਤ ਉੱਭਰਦੀ ਹੈ ਜੋ ਫਾਂਸੀ ਦੇ ਫੰਦੇ ਦੀ ਛਾਂ ਹੇਠ ਬੈਠ ਕੇ ਵੀ ਸਿਰਫ ਇਨਕਲਾਬ ਬਾਰੇ ਹੀ ਸੋਚ ਰਿਹਾ ਸੀ। ਸਾਡਾ ਯਤਨ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਪਤਾ ਲੱਗ ਸਕੇ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਅਸਲ ਵਿੱਚ ਹੈ ਕੀ, ਉਹਨਾਂ ਦੀ ਸੋਚ ਉਹਨਾਂ ਦੇ ਹੱਥਾਂ ਵਿੱਚ ਬੰਦੂਕ ਫੜੀਆਂ ਤਸਵੀਰਾਂ ਜਾਂ ਕਾਰਾਂ ਪਿੱਛੇ ਉਹਨਾਂ ਦੀ ਤਸਵੀਰ ਲਗਾ ਕੇ ਲਿਖ ਦੇਣਾ ਕਿ 'ਲੱਗਦਾ ਫਿਰ ਆਉਣਾ ਪਊ' ਨਾਲ ਸਮਝ ਨਹੀਂ ਆਉਣੀ।ਉਹ ਅਸਲ ਵਿੱਚ ਕੀ ਸਨ ਇਹ ਸਭ ਉਹਨਾਂ ਦੀਆਂ ਲਿਖਤਾਂ ਨੂੰ ਪੜ੍ਹ ਕੇ ਹੀ ਪਤਾ ਲੱਗ ਸਕਦਾ ਹੈ। ਇਸ ਕਰਕੇ ਅਸੀਂ ਲੱਗਭਗ 2019 ਤੋਂ ਲੈ ਕੇ ਹੁਣ ਤੱਕ ਹਰ ਸਾਲ ਉਹਨਾਂ ਦੇ ਜਨਮ ਦਿਨ (28 ਸਤੰਬਰ) ਅਤੇ ਸ਼ਹੀਦੀ ਦਿਵਸ ਤੇ ਉਹਨਾਂ ਦੀਆਂ ਲਿਖਤਾਂ ਨੂੰ ਕਿਤਾਬਾਂ ਦਾ ਰੂਪ ਦੇ ਕੇ ਮੁਫਤ ਵੰਡ ਰਹੇ ਹਾਂ। ਅਸੀਂ ਇਹ ਉਪਰਾਲਾ ਇੱਕ ਖਾਸ ਮਕਸਦ ਲਈ ਕੀਤਾ ਸੀ ਤਾਂ ਕਿ ਨੌਜਵਾਨਾਂ ਅਤੇ ਇਸ ਦੇਸ਼ ਦੇ ਹਰੇਕ ਨਾਗਰਿਕ ਨੂੰ ਪਤਾ ਲੱਗ ਸਕੇ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਕੀ ਸੀ ਅਤੇ ਉਹ ਕਿਸ ਤਰ੍ਹਾਂ ਦੀ ਆਜ਼ਾਦੀ ਦੀ ਮੰਗ ਕਰ ਰਹੇ ਸਨ ਅਤੇ ਅੱਜ ਸਾਡਾ ਦੇਸ਼ ਉਹਨਾਂ ਦੇ ਸੋਚੇ ਸੁਪਨਿਆਂ ਵਰਗਾ ਹੈ ਜਾਂ ਨਹੀਂ? ਆਜ਼ਾਦੀ ਤੋਂ ਇੰਨੇ ਸਾਲਾਂ ਬਾਅਦ ਵੀ ਸਾਡੇ ਦੇਸ਼ ਵਿੱਚ ਜਾਤ-ਪਾਤ ਦਾ ਮਸਲਾ ਲੱਗਭਗ ਉਸੇ ਤਰ੍ਹਾਂ ਹੈ। ਸਾਡੇ ਨਾਗਰਿਕ ਉਹੀ ਪਿਛੜੀ ਸੋਚ ਨੂੰ ਲੈ ਕੇ ਜੀਅ ਰਹੇ ਹਨ।ਨਿੱਤ ਅਖ਼ਬਾਰਾਂ ਵਿਚ ਇਸ ਦੀ ਚਰਚਾ ਆਮ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਇੱਕ ਲਿਖਤ ਹੈ 'ਅਛੂਤ ਦਾ ਸਵਾਲ' ਜ਼ਰੂਰ ਪੜ੍ਹੀ ਜਾਣੀ ਚਾਹੀਦੀ ਹੈ। ਇਸ ਨੂੰ ਜ਼ਰੂਰ ਪੜ੍ਹਨਾ ਤੇ ਸੋਚਣਾ ਕਿ ਅਸੀਂ ਖੁਦ ਨੂੰ ਸ਼ਹੀਦਾਂ ਦੇ ਵਾਰਸ ਕਹਾਉਣ ਦੇ ਲਾਇਕ ਹਾਂ ਜਾਂ ਨਹੀਂ। ਸ਼ਹੀਦ ਏ ਆਜ਼ਮ ਭਗਤ ਸਿੰਘ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਵੀ ਜ਼ਰੂਰ ਪੜ੍ਹਨਾ ਚਾਹੀਦਾ ਹੈ। ਇਨਕਲਾਬ ਉਨਾਂ ਚਿਰ ਜਨਮ ਨਹੀਂ ਲੈ ਸਕਦਾ ਜਿੰਨਾਂ ਚਿਰ ਸਮਾਜ ਆਪਣੇ 'ਤੇ ਹੋ ਰਹੇ ਜਬਰ ਜ਼ੁਲਮ ਨੂੰ ਮਹਿਸੂਸ ਨਹੀਂ ਕਰਦਾ ਅਤੇ ਦਲੇਰ ਹੋ ਕੇ ਇਸ ਦੇ ਖਿਲਾਫ ਆਵਾਜ਼ ਨਹੀਂ ਉਠਾਉਂਦਾ। ਆਜ਼ਾਦੀ ਤੋਂ ਪਹਿਲਾਂ ਵੀ ਬਹੁਤ ਦੇਸ਼ਵਾਸੀ ਸਨ ਪਰ ਹਰ ਕੋਈ ਸ਼ਹੀਦ ਏ ਆਜ਼ਮ ਭਗਤ ਸਿੰਘ ਨਹੀਂ ਬਣ ਸਕਿਆ। ਉਹਨਾਂ ਵਰਗਾ ਬਣਨਾ ਨਿਸ਼ਚਿਤ ਤੌਰ 'ਤੇ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਪਰ ਉਹਨਾਂ ਦੀ ਸੋਚ 'ਤੇ ਚੱਲ ਕੇ ਅਸੀਂ ਆਪਣੀ ਅਤੇ ਆਪਣੇ ਦੇਸ਼ ਦੀ ਬਿਹਤਰੀ ਲਈ ਕੰਮ ਕਰ ਸਕਦੇ ਹਾਂ।ਜਿਵੇਂ ਕਿ ਸ਼ਹੀਦ ਏ ਆਜ਼ਮ ਭਗਤ ਸਿੰਘ ਨੇ ਕਿਹਾ ਸੀ ਪਿਸਤੌਲ ਅਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤਿੱਖੀ ਹੁੰਦੀ ਹੈ। ਅੱਜ ਵੀ ਉਹਨਾਂ ਦੇ ਬੋਲ ਉਨੇ ਹੀ ਢੁੱਕਵੇਂ ਹਨ ਜਿੰਨੇ ਕਈ ਸਾਲ ਪਹਿਲਾਂ ਸਨ।ਅੱਜ ਵੀ ਇਨਕਲਾਬ, ਇਨਕਲਾਬੀ ਵਿਚਾਰਾਂ ਤੋਂ ਹੀ ਉੱਭਰ ਸਕਦਾ ਹੈ। ਬੰਬ, ਪਿਸਤੌਲ ਕਿਸੇ ਚੀਜ਼ ਦਾ ਹੱਲ ਨਹੀਂ, ਆਪਸੀ ਪਿਆਰ ਅਤੇ ਸਤਿਕਾਰ ਨਾਲ ਹੱਲ ਕੱਢੇ ਜਾ ਸਕਦੇ ਹਨ।

# ਤੁਗਲਕਾਬਾਦ ਮੰਦਰ ਦੀ ਸਾਰੀ ਜ਼ਮੀਨ ਗੁਰੂ ਰਵਿਦਾਸ ਨਾਮਲੇਵਾ ਕੌਮ ਦੇ ਹਵਾਲੇ ਕੀਤੀ ਜਾਵੇ-ਸੰਤ ਸਮਾਜ




**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਸਮੂਹ ਸੰਤ ਸਮਾਜ ਪੰਜਾਬ, ਸਤਿਗੁਰੂ ਰਵਿਦਾਸ , ਭਗਵਾਨ ਵਾਲਮੀਕ, ਸਤਿਗੁਰੂ ਕਬੀਰ ਸਾਹਿਬ ਨਾਮ ਲੇਵਾ ਸੰਗਤਾਂ ਅਤੇ ਅੰਬੇਡਕਰੀ ਜਥੇਬੰਦੀਆਂ ਨੇ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਕਰਕੇ ਇਤਿਹਾਸਕ ਤੁਗਲਕਾਬਾਦ ਮੰਦਿਰ ਚਮਾਰਵਾੜਾ ਦਿੱਲੀ ਦੀ ਸਾਰੀ ਜਮੀਨ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਹਵਾਲੇ ਕਰਨ ਅਤੇ ਆਦਮਪੁਰ ਏਅਰਪੋਰਟ ਦਾ ਨਾਂਅ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਂਅ 'ਤੇ ਰੱਖਣ ਲਈ ਸਬੰਧੀ ਵਿਚਾਰ ਪੇਸ਼ ਕੀਤੇ। ਬਹੁਜਨ ਸਮਾਜ ਦੇ ਦੋ ਮੁੱਖ ਮੁੱਦਿਆਂ ਤੇ ਕੇਂਦਰ ਸਰਕਾਰ ਤੋਂ ਸੰਤ ਸਮਾਜ ਵਲੋਂ ਮੰਗ ਕੀਤੀ ਗਈ, ਕਿ ਜੋ ਸਤਿਗੁਰੂ ਰਵਿਦਾਸ ਮੰਦਿਰ ਚਮਾਰਵਾੜਾ ਸ੍ਰੀ ਤੁਗਲਕਾਬਾਦ ਮੰਦਿਰ ਦਿੱਲੀ ਨੂੰ ਕੇਂਦਰ ਸਰਕਾਰ ਅਧੀਨ ਦਿੱਲੀ ਡਿਵੈਲਪਮੈਂਟ ਅਥਾਰਟੀ ਦੁਆਰਾ ਅਗਸਤ 2019 ਵਿੱਚ ਤੋੜਿਆ ਗਿਆ ਸੀ। ਜਿਸ ਕਾਰਨ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਅਤੇ ਸਮਾਜ ਦੇ ਹਿਰਦਿਆਂ ਨੂੰ ਭਾਰੀ ਠੇਸ ਪੁੱਜੀ ਹੈ। ਸਮੁੱਚੇ ਸੰਤ ਸਮਾਜ ਦੀ ਅਗਵਾਈ ਹੇਠ ਬਹੁਜਨ ਸਮਾਜ ਵਲੋਂ ਵਿਸ਼ਵ ਵਿਆਪੀ ਭਾਰੀ ਰੋਸ ਪ੍ਰਦਰਸ਼ਨ ਕੀਤੇ ਗਏ ਸਨ। ਜੋ ਜਮੀਨ ਮੌਕੇ ਦੇ ਹਾਕਮ ਸਿਕੰਦਰ ਲੋਧੀ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਭੇਟਾ ਕੀਤੀ ਸੀ ਉਸ ਸਾਰੀ ਜਮੀਨ 'ਤੇ ਕੇਵਲ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਅਧਿਕਾਰ ਹੈ, ਪਰ ਮੰਦਿਰ ਤੋੜੇ ਨੂੰ ਸਾਢੇ ਚਾਰ ਸਾਲ ਬੀਤ ਗਏ ਹਨ ਅਜੇ ਤਕ ਇਹ ਵਿਰਾਸਤ ਵਾਪਿਸ ਨਹੀਂ ਕੀਤੀ ਗਈ। ਅਸੀਂ ਸਮੁੱਚਾ ਸੰਤ ਸਮਾਜ ਮੰਗ ਕਰਦੇ ਹਾਂ ਕਿ ਮੁੜ ਉਹ ਪੂਰੀ ਜਮੀਨ ਸਤਿਗੁਰੂ ਰਵਿਦਾਸ ਜੀ ਮੰਦਿਰ ਨੂੰ ਵਾਪਸ ਕੀਤੀ ਜਾਵੇ ਅਤੇ ਇਸਨੂੰ ਬੇਗਮਪੁਰਾ ਵਿਸ਼ਵ ਵਿਰਾਸਤ ਘੋਸ਼ਿਤ ਕੀਤਾ ਜਾਵੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੈਸ ਕਾਨਫਰੰਸ ਦੌਰਾਨ ਪਹੁੰਚੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇ ਜੌੜੇ, ਸੰਤ ਇੰਦਰ ਦਾਸ ਸ਼ੇਖੇ ਜਨਰਲ ਸਕੱਤਰ, ਸੰਤ ਪ੍ਰਦੀਪ ਦਾਸ ਕੂਪੁਰ ਕਠਾਰ, ਸੰਤ ਸਰਵਣ ਦਾਸ ਸੀਨੀ.ਮੀਤ ਪ੍ਰਧਾਨ, ਸੰਤ ਬਲਵੰਤ ਸਿੰਘ ਡੀਨਗੀਆਂ ਮੀਤ ਪ੍ਰਧਾਨ, ਸੰਤ ਰਮੇਸ਼ ਦਾਸ ਕਲਰਾਂ,ਸੰਤ ਧਰਮਪਾਲ ਸ਼ੇਰਗੜ, ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ ਅਤੇ ਅਨੇਕਾਂ ਸੰਤਾਂ ਮਹਾਂਪੁਰਸ਼ਾਂ ਤੋਂ ਇਲਾਵਾ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਕੀਤਾ। ਇਹਨਾਂ ਸੰਤਾਂ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਆਦਮਪੁਰ (ਜਲੰਧਰ) ਏਅਰਪੋਰਟ ਦਾ ਨਾਂਅ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਨਾਂਅ 'ਤੇ ਰੱਖਿਆ ਜਾਵੇ। ਸੰਤਾਂ, ਮਹਾਂਪੁਰਸ਼ਾਂ, ਸਮਾਜਿਕ ਆਗੂਆਂ ਨੇ ਕਿਹਾ ਕਿ ਜਲਦ ਹੀ ਕੌਮ ਦਾ ਇਕ ਵੱਡਾ ਇਕੱਠ ਕਰਕੇ ਇਨ੍ਹਾਂ ਅਹਿਮ ਮੁੱਦਿਆਂ 'ਤੇ ਅੰਦੋਲਨ ਦੀ ਰੂਪ ਰੇਖਾ ਤਿਆਰ ਕਰਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਐਡਵੋਕੇਟ ਵਿਜੇ ਕੁਮਾਰ ਬੱਧਣ,ਧਰਮਪਾਲ ਗੌਤਮ, ਲਲਿਤ ਅੰਬੇਡਕਰੀ, ਰਮੇਸ਼ ਚੌਹਕਾਂ , ਐਡਵੋਕੇਟ ਮਧੁ ਰਤਨਾ, ਐਡਵੋਕੇਟ ਦੀਕਸ਼ਾ, ਐਡਵੋਕੇਟ ਸੀਮਾ, ਸਤਨਾਮ ਕਲਸੀ, ਭਿੰਦਾ ਵਿਰਦੀ, ਵਰਿੰਦਰ ਬੰਗਾ, ਦਯਾ ਰਾਮ ਵਿਰਦੀ, ਸੁਰਿੰਦਰ ਪਾਲ,ਅਜੇ ਮੇਨਕਾ, ਕਿਸ਼ਨ ਚੰਦ ਲੋਈ ਆਦਿ ਸਾਮਾਜਿਕ ਕਾਰਕੁੰਨ ਹਾਜਰ ਸਨ।

# ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਮਜ਼ੇਦਾਰ ਗਤੀਵਿਧੀਆਂ ਕਰਵਾਈਆਂ



**ਜਲੰਧਰ (ਉੱਭੀ)** ਸੇਂਟ ਸੋਲਜਰ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਵਿਖੇ ਫਨ ਐਕਟੀਵਿਟੀ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਅਤੇ ਉਨ੍ਹਾਂ ਦੀ ਉਪਯੋਗਤਾ ਬਾਰੇ ਜਾਣੂ ਕਰਵਾਉਣਾ ਸੀ, ਤਾਂ ਜੋ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦਾ ਸਰੀਰਕ ਵਿਕਾਸ ਹੋ ਸਕੇ। ਜਿਸਦਾ ਆਯੋਜਨ ਕਾਲਜ ਪ੍ਰਿੰਸੀਪਲ ਡਾ: ਸੰਦੀਪ ਲੋਹਾਨੀ ਦੀ ਅਗਵਾਈ ਤੇ ਐਕਟੀਵਿਟੀ ਕੋਆਰਡੀਨੇਟਰ ਕੀਰਤੀ ਸ਼ਰਮਾ, ਐਚ.ਓ.ਡੀ ਮਨੀਸ਼ ਗੁਪਤਾ ਅਤੇ ਸਟਾਫ਼ ਮੈਂਬਰਾਂ ਅਖਿਲ ਕੁਮਾਰ, ਸੌਰਭ ਸ਼ਰਮਾ, ਰਮਨ, ਗਗਨ, ਵਿਕਾਸ, ਰਵੀ ਅਤੇ ਮੀਨਾਕਸ਼ੀ ਦੇ ਸਹਿਯੋਗ ਨਾਲ ਵੱਖ-ਵੱਖ ਤਰ੍ਹਾਂ ਦੀਆਂ ਮਨੋਰੰਜਕ ਗਤੀਵਿਧੀਆਂ ਨਾਲ ਹੋਇਆ, ਜਿਵੇਂ ਕਿ 'ਟੱਗ ਆਫ ਵਾਰ' ਇਸ ਦਿਨ ਦਾ ਮੁੱਖ ਆਕਰਸ਼ਣ ਸੀ। ਹੋਰ ਗਤੀਵਿਧੀਆਂ ਵਿੱਚ ਸੂਈ ਧਾਗਾ ਰੇਸ, ਲੈਮਨ ਸਪੂਨ ਰੇਸ, ਬੋਰਾ ਰੇਸ, ਤੀਨ ਤੰਗੜੀ ਰੇਸ, ਬੈਲੂਨ ਫਾਈਟਿੰਗ, ਬਲਾਇੰਡ ਫੋਲਡ ਅਤੇ ਮਿਊਜ਼ੀਕਲ ਚੇਅਰ ਸ਼ਾਮਲ ਸਨ। ਜਿਸ ਵਿੱਚ ਪ੍ਰਿਆ, ਜਸ਼ਨਪ੍ਰੀਤ, ਨਿਸ਼ਾ ਕਲਿਆਣੀ, ਜਤਿਨ ਕੁਮਾਰ, ਮੋਹਿਤ, ਸਾਕਸ਼ੀ ਆਦਿ ਵਿਦਿਆਰਥੀ ਜੇਤੂ ਰਹੇ। ਸਮਾਗਮ ਵਿੱਚ ਵਿਜੇਤਾ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸੰਸਥਾ ਦੀ ਗਤੀਵਿਧੀ ਨੂੰ ਸਾਰੇ ਵਿਦਿਆਰਥੀਆਂ ਵੱਲੋਂ ਬਹੁਤ ਪਸੰਦ ਕੀਤਾ ਗਿਆ ਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸੰਸਥਾ ਦੇ ਯਤਨਾਂ ਦੀ ਸ਼ਲਾਘਾ ਕੀਤੀ, ਅਜਿਹੇ ਮੁਕਾਬਲਿਆਂ ਨੂੰ ਸਮੇਂ ਦੀ ਲੋੜ ਦੱਸਿਆ ਅਤੇ ਵਿਦਿਆਰਥੀਆਂ ਨੂੰ ਅਜਿਹੇ ਮੁਕਾਬਲਿਆਂ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ।

## ਸ਼ੇਰਪੁਰ ਦਾ ਛਿੰਝ ਮੇਲਾ ਅੱਜ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਇਥੋਂ ਦੇ ਪਿੰਡ ਸ਼ੇਰਪੁਰ ਦਾ ਸਲਾਨਾ ਛਿੰਝ ਮੇਲਾ 31 ਮਾਰਚ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਜਾਂ ਰਿਹਾ ਹੈ। ਕਮੇਟੀ ਦੇ ਪ੍ਰਧਾਨ ਜਾਗੀਰ ਸਿੰਘ ਨੇ ਦੱਸਿਆ ਕਿ ਇਸ ਛਿੰਝ ਮੇਲੇ ਵਿੱਚ ਭਾਰਤ ਭਰ ਤੋਂ ਪਹਿਲਵਾਨ ਪੁੱਜ ਰਹੇ ਹਨ। ਸਵੇਰੇ ਅਰਦਾਸ ਤੋਂ ਉਪਰੰਤ ਅਖਾੜਾ ਨਿਕਲੇਗਾ ਜਿਸ ਵਿੱਚ ਪਟਕੇ ਦੀ ਪਹਿਲੀ ਕੁਸ਼ਤੀ ਗੌਰਬ ਮਾਛੀਵਾੜਾ ਅਤੇ ਪ੍ਰਵੀਨ ਕੁਹਾਲੀ ਵਿਚਕਾਰ ਹੋਵੇਗੀ, ਜਿਸ ਦਾ ਇੱਕ ਲੱਖ ਰੁਪਏ ਦਾ ਇਨਾਮ ਜਗੀਰ ਸਿੰਘ ਪੁੱਤਰ ਮਹਿੰਗਾ ਸਿੰਘ ਵਲੋਂ ਦਿੱਤਾ ਜਾਵੇਗਾ। ਪਟਕੇ ਦੀ ਦੂਜੀ ਕੁਸ਼ਤੀ ਤੀਰਥ ਮਾਹਲਾ ਅਤੇ ਗੋਪੀ ਨੀਨਾ ਵਿਚਕਾਰ 41 ਲੱਖ ਰੁਪਏ ਦੀ ਹੋਵੇਗੀ। ਇਸ ਦਾ ਇਨਾਮ ਲਖਵਿੰਦਰ ਸੂਰੇਨਾ ਵਲੋਂ ਦਿੱਤਾ ਜਾਵੇਗਾ। ਪਟਕੇ ਦੀ ਤੀਜੀ ਕੁਸ਼ਤੀ ਜੱਗਾ ਆਲਮਗੀਰ ਅਤੇ ਸ਼ਨੀ ਰਾਮੇਵਾਲ ਵਿਚਕਾਰ 21000 ਰੁਪਏ ਦੀ ਹੋਵੇਗੀ। ਜਿਸ ਦਾ ਇਨਾਮ ਹਰਦੀਪ ਸਿੰਘ ਕਨੈਡਾ ਵਲੋਂ ਦਿੱਤਾ ਜਾਵੇਗਾ। ਇਸ ਮੌਕੇ ਚਾਹ ਪਕੌੜੇ ਅਤੇ ਦੁੱਧ ਦਾ ਲੰਗਰ ਗੁਰਦਿਆਲ ਰਾਮ ਅਤੇ ਏਕਨੂਰ ਯੂ ਕੇ ਵਲੋਂ ਲਗਾਇਆ ਜਾਵੇਗਾ। ਰਾਤ 8 ਵਜੇ ਕਵਾਲੀਆਂ ਹੋਣਗੀਆਂ ਅਤੇ ਪਹਿਲੀ ਅਪ੍ਰੈਲ ਨੂੰ ਨਗਰ ਦੀ ਸੁਖ ਸ਼ਾਂਤੀ ਲਈ ਬੇੜਾ ਤਾਰਿਆ ਜਾਵੇਗਾ।

## ਗੁੱਡ ਫਰਾਈਡੇਅ ਸ਼ਰਧਾ ਨਾਲ ਮਨਾਇਆ




**ਕਪੂਰਥਲਾ ( ਪ੍ਰੀਤ ਸੰਗੋਜਲਾ )** ਦ ਓਪਨ ਡੋਰ ਚਰਚ ਖੋਜੇਵਾਲਾ ਵਿਖੇ ਪ੍ਰਭੂ ਯਿਸ਼ੂ ਮਸੀਹ ਜੀ ਨੂੰ ਸਲੀਬ 'ਤੇ ਚੜਾਏ ਜਾਣ ਦਾ ਦਿਨ ਜੋ ਇੱਕ ਇਤਿਹਾਸਿਕ ਦਿਨ ਮੰਨਿਆ ਜਾਂਦਾ ਹੈ, ਬੜੀ ਹੀ ਸ਼ਰਧਾ ਨਾਲ ਮਨਾਇਆ ਗਿਆ। ਇਸ ਦਿਨ ਨੂੰ ਸਾਰੀ ਦੁਨੀਆਂ ਵਿੱਚ ਗੁੱਡ ਫਰਾਈਡੇਅਦੇ ਨਾਂਅ ਨਾਲ ਜਾਣਿਆ ਜਾਂਦਾ ਹੈ। ਖੋਜੇਵਾਲਾ ਚਰਚ ਦੇ ਮੁੱਖ ਪਾਸਟਰ ਦਿਓਲ ਨੇ ਦੱਸਿਆ ਕਿ ਪਵਿੱਤਰ ਬਾਈਬਲ ਦੇ ਅਨੁਸਾਰ ਪ੍ਰਭੂ ਯਿਸ਼ੂ ਮਸੀਹ ਸਾਰੀ ਮਨੁੱਖਤਾ ਲਈ ਇਸ ਸੰਸਾਰ ਉੱਤੇ ਓਹਨਾਂ ਦੇ ਪਾਪਾਂ ਦੀ ਵਜ੍ਹਾ ਕਰਕੇ ਆਏ ਤਾਂ ਕਿ ਜੋ ਰਿਸ਼ਤਾ ਅਦਨ ਦੇ ਬਾਗ ਵਿੱਚ ਯਹੋਵਾਹ ਪ੍ਰਮੇਸ਼ਵਰ ਦਾ ਇਨਸਾਨ ਨਾਲ ਟੁੱਟ ਗਿਆ ਸੀ ਉਸ ਨੂੰ ਦੁਬਾਰਾ ਜੋੜਿਆ ਜਾਵੇ। ਇਸ ਰਿਸ਼ਤੇ ਨੂੰ ਜੋੜਨ ਲਈ ਇੱਕ ਪਵਿੱਤਰ ਬਲੀਦਾਨ ਦੀ ਜਰੂਰਤ ਸੀ। ਪ੍ਰਭੂ ਯਿਸ਼ੂ ਮਸੀਹ ਜੀ ਨੇ ਆਪਣੇ ਜਿਉਂਦੇ ਜੀਅ ਆਪਣੇ ਚੇਲਿਆਂ ਨੂੰ ਆਖਿਆ ਜਰੂਰੀ ਹੈ ਜੋ ਮੈਂ ਯਰੂਸ਼ਲਮ ਨੂੰ ਜਾਵਾਂ ਅਤੇ ਬਜ਼ੁਰਗਾਂ, ਪ੍ਰਧਾਨ ਜਾਜਕਾਂ, ਅਤੇ ਗ੍ਰੰਥੀਆਂ ਦੇ ਹੱਥੋਂ ਬਹੁਤ ਦੁੱਖ ਝੱਲਾਂ ਅਤੇ ਮਾਰ ਦਿੱਤਾ ਜਾਵਾਂ ਅਤੇ ਮੁਰਦਿਆਂ ਵਿੱਚੋ ਤੀਜੇ ਦਿਨ ਜੀਅ ਉਠਾਂ ਤਾਂ ਕਿ ਨਬੀਆਂ ਦੀਆ ਲਿਖਤਾਂ ਜੋ ਮੇਰੇ ਹੱਕ ਵਿੱਚ ਲਿਖੀਆਂ ਹਨ ਉਹ ਪੂਰੀਆਂ ਹੋ ਸਕਣ। ਇਸ ਮੌਕੇ ਓਪਨ ਡੋਰ ਚਰਚ ਵਿੱਚ ਸਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ। ਲੰਗਰਾਂ ਦੇ ਪ੍ਰਬੰਧ ਕੀਤੇ ਗਏ। ਦੁਖੀਆਂ ਲਈ ਵੀ ਅਰਦਾਸ ਕੀਤੀ ਗਈ। ਇਸ ਮੌਕੇ ਪਾਸਟਰ ਗੁਰਸ਼ਰਨ ਦਿਓਲ, ਪਾਸਟਰ ਅਗਸਟਿਨ, ਪਾਸਟਰ ਸੰਦੀਪ, ਪ੍ਰਧਾਨ ਜੈ ਰਾਮ ਬੰਧਨ, ਕੁਲਦੀਪ ਸਿੰਘ ਸੰਧਾਵਾਲੀਆ ਪੀ.ਸੀ.ਪੀ.ਸੀ, ਮੁੱਖ ਸੇਵਾਦਾਰ ਸੁੱਚਾ ਮਸੀਹ, ਮਥੁਰਾ ਦਾਸ, ਸੰਜੀਵ ਕੁਮਾਰ, ਬਲਵਿੰਦਰ ਬਿੱਟੂ, ਬ੍ਰਦਰ ਪਾਰਸ, ਮਾਂਗੀ ਰਾਮ, ਰਾਜੇਸ਼ ਕੰਬੋਜ, ਰਾਜਵਿੰਦਰ, ਸੋਢੀ ਰਾਮ, ਸਰਬਜੀਤ ਸਿੰਘ, ਨਰਿੰਦਰ ਠਾਕੁਰ, ਸਤਪਾਲ, ਸੁਰਿੰਦਰ ਗਰੀਹ, ਡੇਵਿਡ ਮਸੀਹ, ਬ੍ਰਦਰ ਇਮਾਨੂਏਲ ਮਸੀਹ, ਬ੍ਰਦਰ ਅਬਰਾਹਮ, ਬ੍ਰਦਰ ਯੂਸਫ ਮਸੀਹ, ਰਜਿੰਦਰ ਕੁਮਾਰ, ਸਿਸਟਰ ਗਰੇਸ, ਸਿਸਟਰ ਊਸ਼ਾ ਰਾਣੀ, ਸਿਸਟਰ ਸੋਨੀਆ, ਸਿਸਟਰ ਕੰਵਲਜੀਤ, ਸਿਸਟਰ ਜਸਵਿੰਦਰ, ਸਿਸਟਰ ਆਸ਼ਾ, ਸਿਸਟਰ ਮਨਜੀਤ ਆਦਿ ਸ਼ਾਮਿਲ ਸਨ।

## ਸੰਤ ਕੁਲਵੰਤ ਰਾਮ ਭਰੋਮਜਾਰਾ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ



**ਬੰਗਾ (ਅਵਤਾਰ ਕਲੇਰ)** ਡੇਰਾ108 ਬਾਬਾ ਮੇਲਾ ਰਾਮ ਜੀ ਭਰੋਮਜਾਰਾ ਦੇ ਗੱਦੀਨਸ਼ੀਨ ਸੰਤ ਕੁਲਵੰਤ ਰਾਮ ਭਰੋਮਜਾਰਾ ਪ੍ਰਧਾਨ ਸ੍ਰੀ ਗੁਰੂ ਰਵੀਦਾਸ ਸਾਧੂ ਸੰਪਰਦਾਇ ਸੁਸਾਇਟੀ ਪੰਜਾਬ ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਫ਼ੋਨ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਸੰਤ ਕੁਲਵੰਤ ਰਾਮ ਨੇ ਦੱਸਿਆ ਕਿ ਮਿਤੀ 29 ਮਾਰਚ 2024 ਨੂੰ ਮੇਰੇ ਮੋਬਾਇਲ ਨੰਬਰ 81460 04645 'ਤੇ ਕਿਸੇ ਅਣਪਛਾਤੇ ਵਿਅਕਤੀ ਦਾ ਫੋਨ ਆਇਆ।ਜਿਸ ਨੇ ਮੈਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ, ਕਿਹਾ ਕਿ ਉਹ ਮੈਨੂੰ ਮਾਰ ਦੇਵੇਗਾ। ਜੇਕਰ ਤੁਸੀਂ ਅੱਜ ਤੋਂ ਕਿਤੇ ਜਾਣਾ ਚਾਹੁੰਦੇ ਹੋ ਤਾਂ ਧਿਆਨ ਨਾਲ ਜਾਓ। ਇਹ ਕਹਿ ਕੇ ਮੈਨੂੰ ਫੋਨ ਕਰਨ ਵਾਲੇ ਵਿਅਕਤੀ ਨੇ ਗਲਤ ਸ਼ਬਦਾਵਲੀ ਦੀ ਵਰਤੋਂ ਵੀ ਕੀਤੀ।ਐਸ ਐਸ ਪੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਸ਼ਿਕਾਇਤ ਦਰਜ ਕਰਵਾ ਦਿੱਤੀ ਹੈ। ਇਸ ਘਟਨਾ ਦੀ ਵੱਖ ਵੱਖ ਰਾਜਨੀਤਿਕ ਪਾਰਟੀਆਂ ਅਤੇ ਧਾਰਮਿਕ ਸਖਸ਼ੀਅਤਾਂ ਨੇ ਨਿੰਦਾ ਕੀਤੀ ਹੈ।

## ਮਨਰੇਗਾ ਮਜ਼ਦੂਰਾਂ ਦੀ ਰੋਜ਼ਾਨਾ ਉਜਰਤ ਵਿਚ ਮਾਮੂਲੀ ਵਾਧਾ ਨਿੰਦਣਯੋਗ : ਦਾਊਦ-ਠਾਕਰ

**ਜਲੰਧਰ-(ਨ ਜ਼ ਸ)**- "ਕੇਂਦਰ ਸਰਕਾਰ ਵੱਲੋਂ ਮਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿਚ ਸਾਲ 2024-25 ਲਈ ਕੇਵਲ 19 ਰੁਪਏ ਦਾ ਵਾਧਾ ਪੰਜਾਬ ਦੇ ਮਜ਼ਦੂਰਾਂ ਨਾਲ ਕੋਝਾ ਮਜ਼ਾਕ ਹੈ"। ਇਹ ਸ਼ਬਦ ਮਨਰੇਗਾ ਵਰਕਰ ਯੂਨੀਅਨ ਪੰਜਾਬ ਦੇ ਸੂਬਾਈ ਕਨਵੀਨਰ ਦੀਪਕ ਠਾਕਰ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਇਕ ਸਾਂਝਾ ਸਾਂਝਾ ਬਿਆਨ ਪ੍ਰੈਸ ਨੂੰ ਜਾਰੀ ਕਰਦਿਆਂ ਕਹੇ। ਉਕਤ ਆਗੂਆਂ ਨੇ ਕਿਹਾ ਕਿ ਸਿਖਰਾਂ ਛੂਹ ਰਹੀ ਮਹਿੰਗਾਈ ਜੋ ਕਿ ਰੋਜ਼ਾਨਾ ਵੱਧ ਰਹੀ ਹੈ। ਉਸ ਵੱਲ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਮਜ਼ਦੂਰ ਇਸ 303 ਜਮ੍ਹਾਂ 19 ਰੁਪਏ ਕੁੱਲ 322 ਰੁਪਏ ਦਿਹਾੜੀ ਨਾਲ ਗੁਜ਼ਾਰਾ ਨਹੀਂ ਕਰ ਸਕਦੇ। ਇਹ ਵਾਧਾ ਬਿਹਾਰ ਵਰਗੇ ਸੂਬੇ ਵਿਚ ਤਾਂ ਸਿਰਫ 7 ਰੁਪਏ ਹੀ ਕੀਤਾ ਗਿਆ ਹੈ ਜੋ ਬਹੁਤ ਹੀ ਨਿੰਦਣਯੋਗ ਹੈ। ਗੁਰਨਾਮ ਸਿੰਘ ਦਾਊਦ ਅਤੇ ਦੀਪਕ ਠਾਕਰ ਨੇ ਕਿਹਾ ਕਿ ਰੋਜ਼ ਕਮਾਈ ਕਰਕੇ ਖਾਣ ਵਾਲੇ ਇਹਨਾ ਮਜ਼ਦੂਰਾਂ ਦੇ ਪਿਛਲੇ ਤਿੰਨ ਮਹੀਨਿਆਂ ਤੋਂ ਪੈਸੇ ਉਹਨਾਂ ਦੇ ਖਾਤਿਆਂ ਵਿਚ ਨਹੀਂ ਪਾਏ ਗਏ ਜੋ ਕਿ ਨਰੇਗਾ ਮਜ਼ਦੂਰਾਂ ਨਾਲ ਘੋਰ ਬੇਇਨਸਾਫ਼ੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਨੇ ਮਜ਼ਦੂਰਾਂ ਦੀ ਦਿਹਾੜੀ ਵਧਾਉਣ ਦੀ ਜੋ ਹਰ ਸਾਲ ਸਿਫਾਰਸ਼ ਕਰਨੀ ਹੁੰਦੀ ਹੈ ਉਹ ਵੀ ਨਹੀਂ ਕੀਤੀ। ਜਿਸ ਤੋਂ ਭਗਵੰਤ ਮਾਨ ਸਰਕਾਰ ਦਾ ਮਜ਼ਦੂਰ ਵਿਰੋਧੀ ਚਿਹਾਰਾ ਇਕ ਵਾਰ ਫੇਰ ਨੰਗਾ ਹੋ ਗਿਆ ਹੈ। ਦੋਵਾਂ ਉਕਤ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਨਰੇਗਾ ਮਜ਼ਦੂਰਾਂ ਦੇ ਪੂਰੇ ਪਰਵਾਰ ਨੂੰ ਸਾਰਾ ਸਾਲ ਕੰਮ ਦਿੱਤਾ ਜਾਵੇ, ਦਿਹਾੜੀ 700 ਰੁਪਏ ਕੀਤੀ ਜਾਵੇ। ਕੀਤੇ ਹੋਏ ਕੰਮ ਦੇ ਪੈਸੇ ਤੁਰੰਤ ਦਿੱਤੇ ਜਾਣ। ਉਹਨਾਂ ਸਰਕਾਰ ਦੀ ਬੇ-ਰੁਖੀ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਵੀ ਸੱਦਾ ਦਿੱਤਾ।

# ਰਿਆਤਬਾਹਰਾ ਡੈਂਟਲ ਕਾਲਜ ਵਿਖੇ ਐਂਟੀ ਰੈਗਿੰਗ ਪ੍ਰੋਗਰਾਮ



**ਮੋਹਾਲੀ (ਗੁਰਜੀਤ ਬਿੱਲਾ)** ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ (ਆਰ,ਬੀ ਡੀ ਸੀ ਐਚ ) ਵਿੱਚ ਬੀਡੀਐਸ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਦੇ ਨਵੇਂ ਪਹਿਲੇ ਸਾਲ ਦੇ ਬੈਚ ਲਈ ਐਂਟੀ ਰੈਗਿੰਗ ਓਰੀਐਂਟੇਸ਼ਨ ਪ੍ਰੋਗਰਾਮ ਅਤੇ ਵਾਈਟ ਕੋਟ ਸਮਾਰੋਹ ਕਰਵਾਇਆ ਗਿਆ। ਪ੍ਰਿੰਸੀਪਲ ਡਾ: ਅਕਸ਼ੈ ਕੇ ਸ਼ਰਮਾ ਨੇ ਦੱਸਿਆ ਕਿ ਡੈਂਟਲ ਕੌਂਸਲ ਆਫ਼ ਇੰਡੀਆ (ਡੀਸੀਆਈ) ਦੇ ਮੈਂਬਰ ਡਾ: ਸਚਿਨ ਦੇਵ ਮਹਿਤਾ, ਪ੍ਰਸਿੱਧ ਸੀਨੀਅਰ ਦੰਦਾਂ ਦੇ ਡਾਕਟਰ, ਪ੍ਰੋਗਰਾਮ ਲਈ ਸਰੋਤ ਵਿਅਕਤੀ ਵਜੋਂ ਮੌਜੂਦ ਸਨ।ਉਨ੍ਹਾਂ ਨੇ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਜਨੂੰਨ ਨਾਲ ਪੇਸ਼ੇ ਵਿੱਚ ਉੱਤਮਤਾ ਪ੍ਰਾਪਤ ਕਰਨ ਬਾਰੇ ਵਿਹਾਰਕ ਸੁਝਾਅ ਦਿੱਤੇ।ਡਾ: ਮਹਿਤਾ ਨੇ ਕਿਹਾ ਕਿ ਅਧਿਆਪਕਾਂ ਦੇ ਕੌਲਿਜੀਅਮ ਦਾ ਗਠਨ ਕਰਕੇ ਸਰਗਰਮ ਨਿਗਰਾਨੀ ਕੀਤੀ ਜਾ ਸਕਦੀ ਹੈ ਜੋ ਅਚਾਨਕ ਦੌਰੇ ਅਤੇ ਅਗਿਆਤ ਸਰਵੇਖਣ ਕਰ ਸਕਦੇ ਹਨ।ਉਨ੍ਹਾਂ ਕਿਹਾ ਕਿ ਅਥਾਰਟੀ ਕਾਲਜ ਵਿਖੇ ਐਂਟੀ ਰੈਗਿੰਗ ਸੈੱਲ ਸਥਾਪਤ ਕਰਨ ਲਈ ਵੀ ਪਾਬੰਦ ਹਨ, ਜੋ ਕਾਉਂਸਲਿੰਗ ਅਤੇ ਮਨੁੱਖੀ ਅਧਿਕਾਰਾਂ ਦੇ ਪਾਠ ਦੇ ਸਕਦੇ ਹਨ। ਕਾਲਜ ਤਾਲਮੇਲ ਬਣਾਉਣ ਲਈ ਸੀਨੀਅਰ ਅਤੇ ਜੂਨੀਅਰ ਵਿਦਿਆਰਥੀਆਂ ਵਿਚਕਾਰ ਇੰਟਰਐਕਟਿਵ ਸੈਸ਼ਨਾਂ ਦਾ ਆਯੋਜਨ ਕਰ ਸਕਦੇ ਹਨ।

ਪ੍ਰਤੀਕੂਲ ਸਥਾਨਾਂ ਦੀ ਮੈਪਿੰਗ, ਡ੍ਰੌਪ ਬਾਕਸ ਸਥਾਪਤ ਕਰਨਾ, ਜਾਗਰੂਕਤਾ ਕਲਾਸਾਂ ਆਦਿ ਮੁਸ਼ਕਲਾਂ ਨੂੰ ਘਟਾਉਣ ਦੇ ਨਵੇਂ ਤਰੀਕੇ ਹਨ। ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਸਮੱਸਿਆ ਨੂੰ ਸਮਝਣ ਲਈ ਉਹਨਾਂ ਨਾਲ ਨਿੱਜੀ ਤਾਲਮੇਲ ਰੱਖਣ ਦੀ ਲੋੜ ਹੁੰਦੀ ਹੈ।ਡਾਕਟਰ ਮਹਿਤਾ ਨੇ ਆਪਣੇ ਦਾਖਲੇ ਤੋਂ ਬਾਅਦ ਦੰਦਾਂ ਦੇ ਨਵੇਂ ਵਿਦਿਆਰਥੀ ਵਜੋਂ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਇਸ ਬਾਰੇ ਆਪਣੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਕਿ ਕਿਵੇਂ ਰੈਗਿੰਗ ਦੇ ਖੇਤਰ ਵਿੱਚ ਸਾਲਾਂ ਦੌਰਾਨ ਚੀਜ਼ਾਂ ਬਦਲੀਆਂ ਹਨ।ਉਨ੍ਹਾਂ ਨੇ ਡੈਂਟਲ ਸਟਰੀਮ ਦੇ ਵਿਦਿਆਰਥੀਆਂ ਤੋਂ ਮਾਪਿਆਂ ਅਤੇ ਅਧਿਆਪਕਾਂ ਦੀਆਂ ਉਮੀਦਾਂ ਬਾਰੇ ਗੱਲ ਕੀਤੀ।

ਉਨ੍ਹਾਂ ਵਿਦਿਆਰਥੀਆਂ ਨੂੰ ਹੌਸਲਾ ਬੁਲੰਦ ਰੱਖਣ ਅਤੇ ਆਪਣੇ ਕਿੱਤੇ ਨੂੰ ਸੁਹਿਰਦਤਾ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।ਡਾ: ਅਕਸ਼ੇ ਸ਼ਰਮਾ, ਪ੍ਰਿੰਸੀਪਲ, ਡਾ: ਨੀਨਾ ਮਹਿਤਾ, ਡੀਨ ਅਕਾਦਮਿਕ, ਅਤੇ ਡਾ: ਮਨਦੀਪ ਕੁਮਾਰ, ਵਾਈਸ-ਪ੍ਰਿੰਸੀਪਲ ਨੇ ਮਹਿਮਾਨਾਂ ਨੂੰ ਉਨ੍ਹਾਂ ਦੀ ਪੂਰੀ ਸ਼ਮੂਲੀਅਤ ਲਈ ਸਨਮਾਨਤ ਕੀਤਾ।

# ਜਾਰਡਨ 'ਚ 7 ਸਾਲ ਨਰਕ ਭਰੀ ਜ਼ਿੰਦਗੀ ਬਿਤਾਉਣ ਤੋਂ ਬਾਅਦ ਵਾਪਸ ਪਹੁੰਚਿਆ ਪੰਜਾਬੀ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ/ਰਾਜਵੀਰ ਸਿੰਘ)**



ਜਾਰਡਨ ਦੀਆਂ ਜੇਲ੍ਹਾਂ ਵਿੱਚ ਨਰਕ ਭਰੀ ਜ਼ਿੰਦਗੀ ਬਿਤਾਉਣ ਤੋਂ ਬਾਅਦ ਸੁਲਤਾਨਪੁਰ ਲੋਧੀ ਦਾ ਨੌਜਵਾਨ 7 ਸਾਲਾਂ ਬਾਅਦ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਦੇ ਯਤਨਾਂ ਸਦਕਾ ਵਾਪਿਸ ਆਇਆ ਹੈ। ਹਰਪ੍ਰੀਤ ਸਿੰਘ ਨਾਂਅ ਦਾ ਨੌਜਵਾਨ 7 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਜਾਰਡਨ ਗਿਆ ਸੀ। ਪਰ ਉੱਥੇ ਜਿਸ ਕੰਪਨੀ ਵਿੱਚ ਉਹ ਕੰਮ ਕਰਦਾ ਸੀ ਉਸਨੇ ਕਦੇ ਵੀ ਉਸਨੂੰ ਤਨਖਾਹ ਨਹੀ ਸੀ ਦਿੱਤੀ। ਹਲਾਂਕਿ ਕੰਪਨੀ ਵੱਲੋਂ ਉਸਨੂੰ 70 ਹਜ਼ਾਰ ਰੁਪਏ ਤਨਖਾਹ ਦੇਣ ਦਾ ਭਰੋਸਾ ਦਿੱਤਾ ਗਿਆ ਸੀ। ਉੱਥੇ ਜਾਂਦਿਆਂ ਹੀ ਇੱਕ ਤਰ੍ਹਾਂ ਨਾਲ ਬੰਦਕ ਬਣਾ ਕਿ ਰੱਖਿਆ ਹੋਇਆ ਸੀ ਤੇ ਉਸਦਾ ਪਾਸਪੋਰਟ ਵੀ ਖੋਹ ਲਿਆ ਸੀ। ਹਰਪ੍ਰੀਤ ਨੇ ਦੱਸਿਆ ਉੱਥੇ ਉਸਨੇ ਕਈ ਵਾਰ ਮਦੱਦ ਲਈ ਗੁਹਾਰ ਲਗਾਈ ਪਰ ਉਸਦੀ ਕੋਈ ਵੀ ਸੁਣਵਾਈ ਨਹੀਂ ਹੋ ਰਹੀ ਸੀ। ਹਰਪ੍ਰੀਤ ਸਿੰਘ ਦੇ ਭਰਾ ਵੱਲੋਂ ਸੰਤ ਸੀਚੇਵਾਲ ਤੱਕ ਨੂੰ ਬੇਨਤੀ ਕੀਤੀ ਸੀ। ਜਿੰਨ੍ਹਾਂ ਵੱਲੋਂ ਜਾਰਡਨ ਵਿਚਲੇ ਭਾਰਤੀ ਦੂਤਾਵਾਸ ਨਾਲ ਸੰਪਰਕ ਸਾਧ ਕਿ ਹਰਪ੍ਰੀਤ ਦੀ ਵਾਪਸੀ ਸੰਭਵ ਬਣਾਈ ਸੀ। ਰਪ੍ਰੀਤ ਸਿੰਘ ਵੱਲੋਂ ਵਾਪਿਸ ਪਹੁੰਚ ਕੇ ਦੱਸਿਆ ਕਿ ਪੰਜਾਬ ਦੀ ਧਰਤੀ 'ਤੇ ਵਾਪਿਸ ਮੁੜਨਾ ਉਸ ਲਈ ਇੱਕ ਸੁਫਨਾ ਬਣ ਕਿ ਰਹਿ ਗਿਆ ਸੀ।ਜਾਰਡਨ ਵਿੱਚ ਜਿੱਥੇ ਉਹ ਰਹਿੰਦਾ ਸੀ, ਉਹ ਇਜ਼ਰਾਇਲ ਦੀ ਹੱਦ ਨਾਲ ਲੱਗਦਾ ਸੀ। ਫਲਸਤੀਨ ਤੇ ਇਜ਼ਰਾਇਲ ਵਿੱਚ ਛਿੜੀ ਜੰਗ ਦੌਰਾਨ ਉਹਨਾਂ ਨੂੰ ਵੀ ਡਰ ਲੱਗਾ ਰਹਿੰਦਾ ਸੀ ਉਹਨਾਂ 'ਤੇ ਵੀ ਕਿਧਰੇ ਬੰਬ ਨਾ ਡਿੱਗ ਪਏ। ਜਦੋਂ ਉਸਨੇ ਵਾਪਿਸ ਆਉਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉੱਧਰ ਫੜਿਆ ਗਿਆ ਸੀ ਕਿਉਂਕਿ ਉਸ ਕੋਲੋਂ ਪਾਸਪੋਰਟ ਨਹੀ ਸੀ। ਉਸਨੇ ਦੱਸਿਆ ਕਿ ਪੁਲਸ ਵੱਲੋਂ ਉਸਨੂੰ ਬਦਲ ਬਦਲ ਕਿ ਜੇਲ੍ਹਾਂ ਵਿੱਚ ਰੱਖਿਆਂ ਜਾਂਦਾ ਸੀ ਜਿੱਥੇ ਉਸਨੂੰ ਇੱਕ ਟਾਇਮ ਦੀ ਰੋਟੀ ਵੀ ਸਹੀ ਤਰ੍ਹਾਂ ਨਾਲ ਨਹੀਂ ਸੀ ਦਿੱਤੀ ਜਾਂਦੀ। ਉਧਰ ਰਹਿੰਦੇ ਪੰਜਾਬੀ ਹੀ ਇੱਕ ਦੂਜੇ ਦੇ ਵੈਰੀ ਬਣੇ ਹੋਏ ਹਨ, ਭਾਰਤ ਆਉਣ ਲਈ ਇੱਕ ਦੂਜੇ ਦੇ ਪਾਸਪੋਰਟ ਵਰਤ ਲੈਂਦੇ ਹਨ ਤੇ ਦਿੱਲੀ ਜਾਂ ਬੰਬੇ ਆ ਕੇ ਫੜੇ ਜਾਂਦੇ ਹਨ।

# ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸੰਸਥਾ ਨੇ ਲਗਾਇਆ 32ਵਾਂ ਖ਼ੂਨਦਾਨ ਕੈਂਪ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** — ਗਰੀਬ ਦਾ ਮੂੰਹ,ਗੁਰੂ ਦੀ ਗੋਲਕ ਸੰਸਥਾ (ਰਜਿ.) ਅਜਨੋਹਾ ਵਲੋਂ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ ਨਰੂੜ ਦੇ ਸਹਿਯੋਗ ਨਾਲ ਸੰਤ ਬਾਬਾ ਨਿਧਾਨ ਸਿੰਘ ਜੀ ਹਜ਼ੂਰ ਸਾਹਿਬ ਵਾਲਿਆਂ ਦੇ ਜਨਮ ਦਿਹਾੜੇ 'ਤੇ ਗੁਰਦੁਆਰਾ ਸਾਹਿਬ ਸੰਤ ਬਾਬਾ ਦੀਵਾਨ ਸਿੰਘ ਜੀ ਅਤੇ ਸੰਤ ਬਾਬਾ ਨਿਧਾਨ ਸਿੰਘ ਜੀ ਪਿੰਡ ਨਡਾਲੋਂ (ਹੁਸ਼ਿ:) ਵਿਖੇ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀ ਦੇਖ ਰੇਖ ਹੇਠ 32ਵਾਂ ਖ਼ੂਨ ਦਾਨ ਕੈਂਪ ਲਗਾਇਆ ਗਿਆ । ਸੰਸਥਾ ਮੁੱਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵੱਲੋਂ ਹਰ ਸਾਲ ਖ਼ੂਨ ਦਾਨ ਕੈਂਪ ਲਗਾਏ ਜਾਂਦੇ ਸਨ । ਬਲੱਡ ਲੈਣ ਆਈ ਔਰਥੋਨੋਵਾ ਹਸਪਤਾਲ ਜਲੰਧਰ ਦੀ ਟੀਮ ਨੂੰ ਸਵੈ ਇੱਛੁਕ 40 ਬੀਬੀਆਂ ਭਾਈਆਂ ਨੇ ਖ਼ੂਨਦਾਨ ਕੀਤਾ। ਕੈਂਪ ਦਾ ਉਦਘਾਟਨ ਪ੍ਰਧਾਨ ਸੁਖਵਿੰਦਰ ਸਿੰਘ ਬਿੱਲਾ ਨੇ ਕੀਤਾ।ਇਸ ਮੌਕੇ ਸਤਨਾਮ ਸਿੰਘ,, ਅਮਰਜੀਤ ਸਿੰਘ ਬਿੱਲਾ ਕੁਕੋਵਾਲ, ਸਤਪਾਲ ਸਿੰਘ, ਗੁਰਮੁੱਖ ਸਿੰਘ ਜਸਵਿੰਦਰ ਸਿੰਘ, ਗਿਆਨ ਸਿੰਘ, ਦਰਸ਼ਨ ਸਿੰਘ, ਪਰਮਾਰ, ਲਖਵਿੰਦਰ ਸਿੰਘ, ਗੁਰਮੁਖ ਸਿੰਘ, ਦਲਜੀਤ ਸਿੰਘ, ਸੁਰਜੀਤ ਸਿੰਘ, ਮਨਜੀਤ ਸਿੰਘ, ਸੁਖਵਿੰਦਰ ਸਿੰਘ,ਹਰੀ ਸਿੰਘ ਮਿਨਹਾਸ ਡਮੁੰਡਾ, ਸੁਖਵਿੰਦਰ ਕੌਰ, ਜਸਵੀਰ ਕੌਰ, ਹਰਜੀਤ ਕੌਰ ਭਾਮ, ਪ੍ਰਧਾਨ ਅਵਤਾਰ ਸਿੰਘ, ਗੁਰਪ੍ਰੀਤ ਸਿੰਘ ਗੁਗਲੀ,ਹਰਮਨ ਸਿੰਘ,ਗੁਰਪਾਲ ਸਿੰਘ, ਸੁਮੀਤ ਪਾਲ ਸਿੰਘ, ਮਨਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਬਲਜੀਤ ਸਿੰਘ ਬਿੱਲਾ,ਕ੍ਰਿਪਾਲ ਸਿੰਘ,ਡਾ.ਜੋਗ ਰਾਜ,ਡਾ.ਰਾਮ ਲੁਭਾਇਆ, ਲਵਪ੍ਰੀਤ ਕੌਰ, ਗੁਰਲੀਨ ਕੌਰ, ਸੁਰਜੀਤ ਸਿੰਘ ਭਾਮ, ਗੁਰਪ੍ਰੀਤ ਸਿੰਘ ਨਡਾਲੋਂ, ਜਤਿੰਦਰ ਸਿੰਘ ਠੱਕਰਵਾਲ ਆਦਿ ਹਾਜਰ ਸਨ।

# ਆਰ ਐੱਮ ਪੀ ਆਈ ਵੱਲੋਂ 26 ਮੰਡੀਆਂ ਤੇ ਖਰੀਦ ਕੇਂਦਰਾਂ ਦਾ ਭੋਗ ਪਾਉਣ ਦੀ ਨਿਖੇਧੀ

**ਜਲੰਧਰ (ਨ ਜ਼ ਸ)**-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਨੇ ਪੰਜਾਬ ਦੀਆਂ 26 ਮੰਡੀਆਂ ਅਤੇ ਖਰੀਦ ਕੇਂਦਰਾਂ ਦਾ ਭੋਗ ਪਾਉਣ ਦੀ ਕੋਝੀ ਮੰਸ਼ਾ ਤਹਿਤ ਇਨ੍ਹਾਂ ਮੰਡੀਆਂ ਨੂੰ ਦੂਜੇ ਵਿਭਾਗਾਂ 'ਚ ਮਰਜ਼ ਕਰਨ ਅਤੇ ਦੇਸ਼ ਦੇ ਨੌ ਕਾਰਪੋਰੇਟ ਘਰਾਣਿਆਂ ਨੂੰ ਹਾੜ੍ਹੀ ਦੀਆਂ ਫਸਲਾਂ ਦੀ ਖਰੀਦ-ਵੇਚ, ਸਟੋਰੇਜ਼, ਪ੍ਰਾਸੈਸਿੰਗ ਕਰਨ ਦੇ ਅਧਿਕਾਰ ਦੇਣ ਦੇ ਸੂਬੇ ਦੀ ਭਗਵੰਤ ਮਾਨ ਸਰਕਾਰ ਦੇ ਸਿਰੇ ਦੇ ਕਿਸਾਨ ਮਾਰੂ-ਲੋਕ ਵਿਰੋਧੀ ਫੈਸਲੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਇੱਥੋਂ ਜਾਰੀ ਇਕ ਬਿਆਨ ਰਾਹੀਂ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਅਤੇ ਪੰਜਾਬ ਰਾਜ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਰਤਨ ਸਿੰਘ ਰੰਧਾਵਾ ਤੇ ਪਰਗਟ ਸਿੰਘ ਜਾਮਾਰਾਏ ਨੇ ਖੇਤੀ-ਕਿਸਾਨੀ ਨੂੰ ਕਾਰਪੋਰੇਟਾਂ ਦੇ ਹਵਾਲੇ ਕਰਨ ਦੀ ਮੋਦੀ-ਸ਼ਾਹ ਸਰਕਾਰ ਦੇ ਚਿਰੋਕਣੀ ਦੇਸ਼ ਵਿਰੋਧੀ ਸਾਜ਼ਿਸ਼ਾਂ ਦਾ ਨਵੇਂ ਸਿਰਿਓਂ ਮੁੱਢ ਬੰਨ੍ਹਣ ਵਾਲੇ ਉਕਤ ਫੈਸਲੇ ਫੌਰੀ ਵਾਪਸ ਲੈਣ ਦੀ ਮੰਗ ਕੀਤੀ ਹੈ। ਆਗੂਆਂ ਨੇ ਕਿਹਾ ਹੈ ਕਿ ਸੂਬੇ ਦੇ ਮੁੱਖ ਮੰਤਰੀ ਸ਼ਾਇਦ ਇਹ ਭੁੱਲ ਗਏ ਹਨ ਕਿ ਦਿੱਲੀ ਦੀਆਂ ਬਰੂਹਾਂ 'ਤੇ ਸ਼ਾਂਤਮਈ ਮੋਰਚੇ ਮੱਲ ਕੇ ਸਾਲ ਭਰ ਤੋਂ ਵਧੇਰੇ ਸਮਾਂ ਲੜੇ ਗਏ ਬਾਜਾਬਤਾ ਕਿਸਾਨ ਘੋਲ, ਜਿਸ ਦੇ ਨਤੀਜੇ ਵਜੋਂ ਮੋਦੀ ਸਰਕਾਰ ਤਿੰਨ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਲਈ ਮਜ਼ਬੂਰ ਹੋਈ ਸੀ, ਦੇ ਪ੍ਰਭਾਵ ਸਦਕਾ ਰਵਾਇਤੀ ਪਾਰਟੀਆਂ, ਖਾਸ ਕਰਕੇ ਅਕਾਲੀ-ਭਾਜਪਾ ਗਠਜੋੜ ਖਿਲਾਫ਼ ਉਪਜੇ ਲੋਕ ਰੋਹ ਦੇ ਨਤੀਜੇ ਵਜੋਂ ਹੀ 2022 'ਚ ਸੂਬੇ ਅੰਦਰ 'ਆਪ' ਸਰਕਾਰ ਦੀ ਕਾਇਮੀ ਹੋਈ ਸੀ। ਆਗੂਆਂ ਨੇ ਕਿਹਾ ਕਿ ਲੋਕ ਭਾਵਨਾਵਾਂ ਦੀ ਘੋਰ ਅਣਦੇਖੀ ਕਰਦਿਆਂ ਕਾਰਪੋਰੇਟ ਲੋਟੂਆਂ ਦੇ ਹੱਕ ਵਿਚ ਅੰਨ੍ਹੇਵਾਹ ਫੈਸਲੇ ਲੈਣ ਦਾ ਨਤੀਜਾ ਸੂਬਾ ਸਰਕਾਰ ਨੂੰ ਲਾਜ਼ਮੀ ਭੁਗਤਣਾ ਪੈਣਾ ਹੈ। ਆਗੂਆਂ ਨੇ ਸੂਬਾ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੂਬਾ ਸਰਕਾਰ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਮੰਡੀਆਂ ਖਤਮ ਕਰਨ ਵਾਲੇ ਕਾਨੂੰਨ ਨੂੰ ਰੱਦ ਕਰਵਾਉਣ ਲਈ ਦੇਸ਼ ਦੇ ਕਿਸਾਨ-ਖੇਤ ਮਜਦੂਰ, ਆੜ੍ਹਤੀਏ, ਮੰਡੀਆਂ ਦੇ ਕਾਮੇ, ਆਮ ਖਪਤਕਾਰ ਅਤੇ ਪ੍ਰਚੂਨ ਵਪਾਰੀ ਕਿਵੇਂ ਸਾਂਝੇ ਘੋਲ ਦੇ ਮੈਦਾਨ ਵਿਚ ਨਿੱਤਰ ਆਏ ਸਨ।

# ਤਰਸੇਮ ਲਾਲ ਪ੍ਰਧਾਨ ਤੇ ਮਨਜੀਤ ਲਾਲ ਬਣੇ ਮੀਤ ਪ੍ਰਧਾਨ



**ਗੁਰਾਇਆ (ਬਿੰਦਰ ਸੁੰਮਨ)**: ਦੀ ਰੰਧਾਵਾ ਕੋਆਪ੍ਰੇਟਿਵ ਐਗਰੀਕਲਚਰ ਮਲਟੀਪਰਪਜ਼ ਸੁਸਾਇਟੀ ਲਿਮਟਿਡ ਰੰਧਾਵਾ ਦੇ 10 ਮੈਂਬਰਾਂ ਦੀ ਚੋਣ ਪਿਛਲੇ ਦਿਨੀ ਰਿਟਰਨਿੰਗ ਅਫਸਰ ਰੋਹਿਨ ਜੌਨ ਅਤੇ ਸਕੱਤਰ ਰਾਜਨ ਗੁਪਤਾ ਦੀ ਦੇਖ ਰੇਖ ਹੇਠ ਹੋਈ ਸੀ। ਚੁਣੇ ਹੋਏ ਮੈਂਬਰਾਂ ਨੇ ਸਰਬਸੰਮਤੀ ਨਾਲ ਤਰਸੇਮ ਲਾਲ ਨੂੰ ਸੁਸਾਇਟੀ ਦਾ ਪ੍ਰਧਾਨ ਅਤੇ ਮਨਜੀਤ ਲਾਲ ਨੂੰ ਮੀਤ ਪ੍ਰਧਾਨ ਚੁਣਿਆ। ਇਸ ਮੌਕੇ ਚੁਣੀ ਟੀਮ ਨੇ ਵਿਸ਼ਵਾਸ਼ ਦਵਾਇਆ ਕਿ ਉਹ ਸੁਸਾਇਟੀ ਦੀ ਬੇਹਤਰੀ ਲਈ ਹਰ ਤਰ੍ਹਾਂ ਦੇ ਉਪਰਾਲੇ ਕਰਦੀ ਰਹੇਗੀ। ਇਸ ਮੌਕੇ ਮੈਂਬਰ ਜਸਵੰਤ ਸਿੰਘ, ਗੁਰਵਿੰਦਰ ਸਿੰਘ, ਬਲਵੀਰ ਰਾਮ, ਗੁਰਬਖਸ਼ ਕੌਰ, ਸੁਰਜੀਤ ਸਿੰਘ, ਕਸ਼ਮੀਰ ਸਿੰਘ, ਮਨਜੀਤ ਕੌਰ, ਰਣਜੀਤ ਕੁਮਾਰ ਤੋਂ ਇਲਾਵਾ ਪਰਮਜੀਤ ਰੰਧਾਵਾ, ਸਾਬਕਾ ਸਰਪੰਚ ਹਰਜਿੰਦਰ ਕੁਮਾਰ, ਸਕੱਤਰ ਰਾਜਨ ਗੁਪਤਾ, ਠੇਕੇਦਾਰ ਅਮਰੀਕ ਲਾਲ, ਪਿੰਦਰ ਸੂਰਜਾ, ਪ੍ਰੀਤ ਰੰਧਾਵਾ, ਸੰਤੋਖ ਸਿੰਘ ਯੂ.ਕੇ, ਗੁਰਦੀਪ ਸਿੰਘ, ਪੁਨੀਤ ਕਲਸੀ, ਰਵੀ ਕੁਮਾਰ, ਤਾਰਾ ਚੰਦ, ਬਲਵੀਰ ਕੁਮਾਰ ਆਦਿ ਹਾਜ਼ਰ ਸਨ।

# ਹੋਲੇ-ਮਹੱਲੇ ਦਿਹਾੜੇ ਨੂੰ ਸਮਰਪਿਤ ਬੈਲ ਗੱਡੀਆਂ ਦੀਆਂ ਦੌੜਾਂ ਕਰਵਾਈਆਂ




**ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ)** ਪਿੰਡ ਠੱਕਰਵਾਲ ਮੌਜੋਮਜਾਰਾ ਵਿਖੇ ਗੁਰਦੁਆਰਾ ਤੱਪ ਅਸਥਾਨ ਸਥਾਨ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ 'ਤੇ ਸਾਲਾਨਾ ਬੈਲ ਗੱਡੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ। ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ ਪ੍ਰਧਾਨ ਨਿਰਮਲਾ ਸੰਤ ਮੰਡਲ ਪੰਜਾਬ ਨੇ ਅਰਦਾਸ ਕਰਕੇ ਦੀ ਆਰੰਭਤਾ ਕੀਤੀ। ਪ੍ਰਬੰਧਕਾਂ ਨੇ ਦੱਸਿਆ ਕਿ ਬੈਲ ਗੱਡੀਆਂ ਦੀ ਦੌੜਾਂ ਵਿੱਚ 36 ਬੈਲ ਗੱਡੀਆਂ ਦੇ ਦੌੜਾਂ ਦੇ ਹਿੱਸਾ ਲਿਆ। ਪ੍ਰਬੰਧਕਾਂ ਵੱਲੋਂ ਪਹਿਲੇ 25 ਨੰਬਰ 'ਤੇ ਆਉਣ ਵਾਲੀਆਂ ਬੈਲ ਗੱਡੀਆਂ ਦੇ ਮਾਲਕਾਂ ਨੂੰ ਘਿਓ ਦਾ ਪੀਪਾ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਤ ਬਾਬਾ ਜਸਵੰਤ ਸਿੰਘ ਖੇੜਾ, ਬੀਬੀ ਬਲਵੀਰ ਕੌਰ, ਹਰਜੀਤ ਕੌਰ, ਸਤਵੀਰ ਕੌਰ, ਸਰਬਜੀਤ ਸਿੰਘ ਸਾਬੀ, ਗੁਰਪ੍ਰੀਤ ਸਿੰਘ ਗੋਪੀ, ਬੀਬੀ ਸਤਵਿੰਦਰ ਕੌਰ, ਦੀਦਾਰ ਸਿੰਘ, ਸਤਨਾਮ ਸਿੰਘ, ਮਾਸਟਰ ਜਸਵਿੰਦਰ ਸਿੰਘ ਜੱਸੀ, ਸਰਪੰਚ ਜਸਵੀਰ ਸਿੰਘ ਕਾਲਾ ਮੌਜੋਮਜਾਰਾ, ਦਰਸ਼ਨ ਸਿੰਘ ਰਾਜਾ, ਅਜੀਤ ਪਾਲ ਸਿੰਘ, ਗਗਨਦੀਪ ਸਿੰਘ, ਮੰਗਤ ਸਿੰਘ ਮੰਗੀ, ਸਰਵਣ ਸਿੰਘ ਗ੍ਰੰਥੀ, ਗੁਰਬਖਸ਼ ਸਿੰਘ ਮਲੀਨਾ, ਦਵਿੰਦਰ ਸਿੰਘ ਢਿੱਲੋਂ ਸਾਬਕਾ ਸਰਪੰਚ ਮੌਜੋਮਜਾਰਾ, ਹਰਿੰਦਰ ਸਿੰਘ ਢਿੱਲੋਂ, ਬਲਰਾਜ ਸਿੰਘ ਢਿੱਲੋਂ, ਪ੍ਰਦੀਪ ਸਿੰਘ ਢਿੱਲੋਂ, ਧਰਮਿੰਦਰ ਸਿੰਘ ਰਾਜੂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।ਇਸ ਮੌਕੇ ਚਾਹ ਪਕੌੜੇ ਤੇ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਗਏ।

# ਕੇਜਰੀਵਾਲ ਦੇ ਹੱਕ 'ਚ ਆਵਾਜ਼ ਬੁਲੰਦ ਕਰਨ ਲਈ 'ਆਪ' ਦਾ ਕਾਫਲਾ ਰਵਾਨਾ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ ਉਕਾਰ ਸਿੰਘ )**- ਭਾਜਪਾ ਵੱਲੋ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਤੇ ਝੂਠੇ ਦੋਸ਼ ਲਗਾ ਕੇ ਸ਼ਰੇਆਮ ਦੇਸ਼ ਵਿੱਚ ਲੋਕਤੰਤਰ ਦੀ ਹੱਤਿਆ ਕੀਤੀ ਜਾ ਰਹੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਟਾਂਡਾ ਕੇਸ਼ਵ ਸਿੰਘ ਸੈਣੀ ਤੇ ਸ਼ਹਿਰੀ ਪ੍ਰਧਾਨ ਜਗਜੀਵਨ ਜੱਗੀ ਨੇ ਚਲੋ ਦਿੱਲੀ ਮਹਾਂ ਰੈਲੀ ਵਿੱਚ ਭਾਗ ਲੈਣ ਜਾਣ ਤੋਂ ਪਹਿਲਾਂ ਭਾਜਪਾ ਖਿਲਾਫ਼ ਰੋਸ ਪ੍ਰਗਟ ਕਰਦਿਆਂ ਕੀਤਾ।ਇੰਡੀਆ ਮਹਾਂ ਗਠਜੋੜ ਵੱਲੋਂ 31 ਮਾਰਚ ਨੂੰ ਸ੍ਰੀ ਰਾਮ ਲੀਲਾ ਗਰਾਊਂਡ ਨਵੀ ਦਿੱਲੀ ਵਿਖੇ ਕੀਤੀ ਜਾ ਰਹੀ ਮਹਾ ਰੈਲੀ ਵਿੱਚ ਭਾਗ ਲੈਣ ਜਾਣ ਲਈ ਅਹੁਦੇਦਾਰਾਂ ਤੇ ਵਰਕਰਾਂ ਦਾ ਵੱਡਾ ਕਾਫਲਾ ਦਿੱਲੀ ਲਈ ਰਵਾਨਾ ਹੋਇਆ। ਸਾਰੇ ਹੀ ਵਰਕਰਾਂ ਨੇ ਈ.ਡੀ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਘਟਨਾ ਨੂੰ ਝੂਠ ਕਰਾਰ ਦਿੱਤਾ ਅਤੇ ਇਸ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ। ਵਰਕਰਾਂ ਨੇ ਕੇਂਦਰ ਸਰਕਾਰ ਖਿਲਾਫ ਰੋਸ ਪ੍ਰਗਟ ਕਰਦੇ ਹੋਏ ਕਿਹਾ ਕਿ ਭਾਜਪਾ ਵੱਲੋਂ ਅੱਜ ਸੱਤਾ ਦੇ ਨਸ਼ੇ ਵਿੱਚ ਚੂਰ ਹੋ ਕੇ ਦੇਸ਼ ਅੰਦਰ ਲੋਕਤੰਤਰ ਦਾ ਘਾਣ ਕੀਤਾ ਜਾ ਰਿਹਾ ਹੈ ਜਿਸ ਦਾ ਖਮਿਆਜਾ ਆਉਣ ਵਾਲੇ ਸਮੇਂ ਵਿੱਚ ਭੁਗਤਣਾ ਪਵੇਗਾ। ਉਨ੍ਹਾਂ ਹੋਰ ਕਿਹਾ ਕਿ ਭਾਜਪਾ ਨੂੰ ਹੁਣ ਤੋਂ ਹੀ ਅਰਵਿੰਦ ਕੇਜਰੀਵਾਲ ਦਾ ਡਰ ਸਤਾਉਣ ਲੱਗਾ ਹੈ ਜਿਸ ਕਾਰਨ ਉਨਾਂ ਨੂੰ ਬਿਨਾਂ ਕਿਸੇ ਠੋਸ ਕਰਨ ਦੇ ਜੇਲ੍ਹ ਵਿੱਚ ਨਜ਼ਰਬੰਦ ਕੀਤਾ ਗਿਆ ਹੈ।ਇਸ ਮੌਕੇ ਗੁਰਦੀਪ ਸਿੰਘ ਹੈਪੀ, ਸਰਬਜੀਤ ਵਿੱਕੀ ਪ੍ਰੇਮ ਪਡਵਾਲ, ਬਲਜੀਤ ਸੈਣੀ, ਸੁਰਿੰਦਰ ਭਾਟੀਆ, ਅਨਿਲ ਗੋਰਾ ਰਾਜਨ ਸੋਂਧੀ, ਹਰਿੰਦਰ ਕਲੋਟੀ, ਕੌਂਸਲਰ ਹਰਿਕ੍ਰਿਸ਼ਨ ਸੈਣੀ, ਕੌਂਸਲਰ ਸੁਰਿੰਦਰਜੀਤ ਸਿੰਘ ਬਿੱਲੂ, ਮਨਪ੍ਰੀਤ ਸਿੰਘ ਗੋਲਡੀ ਨਰਵਾਲ, ਗੁਰਦੇਵ ਸਿੰਘ ਮਸੀਤੀ ,ਨਵਜੋਤ ਸਿੰਘ ਸੈਣੀ, ਰਵੇਲ ਸਿੰਘ, ਅਵਤਾਰ ਸਿੰਘ ਤਾਰੀ, ਪ੍ਰੋਫੈਸਰ ਜੋਗਿੰਦਰ ਸਿੰਘ ਮਿਆਣੀ, ਇਕਬਾਲ ਸਿੰਘ ਸਾਬੀ, ਕਰਨ ਪਾਸੀ ਤੋਂ ਇਲਾਵਾ ਹੋਰ ਵਰਕਰ ਵੀ ਮੌਜੂਦ ਸਨ।

# ਗੁਰੂ ਰਵਿਦਾਸ ਦੀ ਕ੍ਰਾਂਤੀਕਾਰੀ ਬਾਣੀ ਸੰਸਾਰ ਦਾ ਕਰ ਰਹੀ ਮਾਰਗ ਦਰਸ਼ਨ : ਸੰਤ ਸਤਵਿੰਦਰ ਹੀਰਾ, ਸੰਤ ਸੁਰਿੰਦਰ ਦਾਸ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਦਿ ਧਰਮ ਸਤਿਸੰਗ ਪਿੰਡ ਕੜੋਅ ਸ਼ਾਹਤਲਾਈ ਜ਼ਿਲ੍ਹਾ ਬਿਲਾਸਪੁਰ ਹਿਮਾਚਲ ਪ੍ਰਦੇਸ਼ ਵਿਖੇ ਹਿਮਾਚਲ ਪ੍ਰਧਾਨ ਰਮੇਸ਼ ਚੰਦ ਸਹੋਤਾ ਦੀ ਅਗਵਾਈ ਹੇਠ ਸ਼ਰਧਾ ਪੂਰਵਕ ਕਰਵਾਇਆ ਗਿਆ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ,ਸੰਤ ਸੁਰਿੰਦਰ ਦਾਸ ਪ੍ਰਧਾਨ ਸ੍ਰੀ ਚਰਨਛੋਹ ਗੰਗਾ ਖੁਰਾਲਗੜ ਸਾਹਿਬ, ਸੰਤ ਕਰਮ ਚੰਦ ਨੇ ਸੰਗਤਾਂ ਨੂੰ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਕ੍ਰਾਂਤੀਕਾਰੀ ਬਾਣੀ ਨਾਲ ਜੋੜਿਆ।ਇਨ੍ਹਾਂ ਮਹਾਂਪੁਰਸ਼ਾਂ ਨੇ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਅਨੁਸਾਰ 'ਹਰਿ ਸੋ ਹੀਰਾ ਛਾਡ ਕੇ ਕਰਿਹ ਆਨ ਕਿ ਆਸ' ਭਾਵ ਹੀਰੇ ਵਰਗਾ ਵਡਮੁੱਲਾ ਹਰੀ ਪ੍ਰਮੇਸ਼ਰ ਦਾ ਨਾਮ ਛੱਡ ਕੇ ਹੋਰ ਵਿਕਾਰ ਵਸਤਾਂ ਦੇ ਮਗਰ ਭਜਣ ਨਾਲ ਇਹ ਜੀਵਨ ਵੀ ਬੇਕਾਰ ਚਲਾ ਜਾਵੇਗਾ। ਉਸ ਹਰੀ ਪ੍ਰਮੇਸ਼ਰ ਦਾ ਨਾਮ ਹੀ ਜੀਵਨ ਨੂੰ ਭਵਸਾਗਰ ਤੋਂ ਪਾਰ ਕਰੇਗਾ। ਉਨਾਂ ਕਿਹਾ ਨਾਮ ਦਾ ਭਾਵ ਹੈ ਗਿਆਨ ਜੋ ਕਿ ਹਰ ਮਨੁੱਖ ਲਈ ਜਰੂਰੀ ਹੈ,ਨਹੀਂ ਤਾਂ ਅਗਿਆਨਤਾ ਦੇ ਹਨੇਰੇ ਵਿਚ ਮਨੁੱਖ ਗੁਲਾਮੀ ਦਾ ਜੀਵਨ ਬਸਰ ਕਰਦਾ ਹੈ। ਸਤਿਗੁਰੂ ਰਵਿਦਾਸ ਜੀ ਦੇ ਮਹਾਨ ਕਥਨ ਅਨੁਸਾਰ 'ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧੁਪ ਮਖੀਰਾ' ਭਾਵ ਸਮਾਜ ਨੂੰ ਆਪਣੇ ਮੌਲਿਕ ਹੱਕਾਂ ਲਈ ਮਧੂ ਮੱਖੀਆਂ ਵਾਂਗ ਇਕ ਪਲੇਟਫਾਰਮ 'ਤੇ ਇਕੱਠੇ ਹੋ ਕੇ ਸੰਘਰਸ਼ ਕਰਦੇ ਰਹਿਣਾ ਚਾਹੀਦਾ ਹੈ ਤਾਂ ਹੀ ਗੁਰੂਆਂ ਰਹਿਬਰਾਂ ਵਲੋਂ ਸਖਤ ਸੰਘਰਸ਼ ਵਿਚੋਂ ਲੈ ਕੇ ਦਿੱਤੇ ਮਾਨਵ ਅਧਿਕਾਰਾਂ ਨੂੰ ਕਾਇਮ ਦਾਇਮ ਰੱਖ ਸਕਦੇ ਹਾਂ।

# ਪੰਜਾਬ ਸਰਕਾਰ ਕੇਂਦਰ ਦੇ ਨਕਸ਼ੇ-ਕਦਮ 'ਤੇ ਚੱਲ ਪਈ : ਅਮਰੀਕ ਸਿੰਘ



**ਫਿਲੌਰ (ਨਿਰਮਲ)** ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਮਰੀਕ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ। ਪ੍ਰੈਸ ਨੂੰ ਜਾਣਕਾਰੀ ਦਿੱਤੀ ਗਈ ਕਿ ਹੁਣ ਪੰਜਾਬ ਸਰਕਾਰ ਦੀ ਕਿਸਾਨ ਵਿਰੋਧੀ ਫੈਸਲੇ ਕਰਕੇ ਕੇਂਦਰ ਸਰਕਾਰ ਦੇ ਨਕਸ਼ੇ ਕਦਮਾਂ 'ਤੇ ਚਲ ਪਈ ਹੈ। ਪੰਜਾਬ ਸਰਕਾਰ ਵੱਲੋਂ ਪੰਜਾਬ ਦੀਆਂ ਮੰਡੀਆਂ ਰੱਦ ਕਰਕੇ 26 ਸੈਲੋ ਪਲਾਂਟ ਨੂੰ ਮੰਜ਼ੂਰੀ ਦਿੱਤੀ ਗਈ ਹੈ। ਸਰਕਾਰ ਕਿਸਾਨਾਂ ਨਾਲ ਇਹ ਵਾਅਦਾ ਕਰਕੇ ਸੱਤਾ ਵਿੱਚ ਆਈ ਸੀ ਕਿ ਉਹ ਕਾਰਪੋਰੇਟ ਨੂੰ ਭਜਾ ਦੇਵੇਗੀ ਪਰ ਕਾਰਪੋਰੇਟਾਂ ਨੂੰ ਭਜਾਉਣਾ ਤਾਂ ਕਿ ਸੀ ਉਹ ਸਗੋਂ ਕਾਰਪੋਰੇਟਾਂ ਦੀਆਂ ਉਂਗਲੀਆਂ ਉਪਰ ਨੱਚਣ ਲੱਗ ਪਈ ਹੈ। ਅਨਾਜ ਮੰਡੀਆਂ ਬੰਦ ਕਰਕੇ ਕਿਸਾਨ ਵਿਰੋਧੀ ਫੈਸਲੇ ਲੈ ਰਹੀ ਹੈ। ਉਹਨਾਂ ਨੇ ਕਿਹਾ ਕਿ ਕਿਸਾਨੀ ਤਾਂ ਪਹਿਲਾਂ ਤੋਂ ਹੀ ਇਕ ਲਾਹੇਵੰਦ ਧੰਦਾ ਨਹੀਂ ਹੈ ਅਤੇ ਪੰਜਾਬ ਦੀ ਕਿਸਾਨੀ ਤਾਂ ਪਹਿਲਾ ਤੋਂ ਹੀ ਖਰਾਬ ਹਾਲਾਤਾਂ ਦਾ ਸਾਹਮਣਾ ਕਰ ਰਹੀ ਹੈ। ਭਾਰਤੀ ਕਿਸਾਨ ਯੂਨੀਅਨ (ਰਜਿ:) (ਕਾਦੀਆਂ) ਪੰਜਾਬ ਸਰਕਾਰ ਦੇ ਫੈਸਲੇ ਦਾ ਵਿਰੋਧ ਕਰਦੀ ਹੈ। ਇਸ ਮੌਕੇ 'ਤੇ ਬਲਕਾਰ ਸਿੰਘ,ਅਜੇ ਕੁਮਾਰ,ਮੁਖਤਿਆਰ ਸਿੰਘ,ਪਰਦੀਪ ਸਿੰਘ, ਅਮਨਦੀਪ,ਨਰਿੰਦਰ ਸਿੰਘ,ਬਹਾਦਰ ਸਿੰਘ ਅਤੇ ਹੋਰ ਹਾਜ਼ਰ ਸਨ।

# ਪੀ ਸੀ ਐੱਮ ਐੱਸ ਡੀ ਕਾਲਜ ਦੇ ਗੁਰੂ ਨਾਨਕ ਸਟੱਡੀ ਸੈਂਟਰ ਨੇ ਅੰਤਰ-ਕਲਾਸ ਕੁਇਜ਼ ਮੁਕਾਬਲਾ ਕਰਵਾਇਆ



**ਜਲੰਧਰ ( ਇਕਬਾਲ ਸਿੰਘ ਉੱਭੀ)** ਪੀ.ਸੀ.ਐਮ.ਐਸ.ਡੀ ਕਾਲਜ ਦੇ ਗੁਰੂ ਨਾਨਕ ਸਟੱਡੀ ਸੈਂਟਰ ਨੇ 'ਗੁਰੂ ਨਾਨਕ ਦੇਵ ਜੀ ਦੇ ਜੀਵਨ, ਰਚਨਾਵਾਂ ਅਤੇ ਸਿੱਖਿਆਵਾਂ' ਵਿਸ਼ੇ 'ਤੇ ਕੇਂਦਰਿਤ ਅੰਤਰ-ਕਲਾਸ ਕੁਇਜ਼ ਮੁਕਾਬਲੇ ਨਾਲ ਮਨਾਂ ਨੂੰ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਦਾ ਜੋਸ਼ ਇੱਕ ਗਰਜਦੀ ਨਦੀ ਵਰਗਾ ਸੀ, ਕਿਉਂਕਿ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆਵਾਂ ਦੇ ਡੂੰਘੇ ਪ੍ਰਭਾਵ ਦੀ ਪੜਚੋਲ ਕਰਨ ਵਾਲੇ ਸਵਾਲਾਂ ਦੇ ਜਵਾਬ ਦਿੱਤੇ। ਇਸ ਬੌਧਿਕ ਜੰਗ ਦੇ ਮੈਦਾਨ ਵਿੱਚ ਬੀ.ਏ ਸਮੈਸਟਰ ਦੂਜੇ ਦੀ ਗਤੀਸ਼ੀਲ ਜੋੜੀ ਜਸਵਿੰਦਰ ਕੌਰ ਅਤੇ ਗਗਨਦੀਪ ਦੀ ਅਗਵਾਈ ਵਿੱਚ ਟੀਮ ਬੀ ਨੇ ਪਹਿਲਾ ਇਨਾਮ ਪ੍ਰਾਪਤ ਕੀਤਾ। ਨੇੜਿਓਂ ਪਿੱਛੇ ਰਹਿ ਕੇ ਬੀਏ ਤੋਂ ਹਰਮਨਪ੍ਰੀਤ, ਗੁਰਸ਼ਰਨ ਕੌਰ ਅਤੇ ਤਰਾਨਾ ਬੀ.ਐਡ ਸਮੈਸਟਰ ਦੂਜਾ ਦੀ ਬਣੀ ਟੀਮ ਸੀ ਨੇ ਦੂਜਾ ਸਥਾਨ ਹਾਸਲ ਕੀਤਾ। ਬੀਏ ਸਮੈਸਟਰ ਛੇਵੇਂ ਦੀ ਦਰਸ਼ਨ ਕੌਰ, ਹਰਸਿਮਰਨ ਕੌਰ ਅਤੇ ਨਵਜੋਤ ਕੌਰ ਵਾਲੀ ਟੀਮ ਡੀ ਦੇ ਨਾਲ ਪਲਵੀ, ਅੰਜੂ ਅਤੇ ਸਵਿਤਾ ਕੁਮਾਰੀ ਦੇ ਨਾਲ ਟੀਮ ਏ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ 'ਤੇ ਪ੍ਰਧਾਨ ਨਰੇਸ਼ ਬੁਧੀਆ , ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਦੇ ਨਾਲ-ਨਾਲ ਕਾਲਜ ਦੇ ਉੱਘੇ ਪ੍ਰਿੰਸੀਪਲ, ਡਾ. ਪੂਜਾ ਪਰਾਸ਼ਰ ਨੇ ਭਾਗ ਲੈਣ ਵਾਲਿਆਂ ਨੂੰ ਦਿਲੋਂ ਵਧਾਈ ਦਿੱਤੀ। ਪ੍ਰਿੰਸੀਪਲ ਪਰਾਸ਼ਰ ਨੇ ਪੰਜਾਬੀ ਵਿਭਾਗ ਦੇ ਅਜਿਹੇ ਗਿਆਨ ਭਰਪੂਰ ਸਮਾਗਮਾਂ ਦੇ ਆਯੋਜਨ ਲਈ ਅਣਥੱਕ ਯਤਨਾਂ ਦੀ ਵੀ ਸ਼ਲਾਘਾ ਕੀਤੀ। ਇਸ ਬੌਧਿਕ ਤਮਾਸ਼ੇ ਨੂੰ ਗੁਰੂ ਨਾਨਕ ਸਟੱਡੀ ਸੈਂਟਰ ਦੇ ਦੂਰਦਰਸ਼ੀ ਮੈਂਬਰਾਂ, ਜਿਵੇਂ ਕਿ ਡਾ. ਸਿਮਰਜੀਤ ਕੌਰ, ਡਾ. ਅੰਜੂ ਬਾਲਾ, ਅਤੇ ਸ੍ਰੀਮਤੀ ਅਕਵਿੰਦਰ ਕੌਰ ਦੁਆਰਾ ਫਲਦਾਇਕ ਸਿੱਟੇ ਤੱਕ ਪਹੁੰਚਾਇਆ ਗਿਆ, ਜਿਨ੍ਹਾਂ ਨੇ ਇਸ ਮੁਕਾਬਲੇ ਨੂੰ ਗਿਆਨ ਅਤੇ ਸਾਂਝ ਦੀ ਭਾਵਨਾ ਨਾਲ ਭਰਿਆ।

# ਬੇਲਾ ਕਾਲਜ ਦਾ ਬੀ ਬੀ ਏ ਦਾ ਨਤੀਜਾ ਸ਼ਾਨਦਾਰ ਰਿਹਾ



**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਦੇ ਮੈਨਜਮੈਂਟ ਵਿਭਾਗ ਦੇ ਬੀ.ਬੀ.ਏ. ਭਾਗ ਪਹਿਲਾ ਦੇ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ। ਵਿਭਾਗ ਮੁਖੀ ਪ੍ਰੋ. ਗੁਰਲਾਲ ਸਿੰਘ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐਲਾਨੇ ਗਏ ਨਤੀਜਿਆਂ ਵਿੱਚ ਬੀ.ਬੀ.ਏ. ਵਿਭਾਗ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਅਕਾਦਮਿਕ ਪੱਧਰ ਤੇ ਮੱਲਾਂ ਮਾਰੀਆਂ ਹਨ। ਇਨ੍ਹਾਂ ਵਿੱਚ ਹਰਮਨਜੋਤ ਕੌਰ ਨੇ 87 ਫੀਸਦੀ ਨੰਬਰ ਲੈ ਕੇ ਕਾਲਜ ਵਿੱਚੋ ਪਹਿਲਾ ਸਥਾਨ ਹਾਸਿਲ ਕੀਤਾ।ਇਸ ਦੇ ਨਾਲ ਹੀ ਹਰਜੀਤ ਕੌਰ ਨੇ 82 ਫੀਸਦੀ ਅਤੇ ਗੁਰਸਿਮਰਨ ਸਿੰਘ ਨੇ 80 ਫੀਸਦੀ ਨੰਬਰ ਹਾਸਿਲ ਕਰਕੇ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਹਾਸਿਲ ਕੀਤਾ। ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਉਕਤ ਵਿਦਿਆਰਥੀਆਂ ਨੇ ਅਕਾਦਮਿਕ ਪੱਧਰ ਤੇ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਚੰਗੇ ਅੰਕਾਂ ਨਾਲ ਪਾਸ ਹੋ ਕੇ 100 ਫੀਸਦੀ ਨਤੀਜਾ ਦਿੱਤਾ ਹੈ । ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਸਾਰੇ ਹੀ ਵਿਦਿਆਰਥੀਆਂ ਅਤੇ ਵਿਭਾਗ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਪਹਿਲੇ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕੀਤਾ। ਇਸ ਮੌਕੇ ਪ੍ਰੋ. ਗੁਰਿੰਦਰ ਸਿੰਘ, ਪ੍ਰੋ . ਪ੍ਰੀਤਕਮਲ ਕੌਰ, ਪ੍ਰੋ . ਹਰਪ੍ਰੀਤ ਕੌਰ ਅਤੇ ਪ੍ਰੋ. ਸੁਨੀਤਾ ਰਾਣੀ ਆਦਿ ਹਾਜਰ ਸਨ ।

# ਸ਼ੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਕੀਤਾ ਜਾ ਰਿਹਾ ਨਫਰਤੀ ਪ੍ਰਚਾਰ ਭਾਜਪਾ ਬੰਦ ਕਰਾਵੇ : ਗੜ੍ਹਦੀਵਾਲਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**— ਸ਼੍ਰੋਮਣੀ ਯੂਥ ਅਕਾਲੀ ਦਲ ਦੇ ਸਾਬਕਾ ਮੀਤ ਪ੍ਰਧਾਨ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਭਾਰਤੀ ਜਨਤਾ ਪਾਰਟੀ ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਭਾਜਪਾ ਦਾ ਆਈ.ਟੀ.ਸੈੱਲ ਸਿੱਖਾਂ ਪ੍ਰਤੀ ਨਫਰਤੀ ਪ੍ਰਚਾਰ ਕਰਨ ਵਿੱਚ ਡਟਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਭਾਜਪਾ ਨਾਲੋਂ ਤੋੜ ਵਿਛੋੜਾ ਕਰਨ ਤੋਂ ਬਾਅਦ ਉਹਨਾਂ ਵਿਰੁੱਧ ਸਿਆਸੀ ਜੰਗ ਛੇੜ ਦਿੱਤੀ ਹੈ। ਇੱਥੋਂ ਜਾਰੀ ਕੀਤੇ ਗਏ ਪ੍ਰੈਸ ਬਿਆਨ ਵਿੱਚ ਜਰਨੈਲ ਸਿੰਘ ਗੜ੍ਹਦੀਵਾਲਾ ਨੇ ਕਿਹਾ ਕਿ ਸਿੱਖ ਕੌਮ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਵਿੱਚ ਵੱਡੇ ਪੱਧਰ 'ਤੇ ਕੁਰਬਾਨੀਆਂ ਦਿੱਤੀਆਂ ਤੇ ਆਪਣੇ ਆਪ ਨੂੰ ਦੇਸ਼ ਭਗਤ ਕਹਾਉਣ ਵਾਲੀ ਭਾਰਤੀ ਜਨਤਾ ਪਾਰਟੀ ਸਿੱਖ ਕੌਮ ਨੂੰ ਹੀ ਬਦਨਾਮ ਕਰਨ ਵਿੱਚ ਲੱਗੀ ਹੋਈ ਹੈ। ਉਹਨਾਂ ਕਿਹਾ ਕਿ ਇੱਕ ਪਾਸੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬੀ ਵਿੱਚ ਕਿਤਾਬਚਾ ਛਪਵਾ ਕਿ ਇਹ ਦੱਸਣ ਦਾ ਯਤਨ ਕਰ ਰਹੇ ਹਨ ਕਿ ਉਹਨਾਂ ਦੀ ਸਿੱਖ ਭਾਈਚਾਰੇ ਨਾਲ ਬੜੀ ਗੂੜ ਹੈ ਤੇ ਦੂਜੇ ਪਾਸੇ ਭਾਜਪਾ ਨਾਲ ਸੰਬੰਧਿਤ ਸ਼ੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੋਂ ਸਿੱਖਾਂ ਨੂੰ ਅੱਤਵਾਦੀ ਤੇ ਵੱਖਵਾਦੀ ਤੇ ਦੇਸ਼ ਧ੍ਰੋਹੀ ਦੱਸਿਆ ਜਾ ਰਿਹਾ ਹੈ। ਗੜ੍ਹਦੀਵਾਲਾ ਨੇ ਕਿਹਾ ਕਿ ਮਹਾਂਮਾਰੀ ਕਰੋਨਾ ਦੌਰਾਨ ਦੇਸ਼ ਨੇ ਹੀ ਨਹੀਂ ਸਗੋਂ ਪੂਰੀ ਦੁਨੀਆ ਨੇ ਦੇਖਿਆ ਕਿ ਕਿਵੇਂ ਸਿੱਖ ਕੌਮ ਨੇ ਸਰਬੱਤ ਦੇ ਭਲੇ 'ਤੇ ਚੱਲਦਿਆਂ ਸੋਚ 'ਤੇ ਪਹਿਰਾ ਦਿੰਦਾ ਹੈ। ਜਦੋਂ ਦੇਸ਼ ਭੁੱਖਮਰੀ ਨਾਲ ਜੂਝ ਰਿਹਾ ਸੀ ਤਾਂ ਪੰਜਾਬ ਦੇ ਕਿਸਾਨਾਂ ਨੇ ਹੀ ਲੋਕਾਂ ਦਾ ਢਿੱਡ ਭਰਿਆ ਸੀ। ਅੱਜ ਆਰਥਿਕ ਸੰਕਟਾਂ ਨਾਲ ਜੂਝ ਰਹੇ ਕਿਸਾਨ ਖੁਦਕੁਸ਼ੀਆਂ ਦੇ ਰਾਹ ਪਏ ਹੋਏ ਹਨ ਪਰ ਭਾਜਪਾ ਤੇ ਆਰ.ਐਸ.ਐਸ ਉਹਨਾਂ ਨੂੰ ਅੱਤਵਾਦੀ ਦੱਸ ਕਿ ਭੰਡ ਰਹੀ ਹੈ। ਗੜ੍ਹਦੀਵਾਲਾ ਨੇ ਭਾਜਪਾ ਨਾਲੋਂ ਸਿਆਸੀ ਤੌਰ ਤੇ ਕੀਤੇ ਗਏ ਤੋੜ ਵਿਛੋੜੇ ਦਾ ਸਵਾਗਤ ਕਰਦਿਆ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ 2024 ਦੀ ਚੋਣਾਂ ਵਿੱਚ ਸ਼ਾਨਦਾਰ ਨਤੀਜਾ ਦੇਵੇਗਾ। ਉਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਦੇ ਵਾਸਤੇ ਉਠਾਏ ਮਸਲਿਆਂ ਦੇ ਸਬੰਧੀ ਬੀਜੇਪੀ ਨੇ ਪਿੱਠ ਦਿਖਾਈ ਹੈ, ਪੰਜਾਬ ਦੇ ਲੋਕ ਇਸ ਗੱਲੋਂ ਭਲੀ ਭਾਂਤ ਜਾਣੂ ਹਨ ਅਤੇ ਇਨਾਂ ਅਗਾਮੀ ਪਾਰਲੀਮੈਂਟ ਚੋਣਾ ਵਿੱਚ ਬੀਜੇਪੀ ਨੂੰ ਮਾਤ ਦੇ ਕੇ ਪੰਜਾਬ ਵਾਸੀ ਇਸ ਦਾ ਅਹਿਸਾਸ ਕਰਾਉਣਗੇ ।



ਮਨ ਦਿਆਂ ਰੰਗਾਂ ਦਾ ਕਥਾਕਾਰ ਫਿਓਦਰ ਦੋਸਤੋਵਸਕੀ

ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

ਅੱਖਰਾਂ ਦੇ ਦੀਪ ਰੱਖਾਂਗਾ
ਜਗ੍ਹਾ ਕੇ ਹਰ ਜਗ੍ਹਾ
ਮੁੱਦਤਾਂ ਤੋਂ ਬਸਤੀਆਂ ਵਿੱਚ
ਨੇਰ੍ਹਿਆਂ ਦੇ ਜ਼ੋਰ ਨੇ।
- ਅਜੈ ਤਨਵੀਰ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 31 ਮਾਰਚ 2024 | www.nawanzamana.in | ਕੀਮਤ 5.00 ਰੁਪਏ


ਸਮਕਾਲੀ ਸਰੋਕਾਰ

ਸੁਮੀਤ ਸਿੰਘ

## ਹਕੂਮਤੀ ਜਬਰ ਲਈ ਖ਼ਤਰਨਾਕ ਹਥਿਆਰ ਧਾਰਾ 295 ਏ




ਭਾਰਤੀ ਸੰਵਿਧਾਨ ਬਰਤਾਨਵੀ ਹਕੂਮਤ ਦੇ ਬਸਤੀਵਾਦੀ ਸੰਵਿਧਾਨ ਦੀ ਤਰਜ਼ ਉੱਤੇ ਹੀ ਲਿਖਿਆ ਗਿਆ ਹੈ ਅਤੇ ਇਸ ਦੇ ਜ਼ਿਆਦਾਤਰ ਕਾਨੂੰਨ ਤੇ ਕਾਨੂੰਨਾਂ ਵਿਚਲੀਆਂ ਬਹੁਤ ਸਾਰੀਆਂ ਲੋਕ ਵਿਰੋਧੀ ਧਾਰਾਵਾਂ ਬਰਤਾਨਵੀ ਸਾਮਰਾਜ ਦੀ ਨਕਲ ਹੀ ਹਨ, ਜੋ ਭਾਰਤ ਦੇ ਲੋਕਾਂ ਉੱਪਰ ਜਬਰ ਕਰਨ ਦੇ ਮਕਸਦ ਲਈ ਬਣਾਈਆਂ ਗਈਆਂ ਸਨ। ਧਾਰਾ 295-ਏ ਭਾਰਤ ਦੇ ਕਾਨੂੰਨ ਵਿਚਲੀ ਇੱਕ ਅਜਿਹੀ ਹੀ ਗੈਰ-ਜਮਹੂਰੀ ਧਾਰਾ ਹੈ, ਜਿਸ ਹੇਠ ਸੱਤਾਧਾਰੀ ਜਮਾਤਾਂ ਵੱਲੋਂ ਫਿਰਕੂ ਤਾਕਤਾਂ ਦੀ ਮਿਲੀਭੁਗਤ ਨਾਲ ਕਿਸੇ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਭੜਕਣ ਦਾ ਬਹਾਨਾ ਬਣਾ ਕੇ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਦੇ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਤਰਕਸ਼ੀਲ ਵਿਅਕਤੀਆਂ, ਸਮਾਜਿਕ ਕਾਰਕੁਨਾਂ ਅਤੇ ਖਾਸ ਕਰਕੇ ਸਿਆਸੀ ਵਿਰੋਧੀਆਂ ਦੀ ਜ਼ੁਬਾਨਬੰਦੀ ਕਰਨ ਦਾ ਯਤਨ ਕੀਤਾ ਜਾਂਦਾ ਹੈ।

22 ਜਨਵਰੀ ਨੂੰ ਪ੍ਰਧਾਨ ਮੰਤਰੀ ਵੱਲੋਂ ਸਾਰੇ ਸੰਵਿਧਾਨਕ ਅਸੂਲਾਂ ਨੂੰ ਛਿੱਕੇ ਟੰਗ ਕੇ ਅਯੁੱਧਿਆ ਵਿਖੇ ਰਾਮ ਮੰਦਰ ਵਿਚ ਕੀਤੇ ਗਏ ਪ੍ਰਾਣ ਪ੍ਰਤਿਸ਼ਠਾ ਉਦਘਾਟਨ ਸਮਾਰੋਹ ਨੂੰ ਕੁਝ ਹਿੰਦੂਤਵੀ ਫਿਰਕੂ ਸੰਗਠਨਾਂ ਵੱਲੋਂ ਮੁਸਲਮਾਨਾਂ ਉੱਪਰ ਹਿੰਦੂਆਂ ਦੀ ਜਿੱਤ ਦੇ ਜਸ਼ਨ ਵਜੋਂ ਪੂਰੇ ਦੇਸ਼ ਵਿਚ ਪ੍ਰਚਾਰਿਆ ਗਿਆ ਅਤੇ ਇਸੇ ਹੰਕਾਰ ਵਿੱਚ ਕਈ ਥਾਂ ਮਸਜਿਦਾਂ ਅਤੇ ਗਿਰਜਾ ਘਰਾਂ ਉਤੇ ਭਗਵੇਂ ਝੰਡੇ ਲਹਿਰਾ ਕੇ ਮੁਸਲਮਾਨਾਂ ਅਤੇ ਈਸਾਈਆਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਅ ਕੇ ਉਨ੍ਹਾਂ ਨਾਲ ਜਾਣ-ਬੁੱਝ ਕੇ ਟਕਰਾਅ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਦੇ ਖਿਲਾਫ ਮਾੜੀ ਅਤੇ ਭੜਕਾਊ ਸ਼ਬਦਾਵਲੀ ਦਾ ਇਸਤੇਮਾਲ ਕੀਤਾ ਗਿਆ, ਪਰ ਹਕੂਮਤੀ ਦਬਾਅ ਹੇਠ ਕਿਸੇ ਵੀ ਫਿਰਕੂ ਅਨਸਰ ਜਾਂ ਸੰਸਥਾ ਖਿਲਾਫ 295 ਜਾਂ 295 ਏ ਦਾ ਕੇਸ ਦਰਜ ਨਹੀਂ ਕੀਤਾ ਗਿਆ। ਇਕ ਤਾਂ ਤਤਕਾਲੀ ਕੇਂਦਰ ਅਤੇ ਰਾਜ ਸਰਕਾਰਾਂ ਦੀ ਯੋਜਨਾਬੱਧ ਫਿਰਕੂ ਸਾਜ਼ਿਸ਼ ਹੇਠ ਦਿਨ-ਦਿਹਾੜੇ ਸਰੇਆਮ ਕੇਂਦਰੀ ਸੁਰੱਖਿਆ ਬਲਾਂ ਦੀ ਹਾਜ਼ਰੀ ਵਿੱਚ ਫਿਰਕੂ ਹਜੂਮੀਆਂ ਵੱਲੋਂ ਸਦੀਆਂ ਪੁਰਾਣੀ ਬਾਬਰੀ ਮਸਜਿਦ ਢਾਹੀ ਗਈ। ਕੇਂਦਰ ਸਰਕਾਰ ਵੱਲੋਂ ਭਾਜਪਾ ਸੰਘ ਨਾਲ ਸੰਬੰਧਤ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਸੁਪਰੀਮ ਕੋਰਟ ਦੀ ਮਿਲੀਭੁਗਤ ਨਾਲ ਦੋਸ਼ੀਆਂ ਨੂੰ ਬਾਇੱਜ਼ਤ ਬਰੀ ਕਰਨ ਦੇ ਨਾਲ-ਨਾਲ ਉਸੇ ਜਗ੍ਹਾ ਰਾਮ ਮੰਦਰ ਦੀ ਉਸਾਰੀ ਦੇ ਹੱਕ ਵਿਚ ਫੈਸਲਾ ਕਰਵਾ ਕੇ ਭਾਰਤੀ ਨਿਆਂ ਪ੍ਰਣਾਲੀ ਅਤੇ ਲੋਕਤੰਤਰ ਦਾ ਜਨਾਜ਼ਾ ਕੱਢਿਆ ਗਿਆ। ਜ਼ਾਹਿਰ ਹੈ ਕਿ ਰਾਮ ਮੰਦਰ ਦੇ ਉਦਘਾਟਨ ਸਮਾਰੋਹ ਮੌਕੇ ਮੋਦੀ-ਯੋਗੀ ਸਰਕਾਰਾਂ ਅਤੇ ਸੰਘੀ ਫਿਰਕੂ ਸੰਗਠਨਾਂ ਵੱਲੋਂ ਮੁਸਲਿਮ ਭਾਈਚਾਰੇ ਨੂੰ ਚਿੜਾਉਣ ਲਈ ਪੂਰੇ ਦੇਸ਼ ਵਿਚ ਜਸ਼ਨ ਮਨਾਉਣ ਦੀ ਫਾਸ਼ੀਵਾਦੀ ਕਾਰਵਾਈ ਨੇ ਮੁਸਲਮਾਨਾਂ ਸਮੇਤ ਸਮੂਹ ਘੱਟ-ਗਿਣਤੀ ਫਿਰਕਿਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਇਨ੍ਹਾਂ ਖਿਲਾਫ ਪੁਲਸ ਵੱਲੋਂ ਧਾਰਾ 295 ਅਤੇ 295 ਏ ਤਹਿਤ ਅਪਰਾਧਿਕ ਕੇਸ ਦਰਜ ਕਿਉਂ ਨਹੀਂ ਕੀਤਾ ਗਿਆ? ਮਤਲਬ ਸਾਫ ਹੈ ਕਿ ਇਸ ਧਾਰਾ ਨੂੰ ਸਿਰਫ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਤਰਕਸ਼ੀਲ ਕਾਰਕੁਨਾਂ ਵਿਰੁੱਧ ਹੀ ਇਸਤੇਮਾਲ ਕੀਤਾ ਜਾਂਦਾ ਹੈ ਅਤੇ ਸਾਮਰਾਜੀ ਹਕੂਮਤਾਂ ਵੱਲੋਂ ਫਿਰਕੂ ਹਿੰਸਾ ਫੈਲਾਉਣ ਵਾਲੇ ਸੰਗਠਨਾਂ ਦੀ ਸਰਪ੍ਰਸਤੀ ਕੀਤੀ ਜਾਂਦੀ ਹੈ।

ਇਸ ਜਨਵਰੀ ਦੇ ਆਖਰੀ ਹਫਤੇ ਕੁਝ ਹਿੰਦੂਤਵੀ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਪੰਜਾਬ ਪੁਲਸ ਵੱਲੋਂ ਬਿਨਾਂ ਕਿਸੇ ਜਾਂਚ-ਪੜਤਾਲ ਦੇ ਕੁਝ ਤਰਕਸ਼ੀਲ ਆਗੂਆਂ, ਲੇਖਕਾਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਰਾਮ ਮੰਦਰ ਵਿਖੇ ਪ੍ਰਾਣ ਪ੍ਰਤਿਸ਼ਠਾ ਦੇ ਉਦਘਾਟਨੀ ਸਮਾਰੋਹ ਬਾਰੇ ਸੋਸ਼ਲ ਮੀਡੀਆ ਉੱਤੇ ਪ੍ਰਗਟਾਏ ਵਿਗਿਆਨਕ ਵਿਚਾਰਾਂ ਨੂੰ ਮੁੱਦਾ ਬਣਾ ਕੇ ਤਰਕਸ਼ੀਲ ਆਗੂਆਂ ਮਾਸਟਰ ਸੁਰਜੀਤ ਦੌਧਰ ਅਤੇ ਭੁਪਿੰਦਰ ਫੌਜੀ ਸਮੇਤ ਇਕਬਾਲ ਧਨੌਲਾ, ਸਾਇਨਾ ਅਤੇ ਦਵਿੰਦਰ ਮਹਿੰਦਵਾਨੀ ਦੇ ਖਿਲਾਫ ਧਾਰਾ 295 ਅਤੇ 295 ਏ ਦੇ ਨਜਾਇਜ਼ ਕੇਸ ਦਰਜ ਕੀਤੇ ਗਏ ਅਤੇ ਸੁਰਜੀਤ ਦੌਧਰ ਨੂੰ ਛੱਡ ਕੇ ਬਾਕੀ ਚਾਰਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ, ਜੋ ਕਿ ਸੁਪਰੀਮ ਕੋਰਟ ਵੱਲੋਂ ਅਰੁਣੇਸ਼ ਕੁਮਾਰ ਬਨਾਮ ਸਟੇਟ ਕੇਸ ਵਿਚ ਦਿੱਤੇ ਉਸ ਫੈਸਲੇ ਦੀ ਸਿੱਧੀ ਉਲੰਘਣਾ ਸੀ, ਜਿਸ ਤਹਿਤ ਸੱਤ ਸਾਲ ਦੀ ਸਜ਼ਾ ਤੋਂ ਘੱਟ ਜੁਰਮ ਦੇ ਮੁਲਜ਼ਮ ਨੂੰ ਪੁਲਸ ਵੱਲੋਂ ਮੁੱਢਲੀ ਜਾਂਚ-ਪੜਤਾਲ ਅਤੇ ਨੋਟਿਸ ਦਿੱਤੇ ਬਿਨਾਂ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ। ਵੈਸੇ ਵੀ ਇਸ ਧਾਰਾ ਹੇਠ ਮੁਲਜ਼ਮ ਦੇ ਵਿਰੁੱਧ ਕਾਨੂੰਨੀ ਕਾਰਵਾਈ ਤਦ ਹੀ ਕੀਤੀ ਜਾ ਸਕਦੀ ਹੈ, ਜੇਕਰ ਮੁੱਢਲੀ ਜਾਂਚ ਪੜਤਾਲ ਵਿਚ ਇਹ ਸਿੱਧ ਕੀਤਾ ਗਿਆ ਹੋਵੇ ਕਿ ਇਹ ਜੁਰਮ ਉਸ ਵੱਲੋਂ ਜਾਣ-ਬੁੱਝ ਕੇ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਅਤੇ ਕਿਸੇ ਬਦਨੀਅਤੀ ਹੇਠ ਕੀਤਾ ਗਿਆ ਹੈ। ਕਿਸੇ ਵਿਅਕਤੀ ਨੂੰ ਧਾਰਾ 295 ਦੇ ਜੁਰਮ ਹੇਠ ਦੋ ਸਾਲ ਅਤੇ 295 ਏ ਤਹਿਤ ਤਿੰਨ ਸਾਲ ਦੀ ਸਜ਼ਾ ਹੋ ਸਕਦੀ ਹੈ। ਇਸ ਦੇ ਇਲਾਵਾ ਦੋਵਾਂ ਧਾਰਾਵਾਂ ਤਹਿਤ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ ਅਤੇ ਦੋਵੇਂ ਹੀ ਜੁਰਮ ਗੈਰ ਜ਼ਮਾਨਤੀ ਦੀ ਸ਼੍ਰੇਣੀ ਵਿਚ ਆਉਂਦੇ ਹਨ।

ਦਰਅਸਲ ਇਨ੍ਹਾਂ ਪੰਜਾਂ ਕਾਰਕੁਨਾਂ ਵੱਲੋਂ ਸੋਸ਼ਲ ਮੀਡੀਏ ਉੱਤੇ ਪਾਈਆਂ ਪੋਸਟਾਂ ਵਿਚ ਅਜਿਹਾ ਕੋਈ ਵੀ ਮੈਟਰ ਗੈਰ-ਕਾਨੂੰਨੀ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦਾ ਅਜਿਹਾ ਕੋਈ ਇਰਾਦਾ ਸੀ, ਪਰ ਪੰਜਾਬ ਵਿੱਚ ਫਿਰਕੂ ਲਾਮਬੰਦੀ ਕਰਕੇ ਭਾਜਪਾ-ਸੰਘ ਲਈ ਸਿਆਸੀ ਜ਼ਮੀਨ ਤਲਾਸ਼ ਰਹੇ ਫਿਰਕੂ ਸੰਗਠਨਾਂ ਵੱਲੋਂ ਵਿਗਿਆਨਕ ਵਿਚਾਰਧਾਰਾ ਅਤੇ ਇਨ੍ਹਾਂ ਕਾਰਕੁਨਾਂ ਨੂੰ ਗਿਣ-ਮਿੱਥ ਕੇ ਨਿਸ਼ਾਨਾ ਬਣਾਇਆ ਗਿਆ ਤਾਂ ਕਿ ਪੰਜਾਬ ਵਿੱਚ ਫਿਰਕੂ ਨਫਰਤ ਦਾ ਮਾਹੌਲ ਉਸਾਰ ਕੇ ਵੋਟਾਂ ਦਾ ਧਰੁਵੀਕਰਨ ਕੀਤਾ ਜਾ ਸਕੇ। ਇਸ ਲਈ ਪੁਲਸ ਦੀ ਅਜਿਹੀ ਤਾਨਾਸ਼ਾਹੀ ਕਾਰਵਾਈ ਜਿੱਥੇ ਸਰਾਸਰ ਗਲਤ ਅਤੇ ਗੈਰ ਜਮਹੂਰੀ ਹੈ, ਉਥੇ ਹੀ ਭਾਰਤੀ ਸੰਵਿਧਾਨ ਦੀ ਧਾਰਾ 19(1) ਏ ਤਹਿਤ ਮਿਲੇ ਨਾਗਰਿਕਾਂ ਨੂੰ ਮਿਲੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਅਤੇ ਧਾਰਾ 21 (ਜਿਊਣ ਅਤੇ ਨਿੱਜੀ ਆਜ਼ਾਦੀ ਦਾ ਅਧਿਕਾਰ) ਦੇ ਸੰਵਿਧਾਨਕ ਹੱਕ ਦੀ ਵੀ ਸਿੱਧੀ ਉਲੰਘਣਾ ਹੈ।

ਦੇਸ਼ ਵਿਚ ਫਿਰਕੂ ਅਤੇ ਰੂੜੀਵਾਦੀ ਤਾਕਤਾਂ ਵੱਲੋਂ ਫੈਲਾਏ ਜਾ ਰਹੇ ਅੰਧ-ਵਿਸ਼ਵਾਸਾਂ, ਰੂੜੀਵਾਦ, ਬਾਬਾਵਾਦ, ਡੇਰਾਵਾਦ ਅਤੇ ਫਿਰਕਾਪ੍ਰਸਤੀ ਦੇ ਖਿਲਾਫ ਵਿਗਿਆਨਕ ਵਿਚਾਰਧਾਰਾ ਰਾਹੀਂ ਸਮਾਜ ਨੂੰ ਚੇਤਨ ਕਰਨ ਵਾਲੇ ਤਰਕਸ਼ੀਲ ਅਤੇ ਸਮਾਜਿਕ ਕਾਰਕੁਨਾਂ ਦੇ ਖਿਲਾਫ ਅਜਿਹੇ ਕੇਸ ਦਰਜ ਕਰਨੇ ਉਪਰੋਕਤ ਧਾਰਾਵਾਂ ਦੇ ਨਾਲ-ਨਾਲ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐੱਚ) ਦੀ ਵੀ ਸਰੇਆਮ ਸਿੱਧੀ ਉਲੰਘਣਾ ਹੈ, ਜਿਸ ਤਹਿਤ ਹਰੇਕ ਭਾਰਤੀ ਨਾਗਰਿਕ ਨੂੰ ਜੀਵਨ ਵਿਚ ਵਿਗਿਆਨਕ ਸੋਚ ਅਤੇ ਇਨਸਾਨੀਅਤ ਦੀ ਭਾਵਨਾ ਅਪਣਾਉਣ, ਉਸ ਦਾ ਪ੍ਰਚਾਰ-ਪ੍ਰਸਾਰ ਕਰਨ ਅਤੇ ਸਮਾਜ ਵਿਚ ਆਲੇ-ਦੁਆਲੇ ਵਾਪਰ ਰਹੇ ਵਰਤਾਰਿਆਂ ਨੂੰ ਜਾਨਣ ਅਤੇ ਉਸ ਵਿੱਚ ਸੁਧਾਰ ਕਰਨ ਦਾ ਫਰਜ਼ ਨਿਭਾਉਣ ਦੀ ਤਾਕੀਦ ਕੀਤੀ ਗਈ ਹੈ।

ਪੰਜਾਬ ਸਰਕਾਰ ਅਤੇ ਪੁਲਸ ਨੂੰ ਸਵਾਲ ਪੁੱਛਿਆ ਜਾ ਸਕਦਾ ਹੈ ਕਿ ਜੇਕਰ ਕੋਈ ਨਾਗਰਿਕ ਆਪਣਾ ਅਜਿਹਾ ਫਰਜ਼ ਨਿਭਾਉਂਦਾ ਹੋਇਆ ਵਿਗਿਆਨਕ ਨਜ਼ਰੀਏ ਤੋਂ ਸਦੀਆਂ ਪੁਰਾਣੇ ਅੰਧ-ਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ ਅਤੇ ਸਮਾਜਿਕ ਬੁਰਾਈਆਂ ਉਤੇ ਕਿੰਤੂ-ਪ੍ਰੰਤੂ ਕਰਦਾ ਹੈ ਤਾਂ ਉਸ ਉੱਤੇ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦਾ ਨਜਾਇਜ਼ ਦੋਸ਼ ਲਾ ਦੇਣਾ ਕਿੱਥੋਂ ਤੱਕ ਸਹੀ ਹੈ? ਕੀ ਕਿਸੇ ਵਿਅਕਤੀ ਦੀਆਂ ਧਾਰਮਿਕ ਭਾਵਨਾਵਾਂ ਵਾਕਈ ਹੀ ਇੰਨੀਆਂ ਕਮਜ਼ੋਰ ਹੁੰਦੀਆਂ ਹਨ ਕਿ ਲੋਕਾਂ ਨੂੰ ਗੁੰਮਰਾਹ ਕਰਨ ਵਾਲੇ ਅੰਧ-ਵਿਸ਼ਵਾਸਾਂ ਅਤੇ ਮਿਥਿਹਾਸ ਉਤੇ ਕਿੰਤੂ-ਪ੍ਰੰਤੂ ਕਰਨ ਨਾਲ ਹੀ ਭੜਕ ਜਾਂਦੀਆਂ ਹਨ? ਕਿਸੇ ਦੂਜੇ ਵਿਅਕਤੀ ਉਤੇ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਦੋਸ਼ ਲਗਾ ਕੇ ਬਿਨਾਂ ਕਾਨੂੰਨੀ ਜਾਂਚ-ਪੜਤਾਲ ਦੇ ਉਸ ਨੂੰ ਮੌਕੇ ਉਤੇ ਕਤਲ ਕਰ ਦੇਣਾ ਕਿੱਥੋਂ ਦੀ ਇਨਸਾਨੀਅਤ ਹੈ ਅਤੇ ਅਜਿਹਾ ਕਰਨਾ ਕਿਸ ਧਾਰਮਿਕ ਗ੍ਰੰਥ ਅਤੇ ਕਾਨੂੰਨ ਵਿੱਚ ਲਿਖਿਆ ਹੈ? ਸਵਾਲ ਹੈ ਕਿ ਇਨ੍ਹਾਂ ਲੋਕਾਂ ਦੀਆਂ ਮਨੁੱਖੀ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ, ਜਦੋਂ ਸਾਮਰਾਜੀ ਹਕੂਮਤਾਂ ਵੱਲੋਂ ਉਨ੍ਹਾਂ ਦੇ ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ ਪਾਣੀ, ਸੜਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਖਤਮ ਕਰਨ ਦੀਆਂ ਲੋਕ ਮਾਰੂ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ, ਜਦਕਿ ਭੁੱਖਮਰੀ, ਗਰੀਬੀ, ਬੇਰੁਜ਼ਗਾਰੀ, ਬਿਮਾਰੀ ਅਤੇ ਮਹਿੰਗਾਈ ਤੋਂ ਤੰਗ ਹੋ ਕੇ ਹਜ਼ਾਰਾਂ ਪੀੜਤ ਲੋਕ ਖੁਦਕੁਸ਼ੀ ਕਰ ਰਹੇ ਹਨ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ ਜਦੋਂ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਸ਼ਾਂਤਮਈ ਢੰਗ ਨਾਲ ਵਿਰੋਧ ਪ੍ਰਦਰਸ਼ਨ ਕਰ ਰਹੇ ਲੋਕਾਂ ਉਤੇ ਲਾਠੀਆਂ-ਗੋਲੀਆਂ ਚਲਾਈਆਂ ਜਾਂਦੀਆਂ ਹਨ ਅਤੇ ਝੂਠੇ ਕੇਸਾਂ ਹੇਠ ਗ੍ਰਿਫਤਾਰ ਕਰਕੇ ਸਾਲਾਂਬੱਧੀ ਜੇਲ੍ਹਾਂ ਵਿਚ ਡੱਕਿਆ ਜਾਂਦਾ ਹੈ? ਇਹ ਭਾਵਨਾਵਾਂ ਉਦੋਂ ਕਿਉਂ ਨਹੀਂ ਭੜਕਦੀਆਂ, ਜਦੋਂ ਪੈਸੇ ਖੁਣੋਂ ਨਿੱਜੀ ਹਸਪਤਾਲ ਵਿਚ ਇਲਾਜ ਨਾ ਕਰਵਾ ਸਕਣ ਕਾਰਨ ਹਜ਼ਾਰਾਂ ਗਰੀਬ ਮਰੀਜ਼ ਦਮ ਤੋੜ ਜਾਂਦੇ ਹਨ? ਉਹ ਇਸ ਲਈ ਕਿਉਂਕਿ ਸਾਮਰਾਜੀ ਤਾਕਤਾਂ, ਸਿਆਸੀ ਪਾਰਟੀਆਂ ਅਤੇ ਧਾਰਮਿਕ ਸੰਸਥਾਵਾਂ ਵੱਲੋਂ ਆਪਣੇ ਸਿਆਸੀ ਅਤੇ ਆਰਥਿਕ ਮੁਫਾਦਾਂ ਲਈ ਧਰਮ ਨੂੰ ਪੀੜ੍ਹੀ ਦਰ ਪੀੜ੍ਹੀ ਮਨੁੱਖ ਦੀ ਸਭ ਤੋਂ ਵੱਡੀ ਕਮਜ਼ੋਰੀ ਬਣਾ ਦਿੱਤਾ ਗਿਆ ਹੈ ਅਤੇ ਉਹ ਸਿਆਸੀ ਅਤੇ ਫਿਰਕੂ ਸੰਗਠਨਾਂ ਦੇ ਬਹਿਕਾਵੇ ਵਿਚ ਆ ਕੇ ਆਪਣੀ ਧਾਰਮਿਕ ਆਸਥਾ ਵਿਰੁੱਧ ਭੁਗਤਣ ਵਾਲੇ ਕਿਸੇ ਵੀ ਵਿਰੋਧੀ ਨੂੰ ਜਾਨੋਂ ਮਾਰਨ ਲਈ ਤਿਆਰ ਹੋ ਜਾਂਦਾ ਹੈ। ਸੰਨ 1947 ਵਿਚ ਹਿੰਦੋਸਤਾਨ ਦੀ ਫਿਰਕੂ ਖੂਨੀ ਵੰਡ ਵੇਲੇ ਇਹੀ ਕੁਝ ਵਾਪਰਿਆ ਸੀ ਅਤੇ ਆਰ ਐੱਸ ਐੱਸ ਅਤੇ ਮੁਸਲਿਮ ਲੀਗ ਦੀ ਫਿਰਕੂ ਸਿਆਸਤ ਕਾਰਨ 10 ਲੱਖ ਨਿਰਦੋਸ਼ ਲੋਕਾਂ ਨੂੰ ਆਪਣੀ ਜਾਨ ਗਵਾਉਣੀ ਪਈ ਅਤੇ ਕਰੋੜਾਂ ਲੋਕਾਂ ਦਾ ਉਜਾੜਾ ਹੋਇਆ ਸੀ। ਅਫਸੋਸ ਹੈ ਕਿ ਅਖੌਤੀ ਆਜ਼ਾਦੀ ਦੇ 77 ਸਾਲ ਬਾਅਦ ਵੀ ਸੰਘ ਪੱਖੀ ਫਿਰਕੂ ਤਾਕਤਾਂ ਦੇਸ਼ ਵਿਚ ਫਿਰ ਉਹੀ ਫਿਰਕੂ ਨਫਰਤ ਅਤੇ ਹਿੰਸਾ ਦਾ ਮਾਹੌਲ ਉਸਾਰ ਰਹੀਆਂ ਹਨ।

ਦਰਅਸਲ ਧਰਮ ਦੀ ਫਿਰਕੂ ਰਾਜਨੀਤੀ ਕਰਨ ਵਾਲੀਆਂ ਹਕੂਮਤਾਂ ਅਤੇ ਕੁਝ ਕੱਟੜ ਫਿਰਕਾਪ੍ਰਸਤ ਤਾਕਤਾਂ ਪਿਛਲੇ ਕੁਝ ਦਹਾਕਿਆਂ ਤੋਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਣ ਦੇ ਬਹਾਨੇ ਹੇਠ ਧਾਰਾ 295 ਏ ਨੂੰ ਫਿਰਕੂ ਹਥਿਆਰ ਦੇ ਤੌਰ 'ਤੇ ਵਰਤ ਕੇ ਉਨ੍ਹਾਂ ਜਮਹੂਰੀ, ਤਰਕਸ਼ੀਲ ਅਤੇ ਇਨਸਾਫ-ਪਸੰਦ ਸੰਸਥਾਵਾਂ ਅਤੇ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ ਦੀ ਜ਼ੁਬਾਨਬੰਦੀ ਕਰਨਾ ਚਾਹੁੰਦੀਆਂ ਹਨ, ਜੋ ਕੇਂਦਰ ਤੇ ਰਾਜ ਸਰਕਾਰਾਂ ਦੀਆਂ ਲੋਕ ਵਿਰੋਧੀ ਆਰਥਿਕ ਨੀਤੀਆਂ, ਰੂੜੀਵਾਦੀ, ਫਿਰਕਾਪ੍ਰਸਤ, ਅੰਧ-ਵਿਸ਼ਵਾਸੀ, ਸਾਮਰਾਜ ਪੱਖੀ, ਗੈਰ ਸੰਵਿਧਾਨਕ ਕਾਰਵਾਈਆਂ ਅਤੇ ਪੀ ਐੱਮ ਐੱਲ ਏ, ਯੂ ਏ ਪੀ ਏ, ਐਫਸਪਾ, ਐੱਨ ਐੱਸ ਏ ਵਰਗੇ ਲੋਕ ਵਿਰੋਧੀ ਜਾਬਰ ਕਾਲੇ ਕਾਨੂੰਨਾਂ ਦਾ ਜਨਤਕ ਪੱਧਰ 'ਤੇ ਲਗਾਤਾਰ ਡਟਵਾਂ ਵਿਰੋਧ ਕਰਦੇ ਹੋਏ ਲੋਕਾਈ ਨੂੰ ਚੇਤਨ ਕਰ ਰਹੇ ਹਨ। ਵੈਸੇ ਇਹ ਕੋਈ ਇਕੱਲੀ ਧਾਰਾ ਨਹੀਂ ਹੈ, ਬਲਕਿ ਦੇਸ਼ ਧ੍ਰੋਹ (124-ਏ), 153 ਏ, ਯੂ.ਏ.ਪੀ.ਏ., ਐੱਨ.ਐੱਸ.ਏ. ਅਤੇ ਦਫਾ 144 ਵਰਗੀਆਂ ਹੋਰ ਅਜਿਹੀਆਂ ਕਈ ਗੈਰ ਜਮਹੂਰੀ ਬਸਤੀਵਾਦੀ ਧਾਰਾਵਾਂ ਹਨ, ਜੋ ਬੁਨਿਆਦੀ ਨਾਗਰਿਕ ਹੱਕਾਂ ਨੂੰ ਖਤਮ ਕਰਕੇ ਹਕੂਮਤੀ ਜਬਰ ਕਰਨ ਦਾ ਖਤਰਨਾਕ ਹਥਿਆਰ ਬਣਦੀਆਂ ਹਨ। ਇਸ ਲਈ ਇਨ੍ਹਾਂ ਧਾਰਾਵਾਂ ਅਤੇ ਕਾਨੂੰਨਾਂ ਹੇਠ ਦਰਜ ਨਜਾਇਜ਼ ਕੇਸਾਂ ਨੂੰ ਕਿਸੇ ਵੀ ਤਰ੍ਹਾਂ ਸਹੀ ਨਹੀਂ ਠਹਿਰਾਇਆ ਜਾ ਸਕਦਾ ਅਤੇ ਅਦਾਲਤਾਂ ਨੂੰ ਅਜਿਹੇ ਝੂਠੇ ਕੇਸ ਦਰਜ ਕਰਨ ਅਤੇ ਕਰਵਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ।

ਅਜਿਹੀਆਂ ਫਿਰਕੂ ਹਕੂਮਤਾਂ ਕਾਲੇ ਕਾਨੂੰਨਾਂ ਦੇ ਹੱਥਕੰਡਿਆਂ ਰਾਹੀਂ ਪੰਜਾਬ ਸਮੇਤ ਸਮੁੱਚੇ ਦੇਸ਼ ਭਰ ਵਿਚ ਹਜੂਮੀ ਹਿੰਸਾ, ਦਹਿਸ਼ਤ ਅਤੇ ਡਰ ਦਾ ਫਿਰਕੂ ਮਾਹੌਲ ਸਿਰਜ ਰਹੀਆਂ ਹਨ ਤਾਂ ਕਿ ਲੁਟੇਰੇ ਰਾਜ ਪ੍ਰਬੰਧ ਹੇਠ ਜੋ ਕੁੱਝ ਵੀ ਗੈਰ-ਵਿਗਿਆਨਕ, ਗੈਰ-ਸੰਵਿਧਾਨਕ ਅਤੇ ਗੈਰ ਮਨੁੱਖੀ ਹੋ ਰਿਹਾ ਹੈ, ਇਸ ਉੱਤੇ ਕੋਈ ਵੀ ਜਾਗਰੂਕ ਨਾਗਰਿਕ, ਪੱਤਰਕਾਰ, ਸਮਾਜਿਕ ਕਾਰਕੁਨ, ਲੇਖਕ ਅਤੇ ਜਮਹੂਰੀ ਸੰਸਥਾ ਕੋਈ ਕਿੰਤੂ-ਪ੍ਰੰਤੂ ਅਤੇ ਵਿਗਿਆਨਕ ਸੁਆਲ ਖੜ੍ਹਾ ਨਾ ਕਰ ਸਕੇ ਜਾਂ ਉਸਾਰੂ ਆਲੋਚਨਾ ਨਾ ਕਰ ਸਕੇ। ਇਸ ਦੇ ਬਿਲਕੁਲ ਉਲਟ ਰੋਜ਼ਾਨਾ ਸਵੇਰੇ-ਸ਼ਾਮ ਧਾਰਮਿਕ ਸਥਾਨਾਂ ਤੋਂ ਉੱਚੀ ਆਵਾਜ਼ ਵਿਚ ਸਪੀਕਰ ਲਗਾ ਕੇ ਗੈਰ-ਧਾਰਮਿਕ ਅਤੇ ਨਾਸਤਿਕ ਲੋਕਾਂ ਦੀਆਂ ਮਨੁੱਖੀ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾਂਦੀ ਹੈ ਪਰ ਸ਼ਿਕਾਇਤ ਕਰਨ ਦੇ ਬਾਵਜੂਦ ਕਿਸੇ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ। ਅਜਿਹਾ ਵਿਤਕਰਾ ਕਿਉਂ?

ਪੁਲਸ ਵੱਲੋਂ ਅਕਸਰ ਤੱਥਾਂ ਦੀ ਜਾਂਚ-ਪੜਤਾਲ ਕੀਤੇ ਬਗੈਰ ਹੀ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਸਮਾਜ ਨੂੰ ਚੇਤਨ ਕਰਨ ਵਾਲੇ ਅਗਾਂਹਵਧੂ ਲੇਖਕਾਂ, ਪੱਤਰਕਾਰਾਂ ਅਤੇ ਸਮਾਜਿਕ ਕਾਰਕੁਨਾਂ ਖਿਲਾਫ ਧਾਰਾ 295 ਏ ਤਹਿਤ ਕੇਸ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਜਾਂਦਾ ਹੈ ਅਤੇ ਉਪਰੋਕਤ ਸਾਰੇ ਸਮਾਜਿਕ ਕਾਰਕੁਨਾਂ ਖਿਲਾਫ ਦਰਜ ਕੇਸ ਵੀ ਕੌਮੀ ਪੱਧਰ 'ਤੇ ਫਿਰਕੂ ਹਕੂਮਤਾਂ ਵੱਲੋਂ ਫਿਰਕੂ ਲਾਮਬੰਦੀ ਹੇਠ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ, ਵਕੀਲਾਂ ਅਤੇ ਤਰਕਸ਼ੀਲ ਸਮਾਜਿਕ ਕਾਰਕੁਨਾਂ ਦੀ ਕੀਤੀ ਜਾ ਰਹੀ ਜ਼ੁਬਾਨਬੰਦੀ ਦਾ ਹੀ ਹਿੱਸਾ ਹੈ। ਅਜਿਹੀ ਜ਼ੁਬਾਨਬੰਦੀ ਕਰਨ ਲਈ ਹੀ ਸੰਘ ਪੱਖੀ ਫਿਰਕੂ ਸੰਗਠਨਾਂ ਵੱਲੋਂ ਕੁੱਝ ਸਾਲ ਪਹਿਲਾਂ ਤਰਕਸ਼ੀਲ ਆਗੂਆਂ ਅਤੇ ਚਿੰਤਕਾਂ ਡਾ. ਦਾਭੋਲਕਰ, ਪ੍ਰੋ. ਕਲਬੁਰਗੀ, ਗੋਵਿੰਦ ਪਨਸਾਰੇ ਅਤੇ ਪੱਤਰਕਾਰ ਗੌਰੀ ਲੰਕੇਸ਼ ਦੀ ਹੱਤਿਆ ਕਰਵਾਈ ਗਈ ਸੀ, ਪਰ ਹਕੂਮਤੀ ਦਬਾਅ ਹੇਠ ਜ਼ਿੰਮੇਵਾਰ ਅਸਲ ਦੋਸ਼ੀਆਂ ਨੂੰ ਗ੍ਰਿਫਤਾਰ ਤੱਕ ਨਹੀਂ ਕੀਤਾ ਗਿਆ, ਸਜ਼ਾ ਦਿਵਾਉਣੀ ਤਾਂ ਬਹੁਤ ਵੱਡੀ ਅਤੇ ਦੂਰ ਦੀ ਗੱਲ ਹੈ।

ਮੋਦੀ ਸਰਕਾਰ ਵੱਲੋਂ ਅਯੁੱਧਿਆ ਵਿਚ 22 ਜਨਵਰੀ ਨੂੰ ਪ੍ਰਾਣ ਪ੍ਰਤਿਸ਼ਠਾ ਸਮਾਰੋਹ ਮੌਕੇ ਕੇਂਦਰ ਸਰਕਾਰ ਦੇ ਦਫਤਰਾਂ ਵਿਚ ਅੱਧੇ ਦਿਨ ਦੀ ਛੁੱਟੀ ਕਰਨ ਦਾ ਫੈਸਲਾ ਕੀਤਾ ਗਿਆ ਤਾਂ ਕਿ ਸਰਕਾਰੀ ਮੁਲਾਜ਼ਮ ਵੀ ਇਸ ਵਿਚ ਭਾਗ ਲੈ ਸਕਣ। ਲੱਗਭੱਗ ਸਾਰੀਆਂ ਹੀ ਸੂਬਾ ਸਰਕਾਰਾਂ ਅਤੇ ਵੱਡੇ ਪੂੰਜੀਪਤੀ ਅਦਾਰਿਆਂ ਵੱਲੋਂ ਵੀ ਇਸ ਦਿਨ ਆਪਣੇ ਮੁਲਾਜ਼ਮਾਂ ਨੂੰ ਛੁੱਟੀ ਕਰਨ ਦਾ ਐਲਾਨ ਕੀਤਾ ਗਿਆ। ਇਹ ਸਰਾਸਰ ਗੈਰ ਸੰਵਿਧਾਨਕ ਕਾਰਵਾਈ ਸੀ, ਕਿਉਂਕਿ ਇਹ ਵਿਸ਼ੇਸ਼ ਤੌਰ 'ਤੇ ਹਿੰਦੂ ਧਰਮ ਦਾ ਧਾਰਮਿਕ ਸਮਾਗਮ ਸੀ, ਪਰ ਮੋਦੀ ਅਤੇ ਯੋਗੀ ਸਰਕਾਰਾਂ ਵੱਲੋਂ ਇਸ ਨੂੰ ਸਰਕਾਰੀ ਸਮਾਗਮ ਬਣਾ ਕੇ ਇਸ ਨੂੰ ਇਕ ਵਿਸ਼ੇਸ਼ ਧਰਮ ਦੇ ਪੱਖ ਵਿਚ ਅਤੇ 2024 ਦੀਆਂ ਆਮ ਚੋਣਾਂ ਲਈ ਭਾਜਪਾ ਦੇ ਸਿਆਸੀ ਵੋਟ ਬੈਂਕ ਨੂੰ ਮਜ਼ਬੂਤ ਕਰਨ ਲਈ ਵਰਤਿਆ ਗਿਆ ਹੈ। ਇਕ ਸੰਵਿਧਾਨਕ ਪਦ ਉੱਤੇ ਹੁੰਦੇ ਹੋਏ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਇਸ ਦਾ ਉਦਘਾਟਨ ਕਰਨ ਦਾ ਕੋਈ ਸੰਵਿਧਾਨਕ ਅਤੇ ਨੈਤਿਕ ਹੱਕ ਨਹੀਂ ਸੀ ਅਤੇ ਇਹ ਸੰਵਿਧਾਨ ਵਿੱਚ ਦਰਜ ਧਰਮ ਨਿਰਪੱਖਤਾ ਅਤੇ ਬਰਾਬਰੀ ਦੇ ਸਿਧਾਂਤ ਦੇ ਉਲਟ ਵੀ ਸੀ। ਪ੍ਰਧਾਨ ਮੰਤਰੀ ਦੀ ਅਜਿਹੀ ਗੈਰ ਸੰਵਿਧਾਨਕ ਕਾਰਵਾਈ ਨਾਲ ਦੂਜੇ ਧਰਮਾਂ ਦੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਯਕੀਨਨ ਠੇਸ ਪੁੱਜੀ ਹੈ, ਪਰ ਕਿਸੇ ਵੀ ਵਿਰੋਧੀ ਸਿਆਸੀ ਪਾਰਟੀ ਨੇ ਇਸ ਉਤੇ ਸਖਤ ਇਤਰਾਜ਼ ਕਰਨ ਦੀ ਨੈਤਿਕਤਾ ਨਹੀਂ ਵਿਖਾਈ।




ਭਾਰਤੀ ਸੰਵਿਧਾਨ ਅਨੁਸਾਰ ਭਾਰਤੀ ਸਟੇਟ ਦਾ ਇਕ ਧਰਮ ਨਿਰਪੱਖ ਆਧਾਰ ਹੈ ਅਤੇ ਹਕੂਮਤਾਂ ਨੂੰ ਲੋਕਾਂ ਤੋਂ ਟੈਕਸਾਂ ਦੇ ਰੂਪ ਵਿਚ ਇਕੱਠੇ ਕੀਤੇ ਕਰੋੜਾਂ ਰੁਪਏ ਦੇ ਕੀਮਤੀ ਜਨਤਕ ਸਰਮਾਏ ਨੂੰ ਕਿਸੇ ਵੀ ਧਰਮ ਨੂੰ ਪ੍ਰੋਤਸ਼ਾਹਿਤ ਕਰਨ ਅਤੇ ਧਾਰਮਿਕ ਕਾਰਜਾਂ ਉਤੇ ਫਜ਼ੂਲ ਖਰਚ ਕਰਨ ਦਾ ਕੋਈ ਕਾਨੂੰਨੀ ਅਤੇ ਨੈਤਿਕ ਅਧਿਕਾਰ ਨਹੀਂ ਹੈ ਅਤੇ ਅਜਿਹਾ ਕਰਨਾ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਤਹਿਤ ਨਾਗਰਿਕਾਂ ਦੇ ਵਿਗਿਆਨਕ ਚੇਤਨਾ ਦੇ ਵਿਕਾਸ ਦੀ ਭਾਵਨਾ ਦੇ ਬਿਲਕੁਲ ਉਲਟ ਵੀ ਹੈ, ਜਿਸ ਤੋਂ ਆਮ ਲੋਕਾਂ ਨੂੰ ਸੁਚੇਤ ਕਰਨ ਦੀ ਲੋੜ ਹੈ।

ਵਿਸ਼ਵ ਵਪਾਰ ਸੰਸਥਾ ਦੇ ਦਬਾਅ ਹੇਠ ਲਾਗੂ ਕੀਤੀਆਂ ਜਾ ਰਹੀਆਂ ਕਾਰਪੋਰੇਟ ਪੱਖੀ ਆਰਥਿਕ ਨੀਤੀਆਂ ਕਾਰਨ ਇਕ ਪਾਸੇ ਦੇਸ਼ ਵਿਚ ਗਰੀਬੀ, ਭੁੱਖਮਰੀ, ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕਾਰਪੋਰੇਟ ਲੁੱਟ ਨੇ ਕਰੋੜਾਂ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ, ਜਨਤਕ ਅਦਾਰਿਆਂ ਅਤੇ ਜਨਤਕ ਸਰਮਾਏ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥ ਲੁਟਾਇਆ ਜਾ ਰਿਹਾ ਹੈ, ਹਰ ਸਾਲ ਲੱਖਾਂ ਹੀ ਕਿਸਾਨ, ਮਜ਼ਦੂਰ, ਬੇਰੁਜ਼ਗਾਰ ਨੌਜਵਾਨ ਆਰਥਿਕ ਨੀਤੀਆਂ ਤੋਂ ਤੰਗ ਆ ਕੇ ਖੁਦਕੁਸ਼ੀਆਂ ਕਰ ਰਹੇ ਹਨ, ਰੁਜ਼ਗਾਰ ਨਾ ਮਿਲਣ ਕਰਕੇ ਨੌਜਵਾਨ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ ਅਤੇ ਪਰਵਾਰ, ਸਮਾਜ, ਸੱਭਿਆਚਾਰ ਅਤੇ ਭਾਈਚਾਰਕ ਸਾਂਝ ਟੁੱਟ ਰਹੇ ਹਨ, ਪਰ ਇਸ ਦੇ ਬਿਲਕੁੱਲ ਉਲਟ ਮੌਜੂਦਾ ਕਾਰਪੋਰੇਟ ਪੱਖੀ ਫਿਰਕੂ ਹਕੂਮਤਾਂ ਵੱਲੋਂ ਆਮ ਲੋਕਾਂ ਅਤੇ ਜਮਹੂਰੀ ਜਨਤਕ ਜੱਥੇਬੰਦੀਆਂ ਦਾ ਧਿਆਨ ਉਨ੍ਹਾਂ ਦੇ ਬੁਨਿਆਦੀ ਮਸਲਿਆਂ ਤੋਂ ਪਾਸੇ ਲਿਜਾਣ ਲਈ ਦੇਸ਼ ਵਿਚ ਮੰਦਰ-ਮਸਜਿਦ, ਹਿੰਦੂ ਮੁਸਲਿਮ, ਭਾਰਤ-ਪਾਕਿਸਤਾਨ, ਲਵ ਜਿਹਾਦ, ਧਰਮ ਪਰਿਵਰਤਨ, ਨਾਗਰਿਕਤਾ ਸੋਧ ਕਾਨੂੰਨ, ਗਊ ਮਾਸ ਆਦਿ ਦੇ ਫਿਰਕੂ ਮੁੱਦਿਆਂ ਅਤੇ ਧਾਰਾ 295 ਏ ਦੀ ਦੁਰਵਰਤੋਂ ਹੇਠ ਫਿਰਕੂ ਨਫਰਤ ਫੈਲਾ ਕੇ ਲੋਕਾਂ ਨੂੰ ਧਰਮ, ਜਾਤ, ਇਲਾਕੇ ਅਤੇ ਧਾਰਮਿਕ ਸਥਾਨਾਂ ਦੇ ਝਗੜਿਆਂ ਰਾਹੀਂ ਫਿਰਕੂ ਦੰਗੇ ਫਸਾਦਾਂ ਵੱਲ ਧੱਕਿਆ ਜਾ ਰਿਹਾ ਹੈ।

ਪਿਛਲੇ ਤਿੰਨ ਦਹਾਕਿਆਂ ਤੋਂ ਭਾਜਪਾ ਸੰਘ ਪੱਖੀ ਫਿਰਕੂ ਸੰਗਠਨਾਂ ਵੱਲੋਂ ਇਕ ਯੋਜਨਾਬੱਧ ਸਾਜ਼ਿਸ਼ ਹੇਠ ਧਰਮ ਦੇ ਨਾਂਅ ਉੱਪਰ ਨਫਰਤ ਫੈਲਾਉਣਾ, ਲੋਕਾਂ ਨੂੰ ਭੜਕਾਉਣਾ, ਧਾਰਮਿਕ ਘੱਟਗਿਣਤੀਆਂ ਅਤੇ ਦਲਿਤਾਂ ਨੂੰ ਬੇਇੱਜ਼ਤ ਕਰਨਾ, ਉਹਨਾਂ ਖਿਲਾਫ ਹਿੰਸਾ ਕਰਵਾਉਣੀ ਅਤੇ ਉਨ੍ਹਾਂ ਦੇ ਧਾਰਮਿਕ ਸਥਾਨਾਂ, ਘਰਾਂ, ਦੁਕਾਨਾਂ, ਵਪਾਰ ਉਤੇ ਬੁਲਡੋਜ਼ਰ ਚਲਾਉਣ ਦੀ ਫਿਰਕੂ ਸਿਆਸਤ ਕੀਤੀ ਜਾ ਰਹੀ ਹੈ।

ਪਿਛਲੇ ਸਮੇਂ ਵਿੱਚ ਆਰ ਐੱਸ ਐੱਸ ਪੱਖੀ ਫਿਰਕੂ ਸੰਗਠਨਾਂ ਦੇ ਧਾਰਮਿਕ ਸਮਾਗਮਾਂ ਵਿੱਚ ਪੁਲਸ ਦੀ ਹਾਜ਼ਰੀ ਵਿਚ ਲੱਖਾਂ ਮੁਸਲਮਾਨਾਂ ਨੂੰ ਕਤਲ ਕਰਨ ਅਤੇ ਮੁਸਲਿਮ ਔਰਤਾਂ ਨਾਲ ਬਲਾਤਕਾਰ ਕਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ, ਪਰ ਅਦਾਲਤੀ ਦਖਲ ਦੇ ਬਾਵਜੂਦ ਅਜਿਹੇ ਕੱਟੜਪੰਥੀਆਂ ਖਿਲਾਫ ਕੋਈ ਸਖਤ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਇਸ ਲਈ ਮੌਜੂਦਾ ਹਕੂਮਤਾਂ ਨੂੰ ਨਾਗਰਿਕਾਂ ਦੇ ਆਜ਼ਾਦੀ, ਬਰਾਬਰੀ, ਵਿਕਾਸ, ਅਮਨ-ਸ਼ਾਂਤੀ ਅਤੇ ਸਮਾਜਿਕ ਨਿਆਂ ਦੇ ਜਮਹੂਰੀ ਹੱਕਾਂ ਦੀ ਰਾਖੀ ਯਕੀਨੀ ਬਣਾਉਣ ਲਈ 295 ਏ ਦੀ ਗੈਰ ਜਮਹੂਰੀ ਅਤੇ ਵਿਗਿਆਨਕ ਚੇਤਨਾ ਵਿਰੋਧੀ ਧਾਰਾ ਨੂੰ ਖਤਮ ਕਰਨ ਦੇ ਇਲਾਵਾ ਇਸ ਤਹਿਤ ਦਰਜ ਕੀਤੇ ਸਾਰੇ ਪਰਚੇ ਰੱਦ ਕਰਕੇ ਗ੍ਰਿਫਤਾਰ ਕੀਤੇ ਨਿਰਦੋਸ਼ ਵਿਅਕਤੀਆਂ ਨੂੰ ਰਿਹਾਅ ਕਰਨਾ ਚਾਹੀਦਾ ਹੈ ਅਤੇ ਅਜਿਹੀਆਂ ਹੋਰ ਗੈਰ ਜਮਹੂਰੀ ਧਾਰਾਵਾਂ ਅਤੇ ਯੂ ਏ ਪੀ ਏ, ਐੱਨ ਐੱਸ ਏ, ਐਫਸਪਾ ਅਤੇ ਦੇਸ਼ ਧ੍ਰੋਹ ਜਿਹੇ ਬਸਤੀਵਾਦੀ ਕਾਲੇ ਕਾਨੂੰਨਾਂ ਨੂੰ ਭਾਰਤੀ ਦੰਡਾਵਲੀ 'ਚੋਂ ਮੁੱਢੋਂ ਖਤਮ ਕਰਨਾ ਚਾਹੀਦਾ ਹੈ।

ਬੇਸ਼ੱਕ ਤਰਕਸ਼ੀਲ ਸੁਸਾਇਟੀ ਪੰਜਾਬ ਅਤੇ ਜਮਹੂਰੀ ਅਧਿਕਾਰ ਸਭਾ ਵੱਲੋਂ ਤਿੰਨ ਦਰਜਨ ਲੋਕ ਪੱਖੀ ਜਨਤਕ ਜਥੇਬੰਦੀਆਂ ਦੇ ਸਹਿਯੋਗ ਨਾਲ 27 ਫਰਵਰੀ ਨੂੰ ਜਲੰਧਰ ਵਿਖੇ ਕਰਵਾਈ ਗਈ ਵਿਸ਼ਾਲ ਸਾਂਝੀ ਕਨਵੈਨਸ਼ਨ ਅਤੇ ਰੋਸ ਮਾਰਚ ਰਾਹੀਂ ਮੌਜੂਦਾ ਹਕੂਮਤਾਂ, ਫਿਰਕੂ ਸੰਗਠਨਾਂ

ਅਤੇ ਪੰਜਾਬ ਪੁਲਸ ਨੂੰ ਇਹ ਸੁਨੇਹਾ ਮਿਲ ਗਿਆ ਹੋਵੇਗਾ ਕਿ ਪੰਜਾਬ ਪੁਲਸ ਵੱਲੋਂ ਫਿਰਕੂ ਸੰਗਠਨਾਂ ਦੇ ਦਬਾਅ ਹੇਠ ਜਮਹੂਰੀ, ਤਰਕਸ਼ੀਲ ਅਤੇ

ਸਮਾਜਿਕ ਕਾਰਕੁਨਾਂ ਦੇ ਖਿਲਾਫ ਧਾਰਾ 295 ਅਤੇ 295 ਏ ਸਮੇਤ ਕਿਸੇ ਵੀ ਤਰ੍ਹਾਂ ਦੀ ਧੱਕੇਸ਼ਾਹੀ ਨੂੰ ਜਮਹੂਰੀ ਤਾਕਤਾਂ ਵੱਲੋਂ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਪਰ ਇਸ ਜੱਥੇਬੰਦਕ ਇਕਜੁੱਟਤਾ ਅਤੇ ਸੰਘਰਸ਼ ਨੂੰ ਹੋਰ ਅੱਗੇ ਵਧਾਉਣ ਲਈ ਦੂਜੇ ਲੋਕ ਪੱਖੀ ਮੁੱਦਿਆਂ ਅਤੇ ਹੋਰਨਾਂ ਖੇਤਰਾਂ ਤੱਕ ਫੈਲਾਉਣ ਦੀ ਵੀ ਲੋੜ ਹੈ।

ਇਸ ਸੰਬੰਧੀ ਪੰਜਾਬ ਸਮੇਤ ਦੇਸ਼ ਦੀਆਂ ਸਮੂਹ ਲੋਕ ਪੱਖੀ ਜਮਹੂਰੀ, ਅਗਾਂਹਵਧੂ ਅਤੇ ਇਨਸਾਫ-ਪਸੰਦ ਜਨਤਕ ਜੱਥੇਬੰਦੀਆਂ ਨੂੰ ਜਮਹੂਰੀ ਹੱਕਾਂ ਦੀ ਰਾਖੀ ਲਈ ਮੁਨਾਫਾਖੋਰ ਕਾਰਪੋਰੇਟ ਘਰਾਣਿਆਂ ਅਤੇ ਫਿਰਕੂ ਹਕੂਮਤਾਂ ਖਿਲਾਫ ਸਾਂਝੀ ਜਮਹੂਰੀ ਜਨਤਕ ਲਹਿਰ ਉਸਾਰ ਕੇ ਲਗਾਤਾਰ ਆਵਾਜ਼ ਬੁਲੰਦ ਕਰਨ ਅਤੇ ਫੈਸਲਾਕੁੰਨ ਸੰਘਰਸ਼ ਕਰਨ ਦੀ ਲੋੜ ਹੈ। ਮੌਜੂਦਾ ਸਮਾਂ ਸਾਧਨ ਵਿਹੂਣੇ ਆਮ ਲੋਕਾਂ ਸਮੇਤ ਸਮੂਹ ਵਰਗਾਂ ਦੇ ਲੋਕਾਂ ਨੂੰ ਸਮਾਜਿਕ ਅਤੇ ਰਾਜਸੀ ਤੌਰ 'ਤੇ ਚੇਤਨ ਕਰਨ ਅਤੇ ਜੱਥੇਬੰਦਕ ਸੰਘਰਸ਼ਾਂ ਨੂੰ ਹੋਰ ਤਿੱਖਿਆਂ ਕਰਨ ਦਾ ਹੈ ਤਾਂ ਕਿ ਫਿਰਕੂ ਅਤੇ ਕਾਰਪੋਰੇਟ ਪੱਖੀ ਤਾਕਤਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾ ਸਕੇ।

ਮੋਬਾ. 76960-30173

ਅਰਤਿੰਦਰ ਸੰਧੂ

## ਔਰਤਾਂ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨਾਂ ਕਾਰਨ ਆਈਆਂ ਤਬਦੀਲੀਆਂ



ਨਾਰੀ ਦਿਵਸ ਦੇ ਹਵਾਲੇ ਨਾਲ ਆਪਣੇ ਦੇਸ਼ ਵਿਚ ਔਰਤ ਦੀ ਸਮਾਜ ਵਿੱਚ ਵਰਤਮਾਨ ਸਥਿਤੀ ਬਾਰੇ ਸੋਚਦਿਆਂ ਸੋਚ ਇੱਕ ਸਦੀ ਤੋਂ ਵੀ ਵਧੇਰੇ ਪਿੱਛੇ ਸੰਨ ਉੱਨੀ ਸੌ ਦਸ ਤੱਕ ਪਰਤਦੀ ਹੈ। ਸਾਰਾ ਸੰਸਾਰ ਜਾਣਦਾ ਹੈ ਕਿ ਇਸ ਵੇਲੇ ਅਮਰੀਕਾ ਵਿਚ ਕਲਾਰਾ ਜੈਟਕਿਨ ਤੇ ਉਸ ਦੇ ਸਾਥੀਆਂ/ਸਾਥਣਾਂ ਵੱਲੋਂ ਨਾਰੀ ਦਿਵਸ ਦੀ ਪਰਿਭਾਸ਼ਾ ਬੁਣੀ ਜਾ ਰਹੀ ਸੀ, ਪਰ ਹਿੰਦੁਸਤਾਨ ਵਿਚ ਸਦੀਆਂ ਤੋਂ ਮਨੂੰਸਮ੍ਰਿਤੀ ਦੇ ਦਿੱਤੇ ਗਏ ਕਾਨੂੰਨਾਂ ਵਰਗੇ ਕਾਇਦਿਆਂ 'ਤੇ ਚੱਲਦੇ ਸਮਾਜ ਦੀ ਨਪੀੜੀ ਹੋਈ ਆਮ ਔਰਤ ਇਸ ਤਰ੍ਹਾਂ ਦਾ ਸੁਪਨਾ ਵੀ ਨਹੀਂ ਸੀ ਲੈ ਸਕਦੀ। ਦੇਸ਼ ਦੇ ਆਜ਼ਾਦ ਹੋਣ ਤੋਂ ਪਿੱਛੋਂ ਨਵਾਂ ਸੰਵਿਧਾਨ (ਜੋ ਭਾਰਤੀ ਲੋਕਤੰਤਰ ਦੀ ਨੀਂਹ ਹੈ) ਗਠਿਤ ਹੋਣ ਵੇਲੇ ਤੋਂ ਦੇਸ਼ ਦੇ ਸਾਰੇ ਵਰਗਾਂ ਤੇ ਸਮਾਨ ਰੂਪ ਨਾਲ ਲਾਗੂ ਹੋਣਾ ਨਿਸ਼ਚਿਤ ਹੈ। ਇਹਨਾਂ ਸਾਰੇ ਵਰਗਾਂ ਵਿਚ ਬਿਨਾਂ ਸ਼ੱਕ ਨਾਰੀ ਵਰਗ ਵੀ ਸ਼ਾਮਲ ਸੀ, ਜਿਨ੍ਹਾ ਵਾਸਤੇ ਬਰਾਬਰੀ, ਆਜ਼ਾਦੀ ਤੇ ਅਧਿਕਾਰ ਬਰਾਬਰ ਸਮਝੇ ਜਾਣੇ ਸਨ। ਡਾ. ਅੰਬੇਦਕਰ ਵੱਲੋਂ ਕਿਰਤ ਮੰਤਰੀ ਹੁੰਦਿਆਂ ਨਾਰੀ ਜਾਤੀ ਪ੍ਰਤੀ ਅਸਮਾਨਤਾ ਦੂਰ ਕਰਨ ਵਾਸਤੇ ਕੁਝ ਯਤਨ ਕੀਤੇ ਵੀ ਗਏ ਸਨ। ਸੰਵਿਧਾਨ ਬਣਨ ਵੇਲੇ ਇੱਕ ਚੰਗੀ ਗੱਲ ਇਹ ਸੀ ਕਿ ਸੰਵਿਧਾਨ ਸਭਾ ਵਿਚ ਪੰਦਰਾਂ ਔਰਤਾਂ ਵੀ ਸ਼ਾਮਲ ਸਨ, ਜਿਵੇਂ ਦੁਰਗਾਬਾਈ ਦੇਸਮੁੱਖ, ਰਾਜਕੁਮਾਰੀ ਅੰਮ੍ਰਿਤ ਕੌਰ, ਹੰਸਾ ਮਹਿਤਾ, ਸੁਚੇਤਾ ਕ੍ਰਿਪਲਾਨੀ, ਸਰੋਜਨੀ ਨਾਇਡੂ ਤੇ ਵਿਜੈ ਲਕਸ਼ਮੀ ਪੰਡਿਤ ਤੇ ਹੋਰ ਸਿਰਕੱਢ ਔਰਤਾਂ। ਉਹਨਾ ਔਰਤਾਂ ਵਿਚ ਕੇਰਲ ਤੋਂ ਇੱਕ ਔਰਤ ਦਖਸ਼ਿਆਨੀ ਵੇਲਾਯੁੱਧਨ ਸੀ। ਇਹ ਉਸ ਦਲਿਤ ਜਾਤੀ ਪੁਲਾਇਆ ਨਾਲ ਸੰਬੰਧ ਰੱਖਦੀ ਸੀ, ਜਿਸ ਦੀਆਂ ਔਰਤਾਂ ਨੂੰ ਸਮਾਜ ਦੇ ਉੱਚ ਵਰਗਾਂ ਵੱਲੋਂ ਬਲਾਊਜ਼ ਪਾਉਣ ਦੀ ਮਨਾਹੀ ਸੀ। ਇਹ ਸ਼ਰਮਨਾਕ ਰਸਮ ਜਾਂ ਹੁਕਮ ਨੂੰ ਵੀ ਪੁਲਾਇਆ ਸਮਾਜ ਦੀ ਇੱਕ ਔਰਤ ਨਾਨਗੇਲੀ ਦੀ ਕੁਰਬਾਨੀ ਪਿੱਛੋਂ ਹੀ ਸਮਾਜ ਵੱਲੋਂ ਜ਼ੋਰਦਾਰ ਮੁਜ਼ਾਹਰਿਆਂ ਤੋਂ ਬਾਅਦ ਹੀ ਬੰਦ ਕੀਤਾ ਗਿਆ ਸੀ। ਸੰਵਿਧਾਨ ਸਭਾ ਵਿਚ ਸ਼ਾਮਲ ਦਖਸ਼ਿਆਨੀ ਵੇਲਾਯੁੱਧਨ ਇਸੇ ਪੁਲਾਇਆ ਜਾਤੀ ਦੀਆਂ ਔਰਤਾਂ ਦੀ ਪਹਿਲੀ ਪੀੜ੍ਹੀ ਸੀ, ਜਿਨ੍ਹਾ ਨੇ ਬਲਾਊਜ਼ ਪਾਇਆ ਸੀ।

ਉੱਨੀ ਸੌ ਪੰਜਾਹ ਵਿਚ ਸੰਵਿਧਾਨ ਲਾਗੂ ਹੋ ਗਿਆ, ਜਿਸ ਅਨੁਸਾਰ ਔਰਤ ਵੀ ਚੋਣ ਲੜ ਸਕਦੀ ਸੀ, ਪਰੰਤੂ ਸਮਾਜ ਦੀ ਮਾਨਸਿਕਤਾ ਨਹੀਂ ਸੀ ਬਦਲੀ। ਇਸ ਕਰਕੇ ਕਾਨੂੰਨ ਹੋਣ ਦੇ ਬਾਵਜੂਦ ਔਰਤ ਨਾਲ ਕੋਈ ਜ਼ਿਆਦਤੀ ਹੋਣ ਦੇ ਬਾਵਜੂਦ ਸਮਾਜ ਵੱਲੋਂ ਨਫਰਤ ਤੇ ਬਦਨਾਮੀ ਦਾ ਸ਼ਿਕਾਰ ਵੀ ਉਸੇ ਨੂੰ ਹੀ ਹੋਣਾ ਪੈ ਜਾਂਦਾ ਸੀ। ਜੇ ਕਿਸੇ ਔਰਤ ਨਾਲ ਬਲਾਤਕਾਰ ਹੋ ਜਾਂਦਾ ਤਾਂ ਉਸ ਨੂੰ ਅਦਾਲਤ ਵਿਚ ਵਿਰੋਧੀ ਧਿਰ ਦੇ ਵਕੀਲ ਵੱਲੋਂ ਅਜਿਹੇ ਸਵਾਲ ਪੁੱਛੇ ਜਾਂਦੇ ਕਿ ਉਸ ਨੂੰ ਭਰੀ ਅਦਾਲਤ ਵਿਚ ਆਪਣੇ ਨਾਲ ਹੋਈ ਜ਼ਿਆਦਤੀ ਸਾਬਤ ਕਰਨ ਵਾਸਤੇ ਕਾਫੀ ਸ਼ਰਮਸਾਰ ਤੇ ਜ਼ਲੀਲ ਹੋਣਾ ਪੈਂਦਾ ਸੀ। ਇਸ ਵਾਸਤੇ ਔਰਤਾਂ ਤੇ ਉਹਨਾ ਦੇ ਪਰਵਾਰ ਚੁੱਪ ਰਹਿ ਕੇ ਇਸ ਜ਼ਿਆਦਤੀ ਨੂੰ ਅੰਦਰੇ-ਅੰਦਰ ਪੀ ਜਾਂਦੇ ਸਨ, ਪਰ ਸੰਵਿਧਾਨ ਦੀ ਤਾਕਤ ਦੇ ਆਧਾਰ 'ਤੇ ਔਰਤਾਂ ਵੱਲੋਂ ਸੰਘਰਸ਼ਾਂ ਦਾ ਇੱਕ ਦੌਰ ਉੱਨੀ ਸੌ ਸੱਤਰ ਵਿਚ ਸ਼ੁਰੂ ਹੋ ਗਿਆ ਸੀ। ਇੱਕ ਕੇਸ ਜਿਹੜਾ ਇੱਕ ਮਹੱਤਵਪੂਰਨ ਕਾਨੂੰਨ ਦੇ ਬਦਲਾਅ ਦਾ ਕਾਰਨ ਬਣਿਆ, ਇੱਕ ਸੋਲ਼ਾਂ ਸਾਲਾਂ ਦੀ ਲੜਕੀ ਮਥਰਾ ਦਾ ਸੀ। ਉੱਨੀ ਸੌ ਬਹੱਤਰ ਵਿਚ ਮਹਾਂਰਾਸ਼ਟਰ ਦੇ ਗੜ੍ਹਚਿਰੋਲੀ ਜ਼ਿਲ੍ਹੇ ਦੀ ਇੱਕ ਲੜਕੀ ਮਥਰਾ ਮਡਾਵੀ ਆਪਣੇ ਭਰਾ ਨਾਲ ਉਸ ਦੇ ਦੋਸਤ ਦੇ ਖਿਲਾਫ ਕੀਤੀ ਸ਼ਿਕਾਇਤ ਦੇ ਕੇਸ ਵਿਚ ਬਿਆਨ ਦੇਣ ਵਾਸਤੇ ਦੇਸਾਈਗੰਜ ਠਾਣੇ ਗਈ। ਉੱਥੇ ਠਾਣੇ ਦੀ ਚਾਰਦੀਵਾਰੀ ਦੇ ਅੰਦਰ ਹੀ ਦੋ ਸਿਪਾਹੀਆਂ ਨੇ ਉਸ ਨਾਲ ਬੇਹੁਰਮਤੀ ਕੀਤੀ। ਇਸ ਘਟਨਾ ਦੇ ਵਿਰੋਧ ਵਿਚ ਉੱਥੋਂ ਦੇ ਲੋਕਾਂ ਵੱਲੋਂ ਕੀਤੇ ਹੰਗਾਮੇ ਤੋਂ ਬਾਅਦ ਕੇਸ ਤਾਂ ਦਰਜ ਹੋਇਆ, ਪਰ ਦੋ ਸਾਲ ਪਿੱਛੋਂ ਹੋਏ ਫੈਸਲੇ ਵਿਚ ਹੇਠਲੀ ਅਦਾਲਤ ਨੇ ਦੋਹਾਂ ਦੋਸ਼ੀਆਂ ਨੂੰ ਇਸ ਬਹਾਨੇ ਛੱਡ ਦਿੱਤਾ ਕਿ ਮਥਰਾ ਸੈਕਸ ਦੀ ਆਦੀ ਸੀ, ਉਸ ਨੇ ਕੋਈ ਹੰਗਾਮਾ ਨਹੀਂ ਕੀਤਾ। ਬੰਬਈ ਦੀ ਅਦਾਲਤ ਨੇ ਦੋਸ਼ੀਆਂ ਖਿਲਾਫ ਫੈਸਲਾ ਦਿੱਤਾ, ਪਰ ਸੁਪਰੀਮ ਕੋਰਟ ਨੇ ਫਿਰ ਫੈਸਲਾ ਉਲਟਾ ਕੇ ਦੋਵਾਂ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ। ਦੋਸ਼ੀਆਂ ਵੱਲੋਂ ਵਕੀਲ ਸਨ-ਮਸ਼ਹੂਰ ਵਕੀਲ ਰਾਮ ਜੇਠਮਲਾਨੀ। ਇਸ ਤੋਂ ਪਿੱਛੋਂ ਦੇਸ਼ ਭਰ ਵਿਚ ਮਹਿਲਾ ਅੰਦੋਲਨ ਸ਼ੁਰੂ ਹੋਏ ਤੇ ਉੱਨੀ ਸੌ ਤਰਿਆਸੀ ਵਿਚ ਕਾਨੂੰਨ ਨੂੰ ਸੰਵੇਦਨਸ਼ੀਲ ਬਣਾਇਆ ਜਾ ਸਕਿਆ। ਬਲਾਤਕਾਰ ਦੀ ਧਾਰਾ 376 ਵਿੱਚ ਚਾਰ ਧਾਰਾਵਾਂ ਏ.ਬੀ.ਸੀ. ਤੇ ਡੀ. ਨੂੰ ਜੋੜ ਕੇ ਹਿਰਾਸਤ ਵਿਚ ਬਲਾਤਕਾਰ ਵਾਸਤੇ ਸਜ਼ਾ ਦਾ ਵਿਧਾਨ ਲਾਗੂ ਕੀਤਾ ਗਿਆ। ਹੁਣ ਕਾਨੂੰਨ ਅਨੁਸਾਰ ਮਰਦ ਨੂੰ ਆਪਣੇ-ਆਪ ਨੂੰ ਨਿਰਦੋਸ਼ ਸਿੱਧ ਕਰਨ ਵਾਸਤੇ ਦਲੀਲਾਂ ਦੇਣ ਦੀ ਜ਼ਿੰਮੇਵਾਰੀ ਪਾ ਦਿੱਤੀ ਗਈ।

ਜੇ ਔਰਤਾਂ ਦੇ ਸੰਘਰਸ਼ਾਂ ਦੀ ਗੱਲ ਕਰੀਏ ਤਾਂ ਇਹਨਾ ਦੀ ਨੀਂਹ ਅਸਲ ਵਿਚ ਉੱਨੀ ਸੌ ਚੁਹੱਤਰ ਵਿਚ ਹੀ ਧਰੀ ਗਈ ਸੀ, ਜਦੋਂ ਮਥੁਰਾ ਕੇਸ ਵਿਚ ਲੜਕੀ ਨਾਲ ਬੇਇਨਸਾਫੀ ਦੇ ਵਿਰੁੱਧ ਔਰਤਾਂ ਸੰਗਠਿਤ ਹੋਣੀਆਂ ਸ਼ੁਰੂ ਹੋਈਆਂ ਤੇ ਕਈ ਸਾਲਾਂ ਬਾਅਦ ਕੇਸ ਔਰਤਾਂ ਦੇ ਹੱਕ ਵਿਚ ਬਣਿਆ।

ਔਰਤਾਂ ਵੱਲੋਂ ਸ਼ੁਰੂ ਕੀਤਾ ਤੇ ਸਫਲ ਹੋਇਆ ਇੱਕ ਅੰਦੋਲਨ ਸੱਤਰਵੇਂ-ਅੱਸੀਵੇਂ ਦਹਾਕੇ ਦਾ ਹੈ। ਇੱਕ ਮਹੱਤਵਪੂਰਨ ਸੰਘਰਸ਼ ਜੋ ਬੋਧਗਯਾ ਵਿਚ ਹੋਇਆ, ਦੇ ਦੌਰਾਨ ਇੱਕ ਔਰਤ ਮਾਂਜਰ ਦੇਵੀ ਦਾ ਨਾਂਅ ਸੁਰਖੀਆਂ ਵਿਚ ਰਿਹਾ, ਕਿਉਂਕਿ ਉਹ ਹੋਰ ਔਰਤਾਂ ਦੇ ਨਾਲ ਇਸ ਅੰਦੋਲਨ ਵਾਸਤੇ ਪ੍ਰਮੁੱਖ ਭੂਮਿਕਾ ਵਿਚ ਰਹੀ ਸੀ। ਬੋਧਗਯਾ ਦੇ ਸ਼ੰਕਰ ਮੱਠ ਨੂੰ ਇੱਕ ਸਮੇਂ ਸ਼ੇਰ ਸ਼ਾਹ ਸੂਰੀ ਦੇ ਪਰਵਾਰ ਵੱਲੋਂ 150 ਏਕੜ ਜ਼ਮੀਨ ਦਿੱਤੀ ਗਈ ਸੀ। ਬਾਅਦ ਵਿਚ ਇਸ ਜ਼ਮੀਨ ਦਾ ਫੈਲਾਅ ਤੀਹ ਹਜ਼ਾਰ ਏਕੜ ਤੋਂ ਵੀ ਵਧੇਰੇ ਫੈਲ ਗਿਆ। ਇਲਾਕੇ ਦੇ ਦਲਿਤ ਖਾਸ ਕਰਕੇ ਭੁਈਆਂ ਜਾਤੀ ਦੇ ਦਲਿਤ ਮੱਠ ਦੀਆਂ ਜ਼ਮੀਨਾਂ 'ਤੇ ਬਾਂਧ ਦੇ ਮਜ਼ਦੂਰਾਂ ਵਾਂਗ ਕੰਮ ਕਰਦੇ ਸਨ। ਇੱਥੋਂ ਦੇ ਕੁਝ ਇਲਾਕਿਆਂ ਵਿੱਚ ਮੱਠ ਦੀਆਂ ਨਿੱਜੀ ਕਚਹਿਰੀਆਂ ਰਾਹੀਂ ਮਜ਼ਦੂਰਾਂ 'ਤੇ ਕੰਟਰੋਲ ਰੱਖਿਆ ਜਾਂਦਾ ਸੀ। ਉਸ ਦੇ ਖਿਲਾਫ ਕੁਝ ਅੰਦੋਲਨ ਸ਼ੁਰੂ ਤਾਂ ਹੋਏ, ਪਰ ਵੱਖ-ਵੱਖ ਕਾਰਨਾਂ ਕਰਕੇ ਅਸਫਲ ਹੁੰਦੇ ਰਹੇ। ਉੱਨੀ ਸੌ ਇਕਾਸੀ ਤੋਂ ਉੱਨੀ ਸੌ ਸਤਾਸੀ ਤੱਕ ਪੈਂਤੀ ਹਜ਼ਾਰ ਵਿਘੇ ਜ਼ਮੀਨ ਜ਼ਮੀਨ ਤੋਂ ਵਿਰਵੇ ਲੋਕਾਂ ਵਿਚਕਾਰ ਵੰਡ ਦਿੱਤੀ ਗਈ। ਜਦੋਂ ਜ਼ਮੀਨਾਂ ਵੰਡੀਆਂ ਜਾਣ ਲੱਗੀਆਂ ਤਾਂ ਉਹ ਪਰਵਾਰ ਦੇ ਮਰਦਾਂ ਦੇ ਨਾਂਅ 'ਤੇ ਦਿੱਤੀਆਂ ਜਾਣ ਲੱਗ ਪਈਆਂ। ਔਰਤਾਂ ਨੇ ਫਿਰ ਇਸ ਵਾਸਤੇ ਸੰਘਰਸ਼ ਕੀਤਾ ਤਾਂ ਕਿਹਾ ਜਾਣ ਲੱਗਾ ਕਿ ਮਰਦ ਹੀ ਪਰਵਾਰ ਦਾ ਮੁਖੀ ਹੁੰਦਾ ਹੈ ਤੇ ਔਰਤਾਂ ਖੇਤੀ ਨਾਲ ਜੁੜੇ ਕੰਮਾਂਕਾਰਾਂ ਵਾਸਤੇ ਬਾਹਰ ਵੀ ਨਹੀਂ ਜਾ ਸਕਦੀਆਂ। ਇਸ 'ਤੇ ਔਰਤਾਂ ਨੇ ਦਲੀਲ ਦਿੱਤੀ ਕਿ ਫਿਰ ਅਸੀਂ ਖੇਤਾਂ ਵਿਚ ਕਿਸ ਤਰ੍ਹਾਂ ਕੰਮ ਕਰਦੀਆਂ ਰਹਿੰਦੀਆਂ ਹਾਂ ? ਬਿਜਾਈ, ਗੋਡੀ ਤੇ ਫਸਲ ਦੀ ਕਟਾਈ ਆਦਿ ਤਾਂ ਉੱਥੇ ਔਰਤਾਂ ਹੀ ਕਰਦੀਆਂ ਸਨ। ਆਖਰ ਉਹਨਾ ਨੇ ਅਫਸਰਾਂ ਦਾ ਘਿਰਾਓ ਕੀਤਾ, ਉਹਨਾ ਨੂੰ ਆਪਣੀ ਗੱਲ ਸੁਣਨ ਵਾਸਤੇ ਮਜਬੂਰ ਕੀਤਾ ਤਾਂ ਕਿਤੇ ਜਾ ਕੇ ਉਹਨਾ ਦੀ ਗੱਲ ਸੁਣੀ ਗਈ ਤੇ ਉੱਥੇ ਔਰਤਾਂ ਨੂੰ ਵੀ ਜ਼ਮੀਨ ਮਿਲਣੀ ਸ਼ੁਰੂ ਹੋਈ।

ਜ਼ਮੀਨ ਦੀ ਵੰਡ ਸਮੇਂ ਮਾਂਜਰ ਦੇਵੀ ਨੇ ਇਹ ਮੰਨ ਕੇ ਸਭ ਨੂੰ ਪਹਿਲਾਂ ਜ਼ਮੀਨਾਂ ਦੁਆਈਆਂ ਕਿ ਉਹ ਤਾਂ ਇਸ ਅੰਦੋਲਨ ਕਰਨ ਵਾਲਿਆਂ ਵਿਚ ਮੋਹਰੀ ਰਹੀ ਹੈ। ਆਖਰ ਵਿਚ ਉਸ ਨੂੰ ਦੋ ਵਿਘੇ ਜ਼ਮੀਨ ਮਿਲੀ ਤਾਂ ਸਹੀ, ਪਰ ਆਲੇ-ਦੁਆਲੇ ਦੇ ਤਕੜੇ ਲੋਕਾਂ ਨੇ ਮਾਂਜਰ ਦੇਵੀ ਦੇ ਇਸ ਸੰਘਰਸ਼ ਵਿਚ ਨੇਤਾ ਹੋਣ ਕਰਕੇ ਉਸ ਦੇ ਪੂਰੇ ਪਰਵਾਰ 'ਤੇ ਡਕੈਤੀ ਦਾ ਮੁਕੱਦਮਾ ਕਰਵਾ ਦਿੱਤਾ। ਇਸ ਕਾਰਨ ਉਸ ਦੀ ਜ਼ਮੀਨ ਦਾ ਬਹੁਤਾ ਹਿੱਸਾ ਮੁਕੱਦਮਿਆਂ ਵਿਚ ਹੀ ਮੁੱਕ ਗਿਆ।

ਇੱਕ ਪੱਤਰਕਾਰ ਮਥੁਰਾ ਨੂੰ ਤੇ ਮਾਂਜਰ ਦੇਵੀ ਨੂੰ ਮਿਲਣ ਗਿਆ। ਮਥੁਰਾ ਬਹੁਤ ਗਰੀਬੀ ਵਿਚ ਆਪਣੇ ਪਰਵਾਰ ਨਾਲ ਰਹਿ ਰਹੀ ਹੈ। ਉਹ ਲਗਾਤਾਰ ਖੰਘਦੀ ਹੈ ਤੇ ਖੇਤਾਂ ਵਿਚ ਥੋੜ੍ਹੀ-ਬਹੁਤ ਮਜ਼ਦੂਰੀ ਕਰਦੀ ਹੈ। ਉਸ ਨੂੰ ਜਦੋਂ ਪੱਤਰਕਾਰ ਨੇ ਪੁੱਛਿਆ ਕਿ ਉਸ ਨੂੰ ਕਦੇ ਉਹ ਲੀਡਰ ਔਰਤਾਂ ਮਿਲਣ ਆਉਂਦੀਆਂ ਹਨ, ਜਿਹੜੀਆਂ ਉਸ ਦੇ ਮੁਕੱਦਮੇ ਵੇਲੇ ਖਬਰਾਂ ਵਿੱਚ ਰਹੀਆਂ ਸਨ। ਮਥੁਰਾ ਨੇ ਕਿਹਾ ਕਿ ਕੋਈ ਨਹੀਂ ਪੁੱਛਣ ਆਉਂਦਾ। ਕਦੇ-ਕਦੇ ਕੋਈ ਲੀਡਰ ਕਿਸਮ ਦਾ ਆਦਮੀ ਜਾਂ ਔਰਤ ਪੰਜ ਸੌ ਰੁਪਏ ਦੇ ਕੇ ਫੋਟੋ ਖਿਚਵਾਉਣ ਵਾਸਤੇ ਆ ਜਾਂਦੇ ਹਨ ਤੇ ਮੈਂ ਉਹਨਾ ਨੂੰ ਭਜਾ ਦੇਂਦੀ ਹਾਂ।

ਫਿਰ ਉਹ ਹੁਣ ਤੁਰਨ-ਫਿਰਨ ਤੋਂ ਲਾਚਾਰ ਤੇ ਗਰੀਬੀ ਵਿੱਚ ਰਹਿ ਰਹੀ ਮਾਂਜਰ ਦੇਵੀ ਨੂੰ ਵੀ ਮਿਲਿਆ। ਉਸ ਨੇ ਵੀ ਕਿਹਾ ਕਿ ਧੰਨਬਾਦ ਤੋਂ ਸਿਰਫ ਅੰਜਲੀ ਨਾਂਅ ਵਾਲੀ ਇੱਕ ਨੇਤਾ ਮਿਲਦੀ ਹੈ, ਹੋਰ ਕੋਈ ਨਹੀਂ ਮਿਲਦਾ, ਪਰ ਉਸ ਨੂੰ ਇਸ ਸੰਘਰਸ਼ ਨਾਲ ਮੋਹਰੀ ਹੋ ਕੇ ਲੜਨ ਦਾ ਮਾਣ ਜ਼ਰੂਰ ਹੈ।

ਜਿਹੜੀਆਂ ਮੱਧ ਵਰਗੀ ਤੇ ਅਮੀਰ ਔਰਤਾਂ ਮਥੁਰਾ ਤੇ ਮਾਂਜਰ ਦੇਵੀ ਦੇ ਸੰਘਰਸ਼ ਦੌਰਾਨ ਸਾਥ ਦੇਂਦੀਆਂ ਰਹੀਆਂ ਸਨ, ਉਹ ਸਾਰੀਆਂ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾਵਾਂ ਵਿਚ ਅਹਿਮ ਸਥਾਨਾਂ 'ਤੇ ਹਨ, ਪਰ ਜਿਹੜੀਆਂ ਔਰਤਾਂ ਮੁੱਦੇ ਰਹੀਆਂ, ਜਿਨ੍ਹਾਂ ਕਾਰਨ ਵੱਡੇ ਫੈਸਲੇ ਹੋਏ, ਉਹ ਮੰਦੇ ਹਾਲਾਤ ਵਿੱਚ ਜੀ ਰਹੀਆਂ ਹਨ।

ਮੋਬਾ. 98153-02081

# ਇਸ ਲੋਕ ਸਭਾ ਚੋਣ ਪਿੱਛੋਂ ਕਿਹੋ ਜਿਹਾ ਹੋ ਸਕਦੈ ਭਾਰਤੀ ਲੋਕਤੰਤਰ !

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਜਿਸ ਵਕਤ ਤੋਂ ਹੋਸ਼ ਸੰਭਾਲੀ ਹੈ, ਚੋਣਾਂ ਅਸੀਂ ਜ਼ਿੰਦਗੀ ਵਿੱਚ ਬਹੁਤ ਵੇਖੀਆਂ ਹਨ, ਪਰ ਐਤਕਾਂ ਦੀ ਪਾਰਲੀਮੈਂਟ ਚੋਣ ਪਿਛਲੀਆਂ ਸਾਰੀਆਂ ਤੋਂ ਵੱਖਰੀ ਤੇ ਅਲੋਕਾਰ ਦਿੱਖ ਵਾਲੀ ਜਾਪਦੀ ਹੈ। ਇਹ ਚੋਣ ਸਿਰਫ ਹਾਰ ਜਾਂ ਜਿੱਤ ਦੀ ਭਾਵਨਾ ਅਤੇ ਨਾਅਰਿਆਂ ਨਾਲ ਲੜੀ ਜਾਂਦੀ ਨਹੀਂ ਦਿੱਸਦੀ, ਸਗੋਂ 'ਅਭੀ ਜਾਂ ਕਭੀ ਨਹੀਂ' ਵਰਗੇ ਹਾਲਾਤ ਬਣਦੇ ਨਜ਼ਰ ਪੈਣ ਲੱਗ ਪਏ ਹਨ। ਇਹ ਗੱਲ ਕਈ ਧਿਰਾਂ ਕਹਿਣ ਲੱਗ ਪਈਆਂ ਹਨ ਕਿ ਇਸ ਵਾਰੀ ਦੀ ਚੋਣ ਕਿਧਰੇ ਆਖਰੀ ਨਾ ਬਣ ਜਾਵੇ ਅਤੇ ਉਸ ਦੇ ਬਾਅਦ ਦੇਸ਼ ਲੋਕਤੰਤਰ ਦੀ ਅਜੋਕੀ ਲੀਹ ਤੋਂ ਹਟ ਕੇ ਇਹੋ ਜਿਹੀ ਅੰਨ੍ਹੀਂ ਗਲ਼ੀ ਵਿੱਚ ਨਾ ਜਾ ਫਸਦਾ ਹੋਵੇ ਕਿ ਚੋਣਾਂ ਦੀ ਚਰਚਾ 'ਬੀਤੇ ਦੀ ਬਾਤ' ਬਣ ਜਾਵੇ ਅਤੇ ਦੇਸ਼ ਕਿਸੇ ਅਣਕਿਆਸੇ ਪ੍ਰਬੰਧ ਹੇਠ ਚਲਾ ਜਾਂਦਾ ਹੋਵੇ। ਅਸੀਂ ਹਾਲ ਦੀ ਘੜੀ ਇਸ ਯਕੀਨ ਨਾਲ ਚੋਣਾਂ ਦੀ ਗੱਲ ਕਰਨ ਲੱਗੇ ਹਾਂ ਕਿ ਇਤਿਹਾਸ ਦੇ ਕਈ ਚੰਗੇ-ਮਾੜੇ ਦੌਰ ਹੰਢਾ ਚੁੱਕਾ ਭਾਰਤ ਦੇਸ਼ ਇਹੋ ਜਿਹੇ ਕਿਸੇ ਚੋਣ-ਝਟਕੇ ਨਾਲ ਆਪਣੀ ਲੀਹ ਤੋਂ ਨਹੀਂ ਲੱਥ ਸਕਦਾ, ਪਰ ਜਿਹੜੇ ਹਾਲਾਤ ਬਣਦੇ ਪਏ ਹਨ, ਜਿਹੋ ਜਿਹੇ ਨਾਅਰੇ ਅਤੇ ਦਾਅਵੇ ਸੁਣਦੇ ਪਏ ਹਨ, ਉਹ ਸਾਰਾ ਕੁਝ ਚਿੰਤਾ ਪੈਦਾ ਕਰਨ ਵਾਲਾ ਹੈ। ਸਿਆਸੀ ਧਿਰਾਂ ਵਿੱਚ ਖਹਿਬਾਜ਼ੀ ਦਾ ਜਿਹੜਾ ਪੱਧਰ ਇਸ ਵਕਤ ਦੇਖਿਆ ਜਾ ਰਿਹਾ ਹੈ, ਉਹ ਪਹਿਲਾਂ ਕਦੀ ਨਹੀਂ ਦੇਖਿਆ ਗਿਆ।

ਅਸੀਂ ਉਹ ਦਿਨ ਦੇਖੇ ਹੋਏ ਹਨ, ਜਦੋਂ ਦੇਸ਼ ਦੀ ਸਭ ਤੋਂ ਵੱਡੀ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਨੂੰ ਕੇਂਦਰ ਦੀ ਸਰਕਾਰ ਆਪਣੇ ਵਿਰੋਧੀਆਂ ਦੇ ਖਿਲਾਫ ਵਰਤਦੀ ਹੁੰਦੀ ਸੀ ਅਤੇ ਇਹ ਕੰਮ ਕਿਸੇ ਇੱਕ ਜਾਂ ਦੂਸਰੀ ਪਾਰਟੀ ਨੇ ਨਹੀਂ ਸੀ ਕੀਤਾ, ਸਾਰੀਆਂ ਸਰਕਾਰਾਂ ਕਰਦੀਆਂ ਰਹੀਆਂ ਸਨ। ਬਾਅਦ ਵਿੱਚ ਇਹ ਪਤਾ ਲੱਗਾ ਸੀ ਕਿ ਉਸ ਏਜੰਸੀ ਕੋਲ ਭਾਰਤ ਦੇ ਕਿਸੇ ਵੀ ਰਾਜ ਸਰਕਾਰ ਦੀ ਆਗਿਆ ਬਿਨਾਂ ਉਸ ਰਾਜ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਤੱਕ ਨਹੀਂ ਸੀ। ਜਦੋਂ ਕੁਝ ਰਾਜਾਂ ਵਿੱਚ ਉਸ ਵਿਰੁੱਧ ਵਿਧਾਨ ਸਭਾ ਵਿੱਚ ਮਤੇ ਪਾਸ ਕੀਤੇ ਗਏ ਤੇ ਉਸ ਨੂੰ ਦਖਲ ਦੇਣੋਂ ਰੋਕਿਆ ਗਿਆ ਤਾਂ ਦੇਸ਼ ਦੇ ਲੋਕਾਂ ਨੂੰ ਉਸ ਏਜੰਸੀ ਦੀ ਕਮਜ਼ੋਰੀ ਸਮਝ ਆਈ ਸੀ। ਉਸ ਦੇ ਬਾਅਦ ਉਹ ਏਜੰਸੀ ਬਹੁਤ ਘੱਟ ਦਖਲ ਦੇਣ ਲੱਗ ਪਈ ਅਤੇ ਜਿਹੜੇ ਕੰਮ ਕੇਂਦਰ ਦੀਆਂ ਸਰਕਾਰਾਂ ਉਸ ਤੋਂ ਕਰਾਉਂਦੀਆਂ ਸਨ, ਉਹ ਸਾਰੇ ਕੰਮ ਅੱਜਕੱਲ੍ਹ ਕੇਂਦਰ ਵੱਲੋਂ ਦੂਸਰੀ ਪ੍ਰਮੁੱਖ ਜਾਂਚ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਕਰਨ ਲੱਗ ਪਈ ਹੈ ਅਤੇ ਉਹ ਸੀ ਬੀ ਆਈ ਨਾਲੋਂ ਵੱਧ ਚਰਚਾ ਦਾ ਕੇਂਦਰ ਬਣੀ ਪਈ ਹੈ। ਵਿਰੋਧੀ ਧਿਰ ਦੇ ਜਿਸ ਵੀ ਲੀਡਰ ਨੂੰ ਘੇਰਨਾ ਹੋਵੇ, ਉਸ ਦੇ ਖਿਲਾਫ ਈ ਡੀ ਸਰਗਰਮ ਕੀਤੀ ਜਾਂਦੀ ਹੈ ਅਤੇ ਦੋਸ਼ ਸਾਰਿਆਂ ਉੱਤੇ ਕਾਲੀ ਕਮਾਈ ਨੂੰ ਚਿੱਟੀ ਕਰਨ ਦਾ ਲਾਇਆ ਜਾਂਦਾ ਹੈ, ਜਿਸ ਦੇ ਬਾਅਦ ਕੋਈ ਸਬੂਤ ਮਿਲੇ ਜਾਂ ਨਾ, ਇਸ ਏਜੰਸੀ ਦੇ ਅੜਿੱਕੇ ਆਇਆ ਬੰਦਾ ਕਈ ਮਹੀਨੇ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਰੱਖਿਆ ਜਾ ਸਕਦਾ ਹੈ। ਦਿੱਲੀ ਸਰਕਾਰ ਦਾ ਡਿਪਟੀ ਮੁੱਖ ਮੰਤਰੀ ਮੁਨੀਸ਼ ਸਿਸੋਦੀਆ, ਝਾਰਖੰਡ ਦਾ ਮੁੱਖ ਮੰਤਰੀ ਹੇਮੰਤ ਸੋਰੇਨ ਅਤੇ ਉਨ੍ਹਾਂ ਦੋਵਾਂ ਪਿੱਛੋਂ ਅਰਵਿੰਦ ਕੇਜਰੀਵਾਲ ਇਸ ਰਾਹੇ ਤੋਰ ਦਿੱਤੇ ਗਏ ਹਨ। ਦੇਸ਼ ਆਜ਼ਾਦ ਹੋਣ ਮਗਰੋਂ ਅੱਜ ਤੱਕ ਹੋਈਆਂ ਚੋਣਾਂ ਵਿੱਚ ਕਿਸੇ ਇੱਕ ਵਿੱਚ ਵੀ ਇਹੋ ਜਿਹਾ ਸਿਆਸੀ ਦ੍ਰਿਸ਼ ਨਹੀਂ ਸੀ ਵੇਖਿਆ ਗਿਆ।

ਦੂਸਰਾ ਪੱਖ ਦੇਸ਼ ਦੇ ਨਿਆਂ ਪ੍ਰਬੰਧ ਦਾ ਹੈ। ਬਹੁਤ ਸਾਰੀਆਂ ਚੰਗੀਆਂ-ਮਾੜੀਆਂ ਮਿਸਾਲਾਂ ਦੇ ਬਾਵਜੂਦ ਇਸ ਦੇਸ਼ ਵਿੱਚ ਨਿਆਂ ਪ੍ਰਬੰਧ ਅਜੇ ਤੱਕ ਆਮ ਲੋਕਾਂ ਦੇ ਭਰੋਸੇ ਦਾ ਕਾਫੀ ਵੱਡਾ ਪ੍ਰਤੀਕ ਹੈ, ਪਰ ਅੱਜਕੱਲ੍ਹ ਉਸ ਨੂੰ ਵੀ ਲੀਹੋਂ ਲਾਹ ਦੇਣ ਵਾਲੇ ਕਈ ਹਰਬੇ ਵਰਤੇ ਜਾ ਰਹੇ ਹਨ। ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੇ ਰਾਜ ਦੌਰਾਨ ਅਦਾਲਤਾਂ ਨੇ ਜਦੋਂ ਕੁਝ ਕੇਸਾਂ ਵਿੱਚ ਸਰਕਾਰ ਨੂੰ ਝੰਜੋੜਨ ਵਾਲੇ ਹੁਕਮ ਦਾਗੇ ਸਨ ਤਾਂ ਉਸ ਨੂੰ 'ਜੁਡੀਸ਼ਲ ਐਕਟਿਵਿਜ਼ਮ' ਕਹਿ ਕੇ ਵਡਿਆਇਆ ਗਿਆ ਸੀ। ਫਿਰ ਵਾਜਪਾਈ ਸਰਕਾਰ ਦੌਰਾਨ ਬੇਸ਼ੱਕ ਕੁਝ ਫੈਸਲੇ ਸਰਕਾਰ-ਪੱਖੀ ਤੇ ਕੁਝ ਵਿਰੋਧ ਵਾਲੇ ਆਏ ਤੇ ਇਨ੍ਹਾਂ ਫੈਸਲਿਆਂ ਦੀ ਕਈ ਪੱਖੋਂ ਨੁਕਤਾਚੀਨੀ ਵੀ ਹੋਈ ਤਾਂ ਸਰਕਾਰ ਦੇ ਪੱਧਰ ਉੱਤੇ ਅਦਾਲਤਾਂ ਜਾਂ ਜੱਜਾਂ ਖਿਲਾਫ ਕਿਸੇ ਤਰ੍ਹਾਂ ਦੀ ਟਿਪਣੀ ਨਹੀਂ ਸੀ ਕੀਤੀ ਜਾਂਦੀ। ਡਾਕਟਰ ਮਨਮੋਹਨ ਸਿੰਘ ਵੇਲੇ ਵੀ ਅਦਾਲਤਾਂ ਨੇ ਸਰਕਾਰ ਨੂੰ ਝੰਜੋੜਨ ਵਾਲੇ ਹੁਕਮਾਂ ਦੀ ਲੜੀ ਲਗਾਤਾਰ ਬੰਨ੍ਹੀ ਜਾਪਦੀ ਸੀ, ਪਰ ਸਰਕਾਰ ਕਦੇ ਅਦਾਲਤਾਂ ਦੇ ਖਿਲਾਫ ਟਿਪਣੀਆਂ ਕਰਨ ਤੱਕ ਨਹੀਂ ਸੀ ਗਈ। ਅੱਜ ਹਾਲਾਤ ਏਨੇ ਵੱਖਰੇ ਹਨ ਕਿ ਸਰਕਾਰ ਦੇ ਬੁਲਾਰਿਆਂ ਤਾਂ ਕੀ, ਖੁਦ ਸਰਕਾਰ ਦੇ ਮੁਖੀ ਨੇ ਸਿੱਧੇ ਜਾਂ ਟੇਢੇ ਢੰਗ ਨਾਲ ਕਈ ਵਾਰੀ ਅਦਾਲਤੀ ਕਾਰਵਾਈ ਬਾਰੇ ਹੈਰਾਨੀ ਵਾਲੀਆਂ ਟਿਪਣੀਆਂ ਕੀਤੀਆਂ ਹੋਈਆਂ ਹਨ।

ਪਿਛਲੇ ਹਫਤਿਆਂ ਵਿੱਚ ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਵੱਲੋਂ ਵੋਟਾਂ ਖਿੱਚਣ ਦੀ ਨੀਤ ਨਾਲ ਛੋਟਾਂ ਦੇਣ ਬਾਰੇ ਜਦੋਂ ਸੁਪਰੀਮ ਕੋਰਟ ਨੇ ਟਿਪਣੀਆਂ ਕੀਤੀਆਂ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਖੁਦ ਇਸ ਅਦਾਲਤੀ ਵਰਤਾਰੇ ਬਾਰੇ ਅਨੋਖੀ ਸ਼ੈਲੀ ਵਿੱਚ ਟਿਪਣੀ ਕਰ ਦਿੱਤੀ ਸੀ। ਉਨ੍ਹਾ ਕ੍ਰਿਸ਼ਨ ਭਗਵਾਨ ਅਤੇ ਉਨ੍ਹਾ ਦੇ ਬਚਪਨ ਦੇ ਦੋਸਤ ਸੁਦਾਮਾ ਵਾਲਾ ਸਾਰਾ ਕਿੱਸਾ ਸੁਣਾ ਕੇ ਮਜ਼ਾਕ ਵਾਂਗ ਕਿਹਾ ਸੀ ਕਿ ਓਦੋਂ ਸੁਪਰੀਮ ਕੋਰਟ ਨਹੀਂ ਸੀ, ਵਰਨਾ ਉਸ ਨੇ ਰੇਵੜੀਆਂ ਵੰਡਣ ਦਾ ਕੇਸ ਮੰਨ ਕੇ ਇੱਕ ਹੋਰ ਨੋਟਿਸ ਜਾਰੀ ਕਰ ਦੇਣਾ ਸੀ। ਸਹੀ-ਸਹੀ ਸ਼ਬਦ ਤਾਂ ਯਾਦ ਨਹੀਂ, ਪਰ ਇਸ ਕੇਸ ਵਿੱਚ ਨਰਿੰਦਰ ਮੋਦੀ ਨੇ ਜੋ ਕਿਹਾ ਸੀ, ਉਸ ਦਾ ਭਾਵ ਲੱਗਭੱਗ ਇਹੀ ਸੀ। ਇਹ ਸਿਰਫ ਇੱਕ ਟਿਪਣੀ ਨਹੀਂ, ਸਰਕਾਰ ਪੱਖੀ ਟਿਪਣੀਆਂ ਕਰਨ ਵਾਲਿਆਂ ਦੀ ਅਣਕਿਆਸੀ ਗਿਣਤੀ ਵਾਲੀ ਧਾੜ ਲਈ ਸੰਦੇਸ਼ ਸੀ ਕਿ ਲੋੜ ਮੁਤਾਬਕ ਏਦਾਂ ਦੀਆਂ ਮਿਸਾਲਾਂ ਵਰਤ ਕੇ ਵੀ ਆਪਣਾ ਕੰਮ ਕਰਦੇ ਰਹਿਣਾ ਹੈ ਅਤੇ ਏਦਾਂ ਕਰਨ ਵੇਲੇ ਅਦਾਲਤਾਂ ਦਾ ਲਿਹਾਜ਼ ਰੱਖਣ ਦੀ ਲੋੜ ਨਹੀਂ। ਉਸ ਪਿੱਛੋਂ ਸੋਸ਼ਲ ਮੀਡੀਆ ਉੱਤੇ ਟਿਪਣੀਆਂ ਦੇ ਨਾਲ ਹਮਲੇ ਕਰਨ ਵਾਲੀ ਧਾੜ ਨੇ ਸਭ ਤੋਂ ਵੱਡੀ ਅਦਾਲਤ ਦੇ ਮੁੱਖ ਜੱਜ ਡੀ ਵਾਈ ਚੰਦਰਚੂੜ ਦੇ ਖਿਲਾਫ ਵੀ ਕਈ ਭੱਦੀਆਂ ਟਿਪਣੀਆਂ ਕੀਤੀਆਂ ਸਨ। ਅੱਜਕੱਲ੍ਹ ਅਦਾਲਤਾਂ ਵਿੱਚ ਕੇਸਾਂ ਦੀ ਸੁਣਵਾਈ ਹੋਣ ਵੇਲੇ ਦੀਆਂ ਕੁਝ ਵੀਡੀਓ ਕਲਿੱਪਾਂ ਜਾਰੀ ਹੋਣ ਲੱਗੀਆਂ ਹਨ। ਇੱਕ ਕਲਿੱਪ ਵਿੱਚ ਸੁਪਰੀਮ ਕੋਰਟ ਦੇ ਮੁੱਖ ਜੱਜ ਆਪਣੀ ਕੁਰਸੀ ਨੂੰ ਥੋੜ੍ਹਾ ਜਿਹਾ ਐਡਜਸਟ ਕਰਨ ਲਈ ਹਿੱਲਦੇ ਵੇਖ ਕੇ ਇਹ ਗੱਲ ਫੈਲਾ ਦਿੱਤੀ ਗਈ ਕਿ ਸਰਕਾਰ ਪੱਖੀ ਵਕੀਲ ਦਾ ਪੱਖ ਸੁਣ ਕੇ ਮੁੱਖ ਜੱਜ ਸਾਹਿਬ ਏਨੇ ਬੇਚੈਨ ਹੋਏ ਕਿ ਅਦਾਲਤ ਛੱਡ ਕੇ ਤੁਰ ਜਾਣ ਲੱਗੇ ਸਨ। ਸੁਪਰੀਮ ਕੋਰਟ ਦੇ ਜੱਜਾਂ ਅਤੇ ਖਾਸ ਕਰ ਕੇ ਮੁੱਖ ਜੱਜ ਬਾਰੇ ਏਨੇ ਘਟੀਆ ਪੱਧਰ ਦੀ ਹਮਲਾਵਰੀ ਦੇਸ਼ ਲਈ ਸ਼ਰਮਨਾਕ ਹੈ।

ਤੀਸਰਾ ਪੱਖ ਇਹ ਹੈ ਕਿ ਜਦੋਂ ਦਾ ਇਲੈਕਟੋਰਲ ਬਾਂਡ, ਬੈਂਕਾਂ ਰਾਹੀਂ ਚੋਣ ਚੰਦਾ ਦੇਣ ਵਾਲੇ ਬਾਂਡ ਜਾਰੀ ਕਰਨ ਦੀ ਖੇਡ ਅਦਾਲਤ ਦੇ ਹੁਕਮ ਨਾਲ ਲੋਕਾਂ ਸਾਹਮਣੇ ਆਈ ਹੈ, ਉਸ ਤੋਂ ਕੇਂਦਰ ਸਰਕਾਰ ਕਾਫੀ ਖਿਝੀ ਦਿਖਾਈ ਦੇ ਰਹੀ ਹੈ ਤੇ ਇਸ ਦੀ ਕੌੜ ਹੋਰ ਪਾਸੇ ਵੱਲ ਕੱਢਦੀ ਜਾਪਦੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗ੍ਰਿਫਤਾਰੀ ਐਨ ਉਸ ਵੇਲੇ ਕੀਤੀ ਗਈ, ਜਿਸ ਦਿਨ ਅਦਾਲਤੀ ਹੁਕਮ ਨਾਲ ਚੋਣ ਬਾਂਡ ਵਾਲੀ ਸੂਚੀ ਭਾਰਤੀ ਸਟੇਟ ਬੈਂਕ ਨੂੰ ਜਾਰੀ ਕਰਨੀ ਪਈ ਸੀ। ਇਸ ਕੇਸ ਦੀ ਬਹਿਸ ਚੱਲਦੀ ਮੌਕੇ ਕੇਂਦਰੀ ਏਜੰਸੀਆਂ ਨੇ ਦੇਸ਼ ਵਿੱਚ ਵਿਰੋਧੀ ਪੱਖਦੀ ਸਭ ਤੋਂ ਵੱਡੀ ਪਾਰਟੀ, ਕਾਂਗਰਸ ਦੇ ਬੈਂਕ ਖਾਤੇ ਵੀ ਸੀਜ਼ ਕਰ ਦਿੱਤੇ ਸਨ। ਇੱਕ ਹਫਤਾ ਨਹੀਂ ਲੰਘਿਆ ਤੇ ਓਸੇ ਪਾਰਟੀ ਨੂੰ ਇਨਕਮ ਟੈਕਸ ਦੇ ਬਕਾਏ, ਬਕਾਇਆਂ ਉੱਤੇ ਜੁਰਮਾਨੇ ਅਤੇ ਬਕਾਏ-ਜੁਰਮਾਨੇ ਉੱਤੇ ਬਣੇ ਵਿਆਜ ਦਾ ਖਾਤਾ ਜੋੜਨ ਦੇ ਬਾਅਦ ਅਠਾਰਾਂ ਸੌ ਤੇਈ ਕਰੋੜ ਰੁਪਏ ਜਮ੍ਹਾਂ ਕਰਾਉਣ ਦਾ ਨੋਟਿਸ ਜਾਰੀ ਕਰ ਦਿੱਤਾ ਗਿਆ। ਜਿਸ ਪਾਰਟੀ ਦੇ ਸਾਰੇ ਬੈਂਕ ਖਾਤੇ ਸੀਜ਼ ਕੀਤੇ ਪਏ ਹਨ, ਆਪਣੇ ਦਫਤਰ ਦੇ ਆਮ ਖਰਚੇ ਚਲਾਉਣ ਲਈ ਉਹ ਕਿਤੋਂ ਕੋਈ ਪੈਸਾ ਜਾਰੀ ਨਹੀਂ ਕਰ ਸਕਦੀ, ਏਡੀ ਵੱਡੀ ਰਕਮ ਉਹ ਭਲਾ ਜਮ੍ਹਾਂ ਕਿੱਥੋਂ ਕਰਵਾਵੇਗੀ! ਨੋਟਿਸ ਜਾਰੀ ਕਰਨ ਵਾਲਿਆਂ ਨੂੰ ਵੀ ਇਸ ਗੱਲ ਦਾ ਪਤਾ ਹੈ।

ਇਨ੍ਹਾਂ ਗੱਲਾਂ ਖਿਲਾਫ ਕਿਸੇ ਤਰ੍ਹਾਂ ਦੀ ਛੋਟ ਲੈਣ ਲਈ ਕੋਈ ਵੀ ਧਿਰ ਅਦਾਲਤ ਤੱਕ ਜਾ ਸਕਦੀ ਹੈ ਤੇ ਅਦਾਲਤਾਂ ਪਿਛਲੇ ਸਮੇਂ ਵਿੱਚ ਮੌਜੂਦਾ ਸਿਸਟਮ ਤੇ ਸਿਸਟਮ ਚਲਾਉਣ ਵਾਲਿਆਂ ਬਾਰੇ ਜਿੱਦਾਂ ਹੁਕਮ ਜਾਰੀ ਕਰੀ ਜਾ ਰਹੀਆਂ ਹਨ, ਸਰਕਾਰ ਉਸ ਤੋਂ ਵੀ ਜਾਣੂ ਹੈ। ਬਾਕੀ ਸਾਰੇ ਮੋਰਚਿਆਂ ਉੱਤੇ ਕੇਂਦਰ ਦੀ ਸਰਕਾਰ ਚਲਾਉਣ ਵਾਲੀ ਧਿਰ ਜਦੋਂ ਹਰ ਪੱਖੋਂ ਮਰਜ਼ੀ ਪੁਗਾਉਂਦੀ ਜਾਪਦੀ ਹੈ ਤਾਂ ਸਾਫ ਹੈ ਕਿ ਨਿਆਂ ਪਾਲਿਕਾ ਦਾ ਖੇਤਰ ਵੀ ਉਹ ਅੱਖੋਂ-ਪਰੋਖਾ ਨਹੀਂ ਕਰ ਸਕਦੀ ਅਤੇ ਆਪਣੀਆਂ ਨੀਤੀਆਂ ਖਿਲਾਫ ਹੁੰਦੇ ਫੈਸਲੇ ਚੁੱਪ ਕਰ ਕੇ ਨਹੀਂ ਵੇਖ ਸਕਦੀ। ਇਸ ਮਕਸਦ ਲਈ ਸਾਰੇ ਦੇਸ਼ ਵਿੱਚੋਂ ਛੇ ਸੌ ਜਾਣੇ-ਪਛਾਣੇ ਵਕੀਲਾਂ ਨੇ ਇੱਕ ਚਿੱਠੀ ਲਿਖ ਦਿੱਤੀ ਹੈ, ਜਿਸ ਦਾ ਇੱਕ-ਇੱਕ ਸ਼ਬਦ ਸਰਕਾਰ ਦੇ ਵਿਰੁੱਧ ਅਦਾਲਤਾਂ ਤੋਂ ਜਾਰੀ ਹੁੰਦੇ ਹੁਕਮਾਂ ਬਾਰੇ ਨਾਰਾਜ਼ਗੀ ਪ੍ਰਗਟ ਕਰਦਾ ਹੈ। ਕਹਿਣ ਨੂੰ ਇਹ ਚਿੱਠੀ ਲਿਖਣ ਵਾਲਿਆਂ ਨੇ ਸੁਪਰੀਮ ਕੋਰਟ ਦੀ ਸ਼ਾਨ ਬਹਾਲ ਰੱਖਣ ਲਈ ਚੀਫ ਜਸਟਿਸ ਚੰਦਰਚੂੜ ਨੂੰ ਦਖਲ ਦੇਣ ਲਈ ਹੱਲਾਸ਼ੇਰੀ ਦਿੱਤੀ ਹੈ, ਪਰ ਚਿੱਠੀ ਦੀ ਭਾਵਨਾ ਅਤੇ ਸ਼ਬਦ ਦੱਸਦੇ ਹਨ ਕਿ ਉਹ ਦੇਸ਼ ਦੇ ਲੋਕਾਂ ਨੂੰ ਦੱਸਣਾ ਚਾਹੁੰਦੇ ਹਨ ਕਿ ਸੁਪਰੀਮ ਕੋਰਟ ਅਤੇ ਹੋਰ ਅਦਾਲਤਾਂ ਇਸ ਵਕਤ ਸਰਕਾਰ ਦੇ ਵਿਰੋਧੀਆਂ ਦੇ ਦਬਾਅ ਹੇਠ ਹਨ। ਕਿਸੇ ਹੋਰ ਦੇ ਦਬਾਅ ਹੇਠ ਦੱਸ ਕੇ ਅਸਲ ਵਿੱਚ ਅਦਾਲਤ ਉੱਤੇ ਆਪਣਾ ਦਬਾਅ ਬਣਾਉਣ ਦੀ ਲੋੜ ਇਸ ਕਾਰਨ ਪਈ ਜਾਪਦੀ ਹੈ ਕਿ ਚੋਣਾਂ ਦੇ ਦਿਨਾਂ ਵਿੱਚ ਅੱਗੜ-ਪਿੱਛੜ ਆਏ ਫੈਸਲੇ ਆਮ ਲੋਕਾਂ ਤੱਕ ਜਾਣ ਤੋਂ ਅਤੇ ਇਸ ਦਾ ਅਸਰ ਪੈਣ ਤੋਂ ਸਰਕਾਰ ਖੁਸ਼ ਨਹੀਂ। ਜਦੋਂ ਹਰ ਕੋਈ ਕਹਿ ਰਿਹਾ ਹੈ ਕਿ ਹਰ ਦੀਵਾ ਬੁਝਣ ਪਿੱਛੋਂ ਵੀ ਲੋਕਤੰਤਰ ਵਿੱਚ ਆਸ ਦੀ ਆਖਰੀ ਕਿਰਨ ਅਦਾਲਤਾਂ ਦਾ ਦਰ ਹੁੰਦਾ ਹੈ ਤਾਂ ਅਦਾਲਤੀ ਫੈਸਲਿਆਂ ਬਾਰੇ ਏਦਾਂ ਦੀ ਦੁਰ-ਭਾਵਨਾ ਭਰੀ ਮੁਹਿੰਮ ਦੇ ਬਾਅਦ ਦੇਸ਼ ਦੇ ਲੋਕਤੰਤਰ ਦੇ ਪੱਲੇ ਕੀ ਰਹਿ ਜਾਵੇਗਾ!

ਸਵਾਲ ਇਹ ਨਹੀਂ ਕਿ ਭਾਰਤ ਵਿੱਚ ਅਸੀਂ ਲੋਕ ਕਿਸ ਹਾਲ ਵਿੱਚ ਰਹਿੰਦੇ ਹਾਂ, ਲੋਕਤੰਤਰੀ ਪ੍ਰਬੰਧ ਨੂੰ ਮਾਣਦੇ ਹਾਂ, ਹੰਢਾਉਂਦੇ ਹਾਂ ਜਾਂ ਭੁਗਤਦੇ ਹਾਂ, ਸਗੋਂ ਵੱਡਾ ਸਵਾਲ ਹੈ ਕਿ ਇਸ ਪ੍ਰਬੰਧ ਬਾਰੇ ਦੁਨੀਆ ਦੇ ਲੋਕਤੰਤਰੀ ਦੇਸ਼ਾਂ ਦੇ ਲੋਕ ਕੀ ਕਹਿੰਦੇ ਤੇ ਸੋਚਦੇ ਹਨ। ਰਾਜਧਾਨੀ ਦਿੱਲੀ ਵਾਲੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਤਾਂ ਪਹਿਲਾਂ ਜਰਮਨ ਸਰਕਾਰ ਦੇ ਬੁਲਾਰੇ ਨੇ ਸਿਰਫ ਇਹੀ ਕਿਹਾ ਸੀ ਕਿ ਇਸ ਕੇਸ ਬਾਰੇ ਜਦੋਂ ਸੁਣਵਾਈ ਹੋਵੇ ਤਾਂ ਸਾਨੂੰ ਆਸ ਹੈ ਕਿ ਇਹ ਨਿਰਪੱਖ ਅਤੇ ਪਾਰਦਰਸ਼ੀ ਹੋਵੇਗੀ। ਭਾਰਤ ਨੂੰ ਇਹ ਗੱਲ ਪਸੰਦ ਨਹੀਂ ਆਈ ਤੇ ਜਰਮਨ ਰਾਜਦੂਤ ਨੂੰ ਸੱਦ ਕੇ ਨਾਰਾਜ਼ਗੀ ਜ਼ਾਹਰ ਕੀਤੀ ਸੀ। ਫਿਰ ਅਮਰੀਕਾ ਸਰਕਾਰ ਦੇ ਇੱਕ ਬੁਲਾਰੇ ਨੇ ਇਹੋ ਟਿਪਣੀ ਕੀਤੀ ਤਾਂ ਭਾਰਤ ਨੇ ਨਾਰਾਜ਼ਗੀ ਜ਼ਾਹਰ ਕਰ ਦਿੱਤੀ ਤੇ ਸੋਚਿਆ ਕਿ ਅਮਰੀਕਾ ਇਸ ਦੇ ਬਾਅਦ ਇਸ ਬਾਰੇ ਕੁਝ ਨਹੀਂ ਬੋਲੇਗਾ। ਅਮਰੀਕਾ ਦੇ ਬੁਲਾਰੇ ਨੇ ਦੋ ਦਿਨ ਬਾਅਦ ਫਿਰ ਇਹੋ ਗੱਲ ਕਹਿ ਦਿੱਤੀ। ਇੱਕ ਦਿਨ ਇਹ ਹੋਣਾ ਹੀ ਸੀ। ਜਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਵੀਜ਼ਾ ਦੇਣ ਤੋਂ ਅਮਰੀਕਾ ਨੇ ਇਨਕਾਰ ਕੀਤਾ ਸੀ ਤਾਂ ਬਹੁਤ ਸਾਰੇ ਲੋਕਾਂ ਨੇ, ਜਿਨ੍ਹਾਂ ਵਿੱਚ ਕੁਝ ਸਾਡੇ ਸੰਪਰਕ ਵਾਲੇ ਵੀ ਸਨ, ਨੇ ਇਸ ਨੂੰ ਅਮਰੀਕਾ ਦਾ ਠੀਕ ਕਦਮ ਕਿਹਾ ਸੀ, ਪਰ ਅਸੀਂ ਕਾਂਗਰਸ ਦੇ ਰਾਜ ਵੇਲੇ ਦੂਰਦਰਸ਼ਨ ਚੈਨਲ ਤੋਂ ਕਿਹਾ ਸੀ ਕਿ ਸਾਡੇ ਦੇਸ਼ ਦੇ ਲੋਕਾਂ ਦਾ ਨੇਤਾ ਠੀਕ ਹੈ ਜਾਂ ਉਸ ਵਿੱਚ ਕੋਈ ਖਾਮੀ ਹੈ, ਇਹ ਸੋਚਣਾ ਸਾਡਾ ਕੰਮ ਹੈ, ਅਮਰੀਕਾ ਨੂੰ ਦਖਲ ਨਹੀਂ ਦੇਣਾ ਚਾਹੀਦਾ। ਜਦੋਂ ਗੁਜਰਾਤ ਦਾ ਉਹੀ ਮੁੱਖ ਮੰਤਰੀ ਬਾਅਦ ਵਿੱਚ ਪ੍ਰਧਾਨ ਮੰਤਰੀ ਬਣ ਕੇ ਅਮਰੀਕਾ ਗਿਆ ਤੇ ਓਥੇ ਇੱਕ 'ਹਾਊਡੀ ਮੋਦੀ' ਵਰਗਾ ਸ਼ੋਅ ਕਰ ਕੇ ਰਾਸ਼ਟਰਪਤੀ ਚੋਣ ਚੱਲਦੀ ਦੌਰਾਨ ਇਹ ਕਹਿ ਆਇਆ ਕਿ ਏਥੇ ਵੀ 'ਅਬ ਕੀ ਬਾਰ, ਟਰੰਪ ਸਰਕਾਰ' ਹੋਣ ਵਾਲਾ ਹੈ ਤਾਂ ਅਸੀਂ ਇਸ ਨੂੰ ਸਿਰੇ ਦੀ ਗਲਤ ਗੱਲ ਕਿਹਾ ਸੀ। ਅੱਜ ਜਦੋਂ ਕੇਜਰੀਵਾਲ ਕੇਸ ਬਾਰੇ ਅਮਰੀਕੀ ਸਰਕਾਰ ਦਾ ਬੁਲਾਰਾ ਭਾਰਤ ਸਰਕਾਰ ਨੂੰ ਨਿਰਪੱਖ ਅਤੇ ਪਾਰਦਰਸ਼ੀ ਸੁਣਵਾਈ ਦੀ ਗੱਲ ਕਹਿੰਦਾ ਹੈ ਤੇ ਭਾਰਤ ਇਸ ਨੂੰ ਆਪਣੇ ਮਾਮਲਿਆਂ ਵਿੱਚ ਦਖਲ ਮੰਨਦਾ ਹੈ ਤਾਂ ਅਸੀਂ ਸੋਚਦੇ ਹਾਂ ਕਿ ਜੇ ਸਾਡੇ ਪ੍ਰਧਾਨ ਮੰਤਰੀ ਨੇ ਅਮਰੀਕਾ ਜਾ ਕੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਚੱਲਦੀ ਚੋਣ ਦੌਰਾਨ ਉਛਾਲ ਦਿੱਤਾ ਸੀ ਤਾਂ ਅੱਜ ਅਸੀਂ ਅਮਰੀਕਾ ਵਾਲਿਆਂ ਦੀ ਕਹੀ ਗੱਲ ਦਾ ਵਿਰੋਧ ਕਿੱਦਾਂ ਕਰ ਸਕਦੇ ਹਾਂ! ਉਨ੍ਹਾਂ ਦਖਲ ਨਹੀਂ ਦਿੱਤਾ, ਸਿਰਫ ਆਸ ਪ੍ਰਗਟ ਕੀਤੀ ਹੈ ਕਿ ਇਨਸਾਫ ਹੋਵੇਗਾ, ਸਾਡੇ ਪ੍ਰਧਾਨ ਮੰਤਰੀ ਨੇ ਤਾਂ ਲੋਕਾਂ ਨੂੰ ਉਸ ਵੇਲੇ ਉਸ ਦੇਸ਼ ਦੇ ਮੌਜੂਦਾ ਰਾਸ਼ਟਰਪਤੀ ਦੇ ਪੱਖ ਵਿੱਚ ਵੋਟਾਂ ਦੇਣ ਨੂੰ ਉਕਸਾਇਆ ਸੀ, ਜਿਸ ਨੂੰ ਓਥੋਂ ਦੇ ਲੋਕਾਂ ਨੇ ਬਾਅਦ ਵਿੱਚ ਜਿੱਤਣ ਨਹੀਂ ਸੀ ਦਿੱਤਾ। ਦੂਸਰੇ ਦੇਸ਼ਾਂ ਨਾਲ ਸੰਬੰਧਾਂ ਵਿੱਚ ਜਿਹੜਾ ਸੰਤੁਲਨ ਰੱਖਿਆ ਜਾਣਾ ਚਾਹੀਦਾ ਸੀ ਤੇ ਰੱਖਿਆ ਜਾਂਦਾ ਰਿਹਾ ਸੀ, ਜਦੋਂ ਉਹ ਇੱਕ ਵਾਰ ਉਲੰਘ ਦਿੱਤਾ ਗਿਆ ਸੀ ਤਾਂ ਉਸ ਪਿੱਛੋਂ ਕੋਈ ਕੁਝ ਵੀ ਆਖ ਸਕਦਾ ਹੈ।

ਦੇਸ਼ ਦੇ ਅੰਦਰ ਦੀ ਗੱਲ ਕਰੀਏ ਜਾਂ ਵਿਦੇਸ਼ਾਂ ਵਿੱਚ ਭਾਰਤੀ ਲੋਕਤੰਤਰ ਬਾਰੇ ਚੱਲਦੇ ਚਰਚੇ ਨੂੰ ਸੁਣ ਲਈਏ, ਹਰ ਪਾਸੇ ਇਹੋ ਗੱਲ ਕਹੀ ਅਤੇ ਪੁੱਛੀ ਜਾਂਦੀ ਹੈ ਕਿ ਇਸ ਚੋਣ ਦੇ ਬਾਅਦ ਲੋਕਤੰਤਰ ਕਿੱਦਾਂ ਦਾ ਹੋਵੇਗਾ? ਇਹ ਸਵਾਲ ਲੱਖ ਟਕੇ ਦਾ ਹੈ ਜਾਂ ਸੌ ਨੰਬਰਾਂ ਦਾ, ਇਹ ਤਾਂ ਪਤਾ ਨਹੀਂ, ਪਰ ਇਹ ਸਵਾਲ ਸਾਥੋਂ ਸਾਰਿਆਂ ਤੋਂ ਜਵਾਬ ਮੰਗਦਾ ਪਿਆ ਹੋਣ ਦੇ ਬਾਵਜੂਦ ਇਸ ਬਾਰੇ ਚਰਚਾ ਇੱਕ ਹੱਦ ਤੋਂ ਅੱਗੇ ਨਹੀਂ ਲੰਘ ਰਹੀ, ਸੀਮਤ ਜਿਹੀ ਰਹਿੰਦੀ ਹੈ।

# 'ਫੱਤੇ ਦਾ ਕੋਟ' ਤੋਂ ਨਾਮਕਰਨ ਹੋਇਆ ਸੀ : ਕੋਟਫਤੂਹੀ

**ਪਿੰਡ ਵਸਿਆ**

**ਵਿਜੈ ਬੰਬੇਲੀ**

'ਦੂਜਾ ਬੱਬਰ ਅਕਾਲੀ ਸਾਜਿਸ਼ ਕੇਸ', ਟਰਾਇਲ ਨੰ.-2, ਮੁਕੱਦਮਾ 1925, ਜਿਹੜਾ ਲਾਹੌਰ ਦੀ ਜੇ.ਕੇ.ਐਮ.ਟੱਪ ਸਪੈਸ਼ਲ ਜੱਜ ਬਾਬਤ ਬਗਾਵਤ ਵਿਰੁੱਧ ਕਿੰਗ ਐਮਪ੍ਰਰ ਬਨਾਮ ਬੱਬਰ ਕਿਸ਼ਨ ਸਿੰਘ ਗੜਗੱਜ ਆਦਿ, ਜਿਸ ਵਿਚ 91 ਬੱਬਰ ਸ਼ੁਮਾਰ ਸਨ, ਦੇ ਲੜੀ ਨੰ. 32 'ਤੇ ਸੁੰਦਰ ਬਾਹਮਣ ਪੁੱਤਰ ਨੰਦ ਲਾਲ ਉਰਫ ਨੰਦੂ ਸਾਕਨ "ਕੋਟਫਤੂਹੀ" (ਮਾਹਿਲਪੁਰ, ਹੁਸ਼ਿਆਰਪੁਰ) ਦਾ ਨਾਂਅ ਲਾਲ ਅੱਖਰਾਂ ਵਿਚ ਦਰਜ ਹੈ। ਤਾਅ-ਗਵਾਹੀਆਂ/ਬਿਆਨਾਤ ਸੁਨਣ-ਘੋਖਣ ਉਪਰੰਤ ਫਾਜ਼ਲ ਜੱਜ ਟਿੱਪਣੀ ਕਰਦਾ ਹੈ, "ਬੇਸ਼ੱਕ ਦੋਸ਼ੀ ਦੀ ਕਤਲਾਂ ਵਿਚ ਜ਼ਾਹਰਾ ਸ਼ਮੂਲੀਅਤ ਨਹੀਂ ਦਿਸਦੀ, ਪਰ ਅਦਾਲਤ ਇਸ ਨੂੰ 'ਟੇਰਰ ਟੂ ਅਦਰਜ਼' ਮੰਨਦੀ ਹੈ। ਸੋ ਇਹ ਸਖ਼ਤ ਸਜ਼ਾ ਦਾ ਭਾਗੀ ਹੈ।"

ਕੋਟਫਤੂਹੀ ਨੂੰ ਵਸਾਉਣ ਵਾਲੇ ਦੋ ਭਰਾ ਸਨ, ਗਦਾਹੀ ਅਤੇ ਫੱਤਾ। ਸਮਾਂ ਉਹ ਸੀ, ਜਦ ਹਿੰਮਤੀ ਲੋਕ ਵਿਹਲੀਆਂ ਪਈਆਂ ਜ਼ਮੀਨਾਂ ਨੂੰ ਆਪਣੇ ਬਸਰ ਲਈ ਆ ਨੱਪਦੇ। ਗਦਾਹੀ ਛੜਾ-ਛਾਂਟ ਸੀ, ਫੱਤਾ ਬਾਲ-ਬੱਚੇਦਾਰ। ਉਹ ਜਾਤ ਦੇ ਜੱਟ ਅਤੇ ਗੋਤ ਵਜੋਂ ਬੈਂਸ ਸਨ। ਬੈਂਸ ਜੱਟ, ਜਿਹਨਾਂ ਨੂੰ ਸਿਥੀਅਨ ਨਸਲ ਦੇ ਆਰੀਅਨ ਕਿਹਾ ਜਾਂਦਾ ਸੀ, ਭਾਰਤੀ ਖਿੱਤੇ ਵਿਚ ਮੱਧ ਏਸ਼ੀਆ ਤੋਂ ਆਏ ਸਨ, ਜਿਹੜੇ ਪੜਾਅ-ਦਰ-ਪੜਾਅ ਸਿੰਧ ਤੋਂ ਵਾਇਆ ਰਾਜਸਥਾਨ-ਮਾਲਵਾ ਅਤੇ ਫਿਰ ਦੁਆਬਾ ਆ ਢੁੱਕੇ। ਨਵੀਆਂ ਚਰਾਂਦਾਂ ਅਤੇ ਜਲ-ਸੋਮਿਆਂ ਦੀ ਭਾਲ ਹਿੱਤ ਜੱਟ ਕਬੀਲੇ ਪੂਰੇ ਘੁਮੱਕੜ ਸਨ। ਇਧਰ ਆਉਣ ਵਾਲਾ ਵੱਡਾ ਸਰਦਾਰ ਗੁਰਦਾਸ ਬੈਂਸ ਸੀ, ਜਿਸ ਦੇ ਕਬੀਲੇ ਦੇ ਦੋ ਧੜਵੈਲਾਂ ਗਦਾਹੀ ਅਤੇ ਫੱਤੇ ਨੇ ਪਹਿਲਾ ਮੰਨਣਹਾਨੇ ਲਾਗੇ, ਹੁਣ ਵਾਲੀ ਮਸ਼ੂਰ ਜਗਾਹ "ਹਰੀ ਧਾਮ" ਕੋਲ, ਮੌਜੂਦਾ ਬਿਸਤ ਦੁਆਬ ਨਹਿਰ ਲਾਗੇ, 19ਵੀਂ ਸਦੀ ਦੇ ਬਿਲਕੁੱਲ ਸ਼ੁਰੂ ਆਪਣੀ ਮੋਹੜੀ ਗੱਡੀ, ਜਿਸ ਨੂੰ ਹੁਣ ਖੈੜਾ ਕਿਹਾ ਜਾਂਦਾ ਹੈ, ਪਰ ਬਰਸਾਤੀ ਮਾਰ ਕਾਰਨ ਇਹਨਾਂ ਨੂੰ ਹੁਣ ਵਾਲੀ ਕੋਟਫਤੂਹੀ ਦੇ ਮੱਧ ਵਿਚਲੀ ਉੱਚੀ ਥੇਹ 'ਤੇ ਟਿਕਾਣਾ ਕਰਨਾ ਪਿਆ। ਸਵੈ-ਰੱਖਿਆ ਲਈ ਉਹਨੀਂ ਇੱਕ ਛੋਟਾ ਜਿਹਾ ਜੰਗੀ-ਦੁਰਗ, ਕੋਟ (ਕਿਲ੍ਹਾ) ਵੀ ਉਸਾਰਿਆ, ਜਿਹੜਾ ਸਮਾਂ ਪਾ ਕੇ "ਫੱਤੇ ਦਾ ਕੋਟ" ਵੱਜਿਆ।

ਇੱਕ ਹੋਰ ਮੌਖਿਕ ਇਤਿਹਾਸ ਅਨੁਸਾਰ, ਸੰਨ 1825 'ਚ ਜਦ ਮਾ. ਰਣਜੀਤ ਸਿੰਘ ਦੇ ਜਰਨੈਲ ਮੋਹਕਮ ਚੰਦ ਨੇ ਕਾਂਗੜੇ ਦੇ ਰਾਜਾ ਸੰਸਾਰ ਚੰਦ ਤੋਂ ਬਜਵਾੜਾ-ਜੇਜੋਂ ਦਾ ਇਲਾਕਾ ਅਤੇ ਕਿਲ੍ਹੇ ਖੋਹ ਲਏ ਤਾਂ ਯੁੱਧਨੀਤਕ ਪੱਖੋਂ ਇੱਥੇ ਫੱਤੇ ਦੇ ਰੈਣ-ਬਸੇਰੇ 'ਤੇ ਮੁਕਾਬਲਤਨ ਉੱਚੀ ਥਾਵੇਂ ਇੱਕ ਕੋਟ ਦੀ ਤਾਮੀਰ ਕਰਵਾ ਫੱਤੇ ਨੂੰ ਉਸ ਦਾ ਅਹਿਲਕਾਰ ਥਾਪਿਆ। ਦਰ-ਹਕੀਕਤ; ਸਿੱਖਾਂ ਨਾਲ ਸੰਬੰਧਤ ਟਾਂਵੇਂ-ਟਾਂਵੇਂ ਪਿੰਡ ਭਾਵੇਂ ਬੰਦਾ ਬਹਾਦਰ ਜੀ ਵੇਲੇ, ਕੁੱਝ ਵੱਧ ਸਿੱਖ ਮਿਸਲਾਂ ਵੇਲੇ ਹੋਂਦ ਵਿਚ ਆਏ, ਪਰ ਪੰਜਾਬ ਦੇ ਪਿੰਡਾਂ ਦੇ ਪੈਰ ਸਹੀ ਮਾਇਨਿਆਂ ਵਿੱਚ ਮਾ. ਰਣਜੀਤ ਸਿੰਘ ਵੇਲੇ ਹੀ ਲੱਗੇ। ਕੋਟਫਤੂਹੀ ਨਾਲ ਵੀ ਇਵੇਂ ਹੀ ਹੋਇਆ। ਉਸ ਤੋਂ ਪਹਿਲਾਂ ਬਹੁਤੀਆਂ ਜ਼ਮੀਨਾਂ ਦੇ ਮਾਲਕ ਹਿੰਦੂ ਚੌਧਰੀ ਜਾਂ ਮੁਸਲਿਮ ਜਗੀਰਦਾਰ ਸਨ, ਜਿਹਨਾਂ ਦੀ ਰਿਆਇਆ ਵਿਚ ਜਨ-ਸਾਧਾਰਨ ਨੂੰ ਰਹਿਣਾ ਪੈਂਦਾ ਸੀ। ਪਿੰਡ ਦੇ ਰੂਪ ਵਿਚ ਕੋਟਫਤੂਹੀ 19ਵੀਂ ਸਦੀ ਦੇ ਸ਼ੁਰੂ ਵਿੱਚ ਉੱਗਮਦਾ ਹੈ। 1849 ਤੱਕ ਅੰਗਰੇਜ਼ਾਂ ਦੇ ਪੰਜਾਬ 'ਤੇ ਮੁਕੰਮਲ ਕਾਬਜ਼ ਹੋ ਜਾਣ ਉਪਰੰਤ ਜ਼ਮੀਨੀ ਬੰਦੋਬਸਤ 1857/1884 ਅਨੁਸਾਰ 1801 ਵਿਚ ਹੀ ਇੱਥੇ ਸੰਯੁਕਤ ਆਬਾਦੀ ਹੋਣੀ ਸ਼ੁਰੂ ਹੋ ਗਈ ਸੀ। 'ਗਰੇਜ਼ਾਂ ਵੱਲੋਂ ਧਿਆਨ ਦੇਣ ਦਾ ਕਾਰਨ ਭਾਵੇਂ "ਫੱਤੇ ਦਾ ਕੋਟ ਸੀ", ਪਰ ਵੱਡਾ ਕਾਰਨ ਇਸ ਪਿੰਡ ਦੀਆਂ ਦੇਸ਼ ਭਗਤ ਗ਼ਦਰੀ, ਖਾਸ ਕਰ ਬੱਬਰ, ਗਤੀਵਿਧੀਆਂ ਸਨ।

ਜੰਗਿ-ਏ-ਆਜ਼ਾਦੀ ਵਿਚ "ਬੱਬਰ ਅਕਾਲੀ'ਜ਼" ਤਵਾਰੀਖ ਦਾ ਨਾਂਅ ਬੜਾ ਗੂੜ੍ਹਾ ਹੈ। ਬਹੁਤੇ ਇਸ ਨੂੰ ਸਿਰਫ ਸਿੱਖਾਂ ਦੀ ਹੀ ਜੱਦੋਜਹਿਦ ਮੰਨਦੇ ਹਨ। ਦਰ-ਹਕੀਕਤ; ਅਜਿਹਾ ਨਹੀਂ ਹੈ, ਇਸ ਵਿਚ ਤਾਅ ਜਾਤਾਂ-ਧਰਮਾਂ ਨੇ ਸਵੱਲਾ ਹਿੱਸਾ ਪਾਇਆ। ਕਿਸੇ ਨੇ ਥੋੜ੍ਹਾ, ਕਿਸੇ ਨੇ ਬਹੁਤਾ। ਮੇਰੇ ਇਸ ਕਥਨ ਦੀ ਪੁਸ਼ਟੀ ਨੂੰ, ਰੁਲੀਆ ਅਰਾਂਈ ਦੀ ਮੂਕ-ਕੁਰਬਾਨੀ ਨੇ ਬੜਾ ਬਲ ਬਖਸ਼ਿਆ। ਸੰਖੇਪ ਵਿਚ ਸੁਣਾਉਣ ਦੀ ਆਗਿਆ ਦਿਓ:

ਰੁਲੀਆ ਅਰਾਂਈ; ਜਿਹੜਾ ਮਗਰੋਂ "ਰੁਲੀਆ ਭਾਈ ਜਾਨ" ਵਜੋਂ ਸਤਿਕਾਰਿਆ ਜਾਣ ਲੱਗਾ ਸੀ, ਵੀ ਇਸੇ ਕੋਟਫਤੂਹੀ ਦਾ ਜਾਇਆ ਸੀ। ਬੱਬਰਾਂ ਅਤੇ ਹੋਰ ਦੇਸ਼ ਭਗਤਾਂ ਨਾਲ ਯਕਜਹਿਤੀ ਪ੍ਰਗਟਾਉਣ ਹਿੱਤ ਕੋਟਫਤੂਹੀ ਵਿਚ ਕੀਤੀ ਗਈ 1922 ਵਾਲੀ "ਪੁਲੀਟੀਕਲ ਕਾਨਫਰੰਸ" ਤਾਰੀਖ ਵਿਚ ਬਹੁ-ਪਰਤੀ ਮਾਇਨੇ ਰੱਖਦੀ ਹੈ, ਜਿਸ ਵਿਚ ਬੱਬਰ ਅਕਾਲੀਆਂ ਦੇ "ਥਿੰਕ ਟੈਂਕ" ਮਾਸਟਰ ਮੋਤਾ ਸਿੰਘ, ਜੋ ਉਦੋਂ ਮਫਰੂਰ ਸੀ, ਵੀ ਬੋਲਿਆ। ਉਸ ਨੂੰ ਬੋਲਣੋਂ ਰੋਕਣ ਅਤੇ ਫੜਨ ਹਿੱਤ ਅੰਗਰੇਜ਼ਾਂ ਬੜੇ ਰੱਸੇ-ਪੈੜੇ ਵੱਟੇ, ਪਰ ਸਭ ਵਿਅਰਥ। ਉਹ ਯੁਕਤੀ ਢੰਗ ਨਾਲ ਆਇਆ, ਸੂਹਾ ਬੋਲਿਆ ਅਤੇ ਬੜੇ ਹੈਰਤਅੰਗੇਜ਼, ਪਰ ਭੇਦ-ਪੂਰਨ ਢੰਗ ਨਾਲ ਗਾਇਬ ਹੋ ਗਿਆ। ਉਸ ਆ ਨਹੀਂ ਸੀ ਸਕਣਾ। ਆਇਆ ਫੜਿਆ ਜਾਣਾ ਸੀ, ਜੇ ਉਸ ਨੂੰ ਲਿਆਉਣ-ਭਜਾਉਣ ਵਿਚ ਰੁਲੀਆ ਅਰਾਂਈ ਯੁਕਤੀ, ਦਲੇਰਾਨਾ, ਪਰ ਮੂਕ ਰੋਲ ਨਾ ਅਦਾ ਕਰਦਾ। ਕਿਵੇਂ; ਇਹ ਇੱਕ ਲੰਬੀ ਗਾਥਾ ਹੈ, ਜਿਹੜੀ ਪੁਸਤਕ "ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ" (ਲੇਖਕ: ਵਿਜੈ ਬੰਬੇਲੀ) ਵਿਚ ਦਰਜ ਹੈ। ਅਫਸੋਸ! ਵੱਡੇ ਰੌਲਿਆਂ, '47 ਦੀ ਤ੍ਰਾਸਦੀ ਵੇਲੇ, ਨਾ ਚਾਹੁੰਦਿਆਂ ਵੀ ਗੁਰਬਤ ਮਾਰੇ ਇਸ ਕਰਮਯੋਗੀ ਨੂੰ ਮਣਾਂ-ਮੂੰਹੀਂ ਬੋਝਲ ਮਨ ਨਾਲ ਪਰਾਈ ਧਰਤੀ, ਪਾਕਿਸਤਾਨ ਨੂੰ ਤੁਰਨਾ ਪਿਆ। ਕਹਿੰਦੇ; ਪਿੰਡੋਂ ਅੱਠ ਕੋਹ ਦੂਰ ਬਹਿਰਾਮ (ਬੰਗਾ) ਦੇ ਆਰਜ਼ੀ ਪਨਾਹਗਾਹ ਕੈਂਪ ਪੁੱਜਦਿਆਂ ਇਸ ਭਲੇ ਬੰਦੇ ਨੇ ਦੋਵੇਂ ਹੱਥ ਅਸਮਾਨ ਕੰਨੀ ਚੁੱਕ, ਕੋਟਫਤੂਹੀ ਵੱਲ ਮੂੰਹ ਕਰ, ਦਿਲ ਚੀਰਵੀਂ ਲੇਰ ਮਾਰੀ। ਕਿਹਾ, "ਆਹਲਾ ਵਤਨ! ਜੰਗਿ-ਏ-ਆਜ਼ਾਦੀ ਅਸੀਂ ਰਲ-ਮਿਲ ਆਹ ਦਿਨ ਵੇਖਣ ਨੂੰ ਤਾਂ ਨਹੀਂ ਸੀ ਲੜੀ।"

***ਮੋਬਾ. 94634-39075***

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-14

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਬਾਰੇ ਚਿੰਤਨ ਅਤੇ ਚਿੰਤਾ ਕਰਨ ਦਾ ਕਾਰਜ ਵੱਖ-ਵੱਖ ਸਾਹਿਤਕ ਜਥੇਬੰਦੀਆਂ ਹੀ ਨਿਭਾਉਂਦੀਆਂ ਆ ਰਹੀਆਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾਵਾਂ, ਪ੍ਰਗਤੀਸ਼ੀਲ ਲੇਖਕ ਸੰਘ ਤੋਂ ਬਾਅਦ ਇਸ ਪਾਸੇ ਜੇ ਕੋਈ ਮਹੱਤਵਪੂਰਨ ਅਤੇ ਜ਼ਿਕਰਯੋਗ ਜਥੇਬੰਦੀ ਕਾਰਜਸ਼ੀਲ ਰਹੀ ਹੈ ਤਾਂ ਉਹ ਹੈ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ। ਇਸ ਅਕੈਡਮੀ ਦੀ ਸਥਾਪਨਾ ਵਿੱਚ ਡਾ. ਮਹਿੰਦਰ ਸਿੰਘ ਰੰਧਾਵਾ ਅਤੇ ਉਨ੍ਹਾਂ ਦੇ ਸਾਥੀਆਂ ਦੀ ਅਹਿਮ ਭੂਮਿਕਾ ਰਹੀ ਹੈ। ਇਸ ਅਕੈਡਮੀ ਦੇ ਉਦੇਸ਼, ਟੀਚੇ ਵੀ ਕੇਂਦਰੀ ਲੇਖਕ ਸਭਾਵਾਂ ਵਾਂਗ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਚਿੰਤਨ ਕਰਨਾ ਅਤੇ ਭਾਸ਼ਾ ਨੂੰ ਉਸ ਦਾ ਬਣਦਾ ਰੁਤਬਾ ਦਿਵਾਉਣਾ ਅਤੇ ਬਰਕਰਾਰ ਰੱਖਣਾ ਹੀ ਰਹੇ ਹਨ। ਦਰਅਸਲ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੋਵੇਂ ਹੀ ਲੋਕ ਆਧਾਰ ਵਾਲੀਆਂ ਜਥੇਬੰਦੀਆਂ ਹਨ। ਜਿੱਥੇ ਕੇਂਦਰੀ ਸਭਾ ਦੇ ਮੈਂਬਰਾਂ ਦੀ ਗਿਣਤੀ ਤਿੰਨ ਹਜ਼ਾਰ ਤੋਂ ਵੱਧ ਹੈ, ਉਥੇ ਅਕੈਡਮੀ ਦੇ ਮੈਂਬਰਾਂ ਦੀ ਗਿਣਤੀ ਲੱਗਭੱਗ ਡੇਢ ਹਜ਼ਾਰ ਹੈ। ਕੇਂਦਰੀ ਲੇਖਕ ਸਭਾ ਦੀ ਚੋਣ ਹਰ ਤਿੰਨ ਸਾਲ ਬਾਅਦ ਹੁੰਦੀ ਹੈ, ਜਦ ਕਿ ਅਕੈਡਮੀ ਦੀ ਚੋਣ ਹਰ ਦੋ ਸਾਲ ਬਾਅਦ। ਉਪਰੀ ਨਜ਼ਰੇਂ ਦੇਖੀਏ ਤਾਂ ਇਹ ਦੋਵੇਂ ਜਥੇਬੰਦੀਆਂ ਹੀ ਜਮਹੂਰੀ ਅਮਲ ਨਾਲ ਜੁੜੀਆਂ ਹੋਈਆਂ ਹਨ। ਦੂਜੀਆਂ ਵਿੱਚ ਬਹੁਤੀ ਵਾਰ ਆਮ ਸਹਿਮਤੀ ਨਾਲ ਨਾਮਜ਼ਦਗੀਆਂ ਹੁੰਦੀਆਂ ਹਨ। ਉਂਜ ਕਈ ਵਾਰੀ ਲੇਖਕ ਸਭਾ ਅਤੇ ਅਕੈਡਮੀ ਵਿੱਚ ਵੀ ਆਮ ਸਹਿਮਤੀ ਬਣ ਜਾਂਦੀ ਹੈ। ਲੇਖਕ/ਸਾਹਿਤਕਾਰ ਆਗੂਆਂ ਦੀ ਸੋਚ ਇਹ ਹੁੰਦੀ ਹੈ ਕਿ ਜੇ ਆਪਸੀ ਸਹਿਮਤੀ ਨਾਲ ਚੋਣ ਨੇਪਰੇ ਚੜ੍ਹ ਜਾਵੇ ਤਾਂ ਸਾਰੇ ਇਕਜੁੱਟ ਹੋ ਕੇ ਆਪਣੇ ਟੀਚੇ ਦੀ ਪ੍ਰਾਪਤੀ ਕਰ ਸਕਾਂਗੇ। ਬਹੁਤੀ ਵਾਰੀ ਅਜਿਹਾ ਹੋਇਆ ਵੀ ਹੈ।

ਵਰਤਮਾਨ ਸਮੇਂ ਵਿੱਚ ਲੇਖਕਾਂ ਦੀਆਂ ਵੱਖੋ-ਵੱਖਰੀਆਂ ਜਥੇਬੰਦੀਆਂ ਦੇ ਸਾਂਝੇ ਸੰਘਰਸ਼ ਸਦਕਾ ਪੰਜਾਬੀ ਭਾਸ਼ਾ ਦਾ ਜੋ ਰੁਤਬਾ ਬਣਿਆ ਹੈ, ਉਸ ਨੂੰ ਬਰਕਰਾਰ ਰੱਖਣਾ ਅਤੇ ਰਹਿੰਦੇ ਅਧੂਰੇ ਟੀਚੇ ਪ੍ਰਾਪਤ ਕਰਨਾ ਹੀ ਬਣਦਾ ਹੈ। ਇਸ ਪਾਸੇ ਕੰਮ ਹੋ ਵੀ ਰਿਹਾ ਹੈ। ਪੰਜਾਬ ਦੀਆਂ ਯੂਨੀਵਰਸਿਟੀਆਂ ਵਿੱਚ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਪੱਧਰ 'ਤੇ ਪੰਜਾਬੀ ਦੀ ਜੋ ਸਥਿਤੀ ਹੈ, ਨੂੰ ਕਾਇਮ ਰੱਖਣਾ ਵੀ ਜ਼ਰੂਰੀ ਹੈ ਅਤੇ ਇਸ ਵਿਚਲੀਆਂ ਤਰੁਟੀਆਂ ਨੂੰ ਦੂਰ ਕਰਨ ਲਈ ਯਤਨਸ਼ੀਲ ਰਹਿਣਾ ਵੀ ਜ਼ਰੂਰੀ ਕਾਰਜ ਵਿੱਚ ਸ਼ਾਮਲ ਹੈ। ਕੁਝ ਸਾਲ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਨਵੇਂ ਆਏ ਵਾਈਸ ਚਾਂਸਲਰ ਨੇ ਇੱਕ ਤਜਵੀਜ਼ ਪੇਸ਼ ਕਰਨ ਦਾ ਯਤਨ ਕੀਤਾ ਸੀ, ਜਿਸ ਅਨੁਸਾਰ ਗ੍ਰੈਜੂਏਟ ਪੱਧਰ 'ਤੇ ਪੜ੍ਹਾਈ ਜਾਣ ਵਾਲੀ ਲਾਜ਼ਮੀ ਪੰਜਾਬੀ ਨੂੰ ਤਿੰਨ ਸਾਲ ਤੋਂ ਘਟਾ ਕੇ ਇਕ ਸਾਲ ਕਰਨਾ ਅਤੇ ਇਸ ਕੋਰਸ ਦੇ ਪੀਰੀਅਡ ਵੀ ਛੇ (ਪ੍ਰਤੀ ਹਫ਼ਤਾ) ਤੋਂ ਘਟਾ ਕੇ ਤਿੰਨ (ਪ੍ਰਤੀ ਹਫਤਾ) ਕਰਨਾ ਸੀ। ਉਸ ਸਮੇਂ ਇਨ੍ਹਾਂ ਸਤਰਾਂ ਦਾ ਲੇਖਕ ਯੂਨੀਵਰਸਿਟੀ ਦੀ ਕਾਲਜ ਵਿਕਾਸ ਕੌਂਸਲ ਦਾ ਮੈਂਬਰ ਸੀ, ਮੀਟਿੰਗ ਵਿੱਚ ਹੀ ਉਸ ਵੱਲੋਂ ਕੀਤੇ ਤਿੱਖੇ ਵਿਰੋਧ ਸਦਕਾ ਗੱਲ ਅੱਗੇ ਨਹੀਂ ਸੀ ਤੁਰੀ, ਪਰ ਸਮੇਂ-ਸਮੇਂ ਇਕ ਜਾਂ ਦੂਜੀ ਯੂਨੀਵਰਸਿਟੀ ਦੇ ਅਧਿਕਾਰੀਆਂ ਵੱਲੋਂ ਇਸ ਤਰ੍ਹਾਂ ਦੀਆਂ ਸਾਜਿਸ਼ਾਂ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਨੂੰ ਅਸਫ਼ਲ ਬਣਾਉਣ ਲਈ ਸਾਹਿਤਕਾਰਾਂ/ਲੇਖਕਾਂ ਦੇ ਏਕੇ ਦੀ ਫੌਰੀ ਲੋੜ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਸ ਮਸਲੇ ਨੂੰ ਹੱਲ ਕਰਨ ਲਈ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਅੰਮ੍ਰਿਤਸਰ ਵਿੱਚ ਬੈਠੇ ਇਕ ਅਹੁਦੇਦਾਰ ਨੇ ਵੀ ਬਹੁਤ ਹੀ ਅਹਿਮ ਭੂਮਿਕਾ ਨਿਭਾਈ ਸੀ। ਪਿੱਛੇ ਜਿਹੇ ਨਵੀਂ ਸਿੱਖਿਆ ਨੀਤੀ ਦੀ ਆੜ ਹੇਠ ਪੰਜਾਬ ਦੀ ਇੱਕ ਹੋਰ ਯੂਨੀਵਰਸਿਟੀ, (ਜੋ ਕਿ ਬਣੀ ਹੀ ਪੰਜਾਬੀ ਭਾਸ਼ਾ ਦੀ ਤਰੱਕੀ ਲਈ ਹੈ) ਵੱਲੋਂ ਵੀ ਅਜਿਹਾ ਯਤਨ ਕੀਤਾ ਗਿਆ ਸੀ, ਜਿਸ ਨਾਲ ਪੰਜਾਬੀ ਵਿਸ਼ੇ ਦੇ ਪੀਰੀਅਡ ਘਟਾਉਣ ਵਰਗੀ ਗੱਲ ਹੋਈ ਸੀ। ਸਾਨੂੰ ਯਾਦ ਹੈ ਕਿ ਉਸ ਸਮੇਂ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਪ੍ਰਧਾਨ ਨੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਂਦਿਆਂ ਇਸ ਨੂੰ ਰੋਕ ਲਿਆ ਸੀ, ਇਸ ਵਿੱਚ ਉਸ ਦੀ ਮਦਦ ਤੇ ਪੰਜਾਬੀ ਦੀਆਂ ਸਿਰਕੱਢ ਅਖ਼ਬਾਰਾਂ, ਕੇਂਦਰੀ ਪੰਜਾਬੀ ਲੇਖਕ ਸਭਾਵਾਂ ਦੇ ਨਾਲ-ਨਾਲ ਪੰਜਾਬ ਨੂੰ ਮੁਹੱਬਤ ਕਰਨ ਵਾਲੇ ਲੋਕ ਵੀ ਜੁੜੇ ਹੋਏ ਸਨ। ਭਵਿੱਖ ਵਿੱਚ ਵੀ ਯੂਨੀਵਰਸਿਟੀ ਅਧਿਕਾਰੀਆਂ ਵੱਲੋਂ ਕੀਤੇ ਅਜਿਹੇ ਸਾਜ਼ਿਸ਼ੀ ਯਤਨਾਂ ਨੂੰ ਨਾਕਾਮ ਕਰ ਸਕਣ ਦੀ ਸਮਰੱਥਾ ਉਪਰੋਕਤ ਜਥੇਬੰਦੀਆਂ ਵਿੱਚ ਹੈ ਅਤੇ ਉਹ ਆਪਣੀ ਬਣਦੀ ਭੂਮਿਕਾ ਨਿਭਾਉਂਦੀਆਂ ਰਹਿਣਗੀਆਂ। ਇਸ ਸਾਰੇ ਕਾਰਜ ਲਈ ਲੇਖਕ ਸਭਾਵਾਂ/ਅਕੈਡਮੀ ਨੂੰ ਆਪਣੇ ਕਾਡਰ ਨੂੰ ਸਰਗਰਮ ਅਤੇ ਸੁਚੇਤ ਕਰਦੇ ਰਹਿਣਾ ਹੋਵੇਗਾ। ਲੇਖਕ ਸਭਾਵਾਂ, ਅਕੈਡਮੀ ਦੀਆਂ ਚੋਣਾਂ ਵਾਲੇ ਦਿਨ ਦੀ ਹਾਜ਼ਰੀ ਨੂੰ ਬਰਕਰਾਰ ਰੱਖ ਕੇ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਲਗਾਤਾਰ ਪਰੇਰਦੇ ਰਹਿਣਾ ਹੋਵੇਗਾ। ਸਾਲਾਨਾ ਜਨਰਲ ਇਜਲਾਸ ਵਿੱਚ ਲੇਖਕ ਸਭਾ/ਅਕੈਡਮੀ ਦਾ ਕੋਰਮ ਹੀ ਪੂਰਾ ਨਹੀਂ ਹੁੰਦਾ, ਜੋ ਚਿੰਤਾ ਦਾ ਵਿਸ਼ਾ ਹੈ। ਲੇਖਕ/ਸਾਹਿਤਕਾਰ ਆਗੂਆਂ ਨੂੰ ਇਸ ਮਸਲੇ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਹੈ ਤਾਂ ਕਿ ਪੰਜਾਬੀ ਭਾਸ਼ਾ ਨੂੰ ਉਸ ਦਾ ਬਣਦਾ ਹੱਕ ਮਿਲਦਾ ਰਹੇ।

**(ਸਮਾਪਤ)**

***ਸੰਪਰਕ : 98721-73475***

# ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ....

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

ਲੇਖਕਾਂ ਕੋਲ ਇਕ ਉਦਾਹਰਨ ਹੈ, ਜਦੋਂ ਜਿਯਪਾਲ ਸਾਰਤਰ, ਜਿਨ੍ਹਾਂ ਨੇ ਵਿਸ਼ਵ ਦਾ ਸਰਵ-ਉੱਚ ਪੁਰਸਕਾਰ, ਨੋਬਲ ਪ੍ਰਾਈਜ਼ ਲੈਣ ਤੋਂ ਇਨਕਾਰ ਕਰ ਦਿੱਤਾ। ਅਜੋਕੇ ਮਾਹੌਲ ਵਿਚ ਕੋਈ ਕਹਿ ਸਕਦਾ ਹੈ ਕਿ ਉਸ ਨੇ ਇਸ ਖ਼ਬਰ ਨੂੰ ਸਨਸਨੀਖੇਜ਼ ਬਣਾਉਣ ਦੀ ਕੋਸ਼ਿਸ਼ ਕੀਤੀ ਹੋਵੇਗੀ ਤਾਂ ਜੋ ਉਸ ਦਾ ਨਾਂਅ ਚਰਚਾ ਵਿਚ ਆ ਸਕੇ ਤੇ ਉਸ ਦੀਆਂ ਲਿਖਤਾਂ ਦਾ ਵੀ ਨਾਂਅ ਅੱਗੇ ਵਧੇਗਾ, ਪਰ ਉਹ ਮਹਾਨ ਦਾਰਸ਼ਨਿਕ ਪਹਿਲਾਂ ਹੀ ਚਰਚਿਤ ਸੀ ਤੇ ਇਸ ਵਿਸ਼ਵ-ਵਿਆਪੀ ਸੰਸਥਾ ਨੇ ਉਸ ਨੂੰ ਸਨਮਾਨਿਤ ਕਰਨਾ ਹੀ ਸੀ, ਜਿਵੇਂ ਕਿਹਾ ਜਾਂਦਾ ਕਿ ਕਿਸੇ ਲੇਖਕ ਨੂੰ ਸਨਮਾਨਿਤ ਕਰ ਕੇ ਸੰਸਥਾ ਖੁਦ ਸਨਮਾਨਿਤ ਹੋ ਰਹੀ ਹੈ।

ਸਾਡੇ ਲੇਖਕਾਂ ਵਿਚ ਵੀ ਕਈ ਰਾਜ-ਪੱਧਰੀ ਅਤੇ ਦੇਸ਼ ਪੱਧਰੀ ਸਨਮਾਨ ਹਨ। ਇਕ ਸਮਾਗਮ ਵਿਚ ਹਾਜ਼ਰ ਲੋਕਾਂ ਦੀ ਹਾਜ਼ਰੀ ਲਗਵਾਉਂਦੇ ਹੋਏ ਮੰਚ ਸੰਚਾਲਕ ਨੇ ਕਿਸੇ ਦਾ ਨਾਂਅ ਲਿਆ, ਜਿਵੇਂ ਕਿ ਉਹ ਸ਼ੁਰੂ ਤੋਂ ਹੀ ਕਰ ਰਿਹਾ ਸੀ, ਤਾਂ ਉਹ ਲੇਖਕ ਨਰਾਜ਼ ਹੋ ਗਿਆ ਕਿ ਮੇਰੇ ਨਾਂਅ ਦੇ ਨਾਲ ਸ਼੍ਰੋਮਣੀ ਕਵੀ ਨਹੀਂ ਬੋਲਿਆ ਗਿਆ।

ਲੇਖਕਾਂ ਦੀਆਂ ਪੰਜਾਬੀ ਵਿਚ ਕਈ ਸਿਰਮੌਰ ਜਥੇਬੰਦੀਆਂ ਹਨ। ਕੇਂਦਰੀ ਪੰਜਾਬੀ ਲੇਖਕ ਸਭਾ ਤੇ ਪੰਜਾਬੀ ਸਾਹਿਤ ਅਕਾਡਮੀ। ਮੈਂ ਦੋਵਾਂ ਸੰਸਥਾਵਾਂ ਦੀ ਚੋਣ ਪ੍ਰਕਿਰਿਆ ਦਾ ਹਿੱਸਾ ਰਿਹਾ ਹਾਂ। ਪਹਿਲੀ ਵਾਰੀ ਕੇਂਦਰੀ ਪੰਜਾਬੀ ਲੇਖਕ ਦੀ ਚੋਣ ਵੇਲੇ ਮੇਰੀਆਂ ਕੁਝ ਕੁ ਲਿਖਤਾਂ ਅਖ਼ਬਾਰਾਂ ਵਿਚ ਛਪਣੀਆਂ ਸ਼ੁਰੂ ਹੋਈਆਂ ਸਨ ਤੇ ਮੈਂ ਕਈ ਸਥਾਨਕ ਅਤੇ ਰਾਜ-ਪੱਧਰੀ ਸਾਹਿਤ ਸਭਾਵਾਂ ਦਾ ਮੈਂਬਰ ਬਣ ਰਿਹਾ ਸੀ। ਉਸ ਸਮੇਂ ਮੇਰੇ ਮਿੱਤਰ ਡਾ. ਅਨੂਪ ਸਿੰਘ ਨੇ ਮੇਰੇ ਕੋਲ ਆ ਕੇ ਕੇਂਦਰੀ ਲੇਖਕ ਸਭਾ ਦੇ ਮੀਤ ਪ੍ਰਧਾਨੀ ਲਈ ਫਾਰਮ ਭਰਵਾ ਲਿਆ। ਉਸ ਸਮੇਂ ਉਹਨਾਂ ਚੋਣਾਂ ਨੂੰ ਹੁੰਦੇ ਦੇਖਿਆ ਤੇ ਜਾਣਿਆ ਕਿ ਕਿਵੇਂ ਜਾਲ੍ਹੀ ਵੋਟਾਂ ਬਣਾਉਣੀਆਂ ਹਨ ਤੇ ਭੁਗਤਾਉਣੀਆਂ ਹਨ। ਭਾਵੇਂ ਪਹਿਲੀ ਵਾਰ ਇਸ ਤਰ੍ਹਾਂ ਦਾ ਹਿਸਾਬ-ਕਿਤਾਬ ਦੇਖਿਆ ਸੀ, ਭਾਵੇਂ ਮੈਂ ਚੋਣ ਜਿੱਤ ਗਿਆ, ਪਰ ਮੇਰੀ ਨਾਮਜ਼ਦਗੀ ਸਮੇਂ ਇਹ ਸਵਾਲ ਉੱਠਿਆ ਸੀ ਕਿ ਇਹ ਜੇਤੂ ਉਮੀਦਵਾਰ ਹੈ! ਦੂਜੀ ਵਾਰੀ ਪੰਜਾਬੀ ਸਾਹਿਤ ਅਕਾਡਮੀ ਦੀਆਂ ਚੋਣਾਂ ਵਿਚ ਸਾਥੀ ਸੁਰਿੰਦਰ ਕੈਲੇ ਦੇ ਕਹਿਣ 'ਤੇ ਮੈਨੂੰ ਸੀਨੀਅਰ ਮੀਤ ਪ੍ਰਧਾਨ ਦੀ ਚੋਣ ਲੜਾਈ ਗਈ ਤੇ ਮੈਂ ਉਹ ਚੋਣ ਵੀ ਜਿੱਤ ਗਿਆ, ਭਾਵੇਂ ਵਿਰੋਧ ਵਿਚ ਯੂਨੀਵਰਸਿਟੀ ਦੇ ਇਕ ਪ੍ਰੋਫੈਸਰ ਨੇ ਕਾਗਜ਼ ਭਰੇ ਸੀ। ਉਦੋਂ ਮੈਨੂੰ ਅਹਿਸਾਸ ਹੋਇਆ ਕਿ ਚੋਣ ਦਾ ਤੌਰ-ਤਰੀਕਾ ਕੇਂਦਰੀ ਪੰਜਾਬੀ ਲੇਖਕ ਸਭਾ ਵਰਗਾ ਹੀ ਹੈ, ਪਰ ਮੈਨੂੰ ਲੱਗਿਆ ਕਿ ਲੇਖਕਾਂ ਦੀ ਜਥੇਬੰਦੀ ਵਿਚ ਚੋਣਾਂ ਲੇਖਕਾਂ ਦੇ ਵਿਵੇਕ ਨਾਲ ਹੋਣੀਆਂ ਚਾਹੀਦੀਆਂ ਹਨ, ਨਾ ਕਿ ਜੁਗਾੜ ਨਾਲ।

ਹੁਣੇ-ਹੁਣੇ ਸਾਲ ਦੇ ਚੜ੍ਹਦਿਆਂ ਅਕੈਡਮੀ ਦੀਆਂ ਚੋਣਾਂ ਹੋ ਰਹੀਆਂ ਹਨ, ਉਨ੍ਹਾਂ ਦੀ ਪ੍ਰਕਿਰਿਆ ਸ਼ੁਰੂ ਹੋਈ ਤਾਂ ਇਸ ਵਾਰੀ ਨਵੇਂ ਤੋਂ ਨਵੇਂ ਤਜਰਬੇ ਦੇਖਣ-ਸੁਣਨ ਨੂੰ ਮਿਲੇ।

ਜਦੋਂ ਦਾ ਮੈਂ ਲਿਖਣਾ ਸ਼ੁਰੂ ਕੀਤਾ ਜਾਂ ਇਸ ਪਾਸੇ ਵੱਲ ਆਇਆ ਅਤੇ ਵਕਤ ਲਾਇਆ ਹੈ, ਮੈਂ ਇਹ ਗੱਲ ਸੋਚਦਾ ਰਿਹਾ ਹਾਂ ਕਿ ਮੈਂ ਇਸ ਪਾਸੇ ਕਿਉਂ ਪਿਆ? ਕਿਸੇ ਨੇ ਮੇਰੇ ਮਗਰ ਪੈ ਕੇ, ਮੇਰੇ 'ਤੇ ਦਬਾਅ ਪਾ ਕੇ ਇਹ ਕੰਮ ਕਰਨ ਲਈ ਹੁਕਮ ਦਿੱਤਾ। ਜਿਵੇਂ ਕਿ ਅੱਜ-ਕੱਲ੍ਹ ਮਾਪੇ ਆਪਣੇ ਬੱਚਿਆਂ ਦੇ ਵਿਸ਼ਾ ਚੋਣ ਵਿਚ ਆਪਣੀ ਮਨਮਰਜ਼ੀ ਦੱਸਦੇ ਹੀ ਨਹੀਂ, ਸਗੋਂ ਉੱਪਰ ਦਬਾਅ, ਜ਼ੋਰ ਪਾ ਕੇ ਫੈਸਲਾ ਲੈਂਦੇ ਹਨ। ਮੇਰੇ ਨਾਲ ਤਾਂ ਇਹ ਫੈਸਲਾ ਸਹਿਜ ਹੀ ਮੇਰੇ ਕੋਲ ਆਪ-ਮੁਹਾਰੇ ਹੋ ਗਿਆ ਸੀ। ਮੈਂ ਇਸ ਦਾ ਸਿਲਸਿਲਾ ਜਾਂ ਸਿਰਾ ਤਲਾਸ਼ਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਉਹ ਉਸ ਪੜਾਅ 'ਤੇ ਪਹੁੰਚ ਜਾਂਦਾ ਹੈ, ਜਦੋਂ ਮੈਂ ਕੁਝ ਲਿਖਣਾ ਚਾਹੁੰਦਾ। ਉਹ ਵੀ ਤਦ ਜਦੋਂ ਸਮਾਜ ਦੀ ਕੋਈ ਘਟਨਾ ਮੈਨੂੰ ਪ੍ਰਭਾਵਿਤ ਕਰਦੀ। ਉਹ ਬੇਚੈਨੀ ਮੈਨੂੰ ਪ੍ਰੇਰਦੀ ਕਿ ਇਹ ਗੱਲ ਮੈਂ ਹੋਰਾਂ ਨਾਲ ਵੀ ਸਾਂਝੀ ਕਰਾਂ। ਇਹ ਬੇਚੈਨੀ ਤੇ ਪ੍ਰੇਸ਼ਾਨੀ ਤੋਂ ਛੁਟਕਾਰਾ ਮੇਰਾ ਇਲਾਜ ਸੀ, ਜਦੋਂ ਮੈਂ ਲਿਖਦਾ ਤੇ ਲੋਕਾਂ ਨਾਲ ਉਹ ਸਾਂਝਾ ਕਰਦਾ। ਮੇਰੇ ਮਨ ਵਿਚ ਇਹ ਕਦੇ ਨਹੀਂ ਆਇਆ ਕਿ ਕੋਈ ਮੇਰੀਆਂ ਲਿਖਤਾਂ ਪੜ੍ਹ ਕੇ ਮੇਰਾ ਮਾਣ-ਸਨਮਾਨ ਕਰੇ ਜਾਂ ਮੈਨੂੰ ਕਿਸੇ ਸੰਸਥਾ ਵਿਚ ਕੋਈ ਅਹੁਦਾ ਮਿਲੇ। ਲਿਖਣਾ ਮੈਨੂੰ ਹਮੇਸ਼ਾ ਆਪਣੇ-ਆਪ ਲਈ ਇਕ ਵਧੀਆ ਜ਼ਰੀਆ ਲੱਗਿਆ ਤੇ ਇਹ ਇਸ ਤਰ੍ਹਾਂ ਫ਼ਿਕਰਮੰਦੀ ਜਿਤਾਉਣੀ ਹੌਲੀ-ਹੌਲੀ ਮੇਰੇ ਸਰੋਕਾਰ ਵਿਚ ਸ਼ਾਮਲ ਹੋ ਗਈ।

ਇਨਾਮ-ਸਨਮਾਨ ਅਤੇ ਸਰਕਾਰੀ ਸੰਸਥਾਵਾਂ ਦੇ, ਖਾਸਕਰ ਅਹੁਦਿਆਂ 'ਤੇ ਬਿਰਾਜਮਾਨ ਹੋਣਾ, ਮੈਨੂੰ ਤਿਕੜਮਬਾਜ਼ੀ ਵੱਧ ਲੱਗੀ ਹੈ। ਹਰ ਸਾਲ ਮਿਲਣ ਵਾਲੇ ਇਨਾਮ ਜ਼ਿਆਦਾਤਰ ਸਵਾਲਾਂ ਦੇ ਘੇਰੇ ਵਿਚ ਆਉਂਦੇ ਹਨ। ਲਿਖਣ ਲਈ ਅਤੇ ਸਨਮਾਨ ਲਈ ਤਿਕੜਮਬਾਜ਼ੀ ਆਪਸ ਵਿਚ ਕਿੱਥੇ ਮੇਲ ਖਾਂਦੇ ਹਨ?

ਜਿਯਾਪਾਲ ਸਾਰਤਰ ਨੇ ਇਹ ਸਨਮਾਨ, ਇਹ ਕਹਿ ਕੇ ਵਾਪਸ ਕੀਤਾ ਕਿ ਉਹ ਸੱਤਾ ਦੀਆਂ ਵਧੀਕੀਆਂ, ਜ਼ਿਆਦਤੀਆਂ ਅਤੇ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਾ ਹੈ। ਜਿਸ ਸਰਕਾਰ ਦੇ ਵਿਰੁੱਧ ਉਹ ਲਿਖਦਾ ਹੈ, ਉਨ੍ਹਾਂ ਤੋਂ ਉਹ ਸਨਮਾਨ ਹਾਸਲ ਨਹੀਂ ਕਰ ਸਕਦਾ। ਉਨ੍ਹਾਂ ਨੇ ਆਪਣੀ ਗੱਲ ਨੂੰ ਸਪੱਸ਼ਟ ਕਰਦੇ ਹੋਏ, ਪਾਬਲੋ ਨਾਰੂਦਾ, ਲੂਈ ਅਰਮੋਨ ਅਤੇ ਸਲੋਕੋਵ ਦਾ ਨਾਂਅ ਲੈ ਕੇ ਸਾਫ਼ ਸ਼ਬਦਾਂ ਵਿਚ ਕਿਹਾ, ਇਹ ਸਾਰੇ ਵੱਡੇ ਲੇਖਕ ਹਨ ਅਤੇ ਇਨ੍ਹਾਂ ਦੀਆਂ ਰਚਨਾਵਾਂ ਦੁਨੀਆ ਭਰ ਵਿਚ ਸਨਮਾਨਤ ਨਜ਼ਰਾਂ ਨਾਲ ਪੜ੍ਹੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਸ ਨੇ ਆਪਣੀ ਲੇਖਕੀ ਮਰਿਆਦਾ ਨੂੰ ਉਭਾਰਦੇ ਹੋਏ ਕਿਹਾ ਕਿ ਜਦੋਂ ਉਹ ਨੋਬਲ ਪ੍ਰਾਈਜ਼ ਜੇਤੂ ਜਿਯਾਪਾਲ ਸਾਰਤਰ ਵਜੋਂ ਕਿਸੇ ਦੇ ਹੱਕ ਵਿਚ ਦਸਤਖਤ ਕਰੇਗਾ, ਤਾਂ ਉਸ ਦੇ ਪਾਠਕ ਮੇਰੀ ਪ੍ਰਤੀਬੱਧਤਾ 'ਤੇ ਸਵਾਲ ਖੜ੍ਹੇ ਕਰਨਗੇ ਅਤੇ ਮੇਰੇ ਪ੍ਰਤੀ ਨਿਰਾਸ਼ਾ ਵਿਚ ਡੁੱਬ ਜਾਣਗੇ। ਇਹੀ ਭਾਵ ਪੰਜਾਬੀ ਦੇ ਰਿਸ਼ੀ ਲੇਖਕ, ਪੰਜਾਬ ਤੋਂ ਬਾਹਰ ਬੈਠੇ ਸੁਖਬੀਰ ਦੇ ਮੂੰਹੋਂ ਆਪਣੇ-ਆਪ ਬਾਰੇ ਵੀ ਸੁਣੇ।

ਸਾਰਤਰ ਤਾਂ ਬਹੁਤ ਵੱਡੀ ਗੱਲ ਕਹਿੰਦਾ ਹੈ, ਪਰ ਹਰੇਕ ਲੇਖਕ ਨੂੰ ਆਪਣਾ ਲੇਖਕੀ ਫਰਜ਼ ਜ਼ਰੂਰ ਪਛਾਨਣਾ ਚਾਹੀਦਾ ਹੈ, ਜੋ ਕਿ ਅਜੋਕੇ ਮਾਹੌਲ ਵਿਚ ਨੀਵੇਂ ਤੋਂ ਨੀਵੇਂ ਪੱਧਰ ਦਾ ਹੋ ਰਿਹਾ ਹੈ। ਪਿਛਲੇ ਸਾਲ ਇਕ ਉਮੀਦਵਾਰ ਦੇ ਹਮਦਰਦ ਨੇ ਕਿਹਾ ਕਿ ਲੋਕੀਂ ਆਪਣੀਆਂ ਨਿੱਜੀ ਕਾਰਾਂ ਜਾਂ ਕੋਈ ਹੋਰ ਬੰਦੋਬਸਤ ਕਰਕੇ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਆਉਣ ਤੇ ਉਨ੍ਹਾਂ ਨੂੰ ਆਉਣ-ਜਾਣ ਦਾ ਕਿਰਾਇਆ ਜਾਂ ਤੇਲ, ਪੈਟਰੋਲ ਦਾ ਖਰਚਾ ਮਿਲ ਜਾਵੇਗਾ। ਭਾਵੇਂ ਕਿ ਵਾਪਸੀ 'ਤੇ ਸਾਰਿਆਂ ਦੀ ਥਕਾਵਟ ਉਤਾਰਨ ਦਾ ਇੰਤਜ਼ਾਮ ਕਾਫ਼ੀ ਲੰਮੇ ਸਮੇਂ ਤੋਂ ਚੱਲ ਰਿਹਾ ਸੀ। ਅਜੋਕੀ ਰਾਜਨੀਤੀ ਦੀ ਝਲਕ।

ਸ਼ੁਰੂ-ਸ਼ੁਰੂ ਵਿਚ ਇਹ ਕਾਰ-ਵਿਹਾਰ ਦੇਖ ਕੇ ਮੈਂ ਸੋਚਦਾ ਸੀ ਕਿ ਲੇਖਕਾਂ ਨੂੰ ਅੱਗੇ ਲੱਗ ਕੇ ਰਾਜਨੀਤਕ ਮਾਮਲਿਆਂ ਵਿਚ ਹੋ ਰਹੀ ਚੋਣ ਪ੍ਰਕਿਰਿਆ ਦੌਰਾਨ ਹੋ ਰਹੇ ਗਲਤ ਤਰੀਕਿਆਂ ਤੇ ਉਂਗਲ ਧਰਨੀ ਚਾਹੀਦੀ ਹੈ ਤੇ ਦੇਸ਼ ਦੇ ਲੋਕਤੰਤਰ ਨੂੰ ਬਚਾਉਣਾ ਚਾਹੀਦਾ ਹੈ। ਜਿਸ ਤਰ੍ਹਾਂ ਪ੍ਰਗਤੀਸ਼ੀਲ ਲੇਖਕ ਸੰਘ ਦੇ ਸੰਸਥਾਪਕ ਮੁਨਸ਼ੀ ਪ੍ਰੇਮ ਚੰਦ ਨੇ ਕਿਹਾ ਸੀ ਕਿ ਲੇਖਕ ਨੂੰ ਅੱਗੇ ਲੱਗਣਾ ਚਾਹੀਦਾ ਹੈ ਤੇ ਬਾਕੀ ਸਮਾਜ ਉਸ ਦੇ ਪਿੱਛੇ ਤੁਰੇ, ਪਰ ਅਜੋਕੇ ਹਾਲਾਤ, ਇਸ ਤਰ੍ਹਾਂ ਬਣ ਗਏ ਹਨ ਕਿ ਲੇਖਕ ਖੁਦ ਪਿਛਲੱਗੂ ਹੋ ਗਿਆ ਹੈ ਤੇ ਦਿਨ-ਬ-ਦਿਨ ਇਹ ਹਾਲਾਤ ਇਸ ਪੱਧਰ ਦੇ ਹੋ ਗਏ ਹਨ ਕਿ ਲੇਖਕ ਖੁਦ ਉਨ੍ਹਾਂ ਸਾਰੀਆਂ ਅਲਾਮਤਾਂ ਦਾ ਸ਼ਿਕਾਰ ਹੋ ਗਿਆ ਹੈ, ਜਿਸ 'ਤੇ ਉਸ ਨੂੰ ਪਹਿਰਾ ਦੇਣਾ ਚਾਹੀਦਾ ਸੀ।

ਇਸ ਸਾਲ ਲੇਖਕਾਂ ਦੀ ਚੋਣ ਮੁਹਿੰਮ ਵਿਚ ਜੋ ਮਾਹੌਲ ਉਸਾਰਿਆ ਜਾ ਰਿਹਾ ਹੈ, ਉਹ ਸਾਡੇ ਰਾਜਨੀਤੀ ਮਾਹੌਲ ਨੂੰ ਵੀ ਮਾਤ ਪਾ ਰਿਹਾ ਹੈ। ਇਕ ਲੇਖਕ ਵੋਟਾਂ ਦੀ ਗੱਲ ਕਰਦਾ ਹੋਇਆ ਤੇ ਆਪਣੀ ਧਿਰ ਨਾਲ ਜੁੜਨ ਲਈ ਇਸ ਗੱਲ ਦੀ ਤਾਈਦ ਕਰਦਾ ਹੈ ਕਿ ਸਾਡੀ ਧਿਰ ਬਣਨ ਵਿਚ ਤੁਹਾਨੂੰ ਕੀ-ਕੀ ਫਾਇਦੇ ਹੋਣਗੇ। ਉਸ ਦਾ ਕਹਿਣਾ ਹੈ, ਇਹ ਕੋਈ ਚੋਣਾਂ ਤੱਕ ਹੀ ਮਹਿਦੂਦ ਸੰਬੰਧ ਨਹੀਂ ਹੈ। ਸਾਡਾ ਵਾਹ ਭਾਸ਼ਾ ਵਿਭਾਗ ਵਰਗੀਆਂ ਸਰਕਾਰੀ ਸੰਸਥਾਵਾਂ ਤੋਂ ਲੈ ਕੇ ਹੋਰ ਦੇਸ਼-ਪੱਧਰੀ ਸਾਹਿਤਕ ਸੰਸਥਾਵਾਂ ਨਾਲ ਹੈ, ਜੋ ਕਿ ਲੰਬੇ ਸਮੇਂ ਵਿਚ ਤਹਾਨੂੰ ਫਾਇਦਾ ਪਹੁੰਚਾ ਸਕਦੀਆਂ ਹਨ, ਜਿਵੇਂ ਵੱਡੇ ਇਨਾਮ-ਸਨਮਾਨ। ਇਸ ਤੋਂ ਇਲਾਵਾ ਇਹਨਾਂ ਲੇਖਕੀ ਚੋਣਾਂ ਤਹਿਤ ਇਹ ਵੀ ਭੁੱਲਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਲੇਖਕ ਹਨ, ਨਾ ਕਿ ਕਿਸੇ ਖਾਸ ਫ਼ਿਰਕੇ, ਇਲਾਕੇ ਅਤੇ ਜਾਤ-ਧਰਮ ਨਾਲ ਸੰਬੰਧਤ ਹਨ, ਜੋ ਕਿ ਵੱਡੀਆਂ ਸਮਾਜਿਕ ਬੁਰਾਈਆਂ ਹਨ ਤੇ ਜਿਸ ਨੇ ਸਮਾਜ ਨੂੰ ਤੋੜ ਰੱਖਿਆ ਹੈ ਤੇ ਲੇਖਕਾਂ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਇਸ ਦੇ ਖਿਲਾਫ਼ ਆਵਾਜ਼ ਬੁਲੰਦ ਕਰੇ।

ਇਨ੍ਹਾਂ ਚੋਣਾਂ ਵਿੱਚ ਕੋਈ ਕਹਿ ਰਿਹਾ ਸੀ ਇਕ ਬੰਦੇ ਕੋਲ ਦਸ-ਦਸ ਪ੍ਰਧਾਨਗੀਆਂ, ਕੀ ਬਾਕੀ ਸਾਰੇ ਮਰ ਗਏ ਨੇ! ਮੈਨੂੰ ਲੱਗਿਆ ਜਿਵੇਂ ਉਹ ਮੈਨੂੰ ਸੁਣਾ ਰਿਹਾ ਹੋਵੇ ਤਾਂ ਜਤਾ ਰਿਹਾ ਹੋਵੇ ਭਾਵੇਂ ਮੈਂ ਇਸ ਵਾਰੀ ਚੋਣ ਮੁਹਿੰਮ ਦਾ ਸਰਗਰਮ ਹਿੱਸਾ ਨਹੀਂ ਬਣ ਸਕਿਆ। ਉਹ ਵੀ ਕਾਰਨ ਰਿਹਾ ਮੇਰੀ ਸਿਹਤ, ਸੋਚਿਆ ਕੋਈ ਨਹੀਂ ਅਗਲੀ ਵਾਰੀ ਸਹੀ। ਮੈਂ ਇਸ ਗੱਲ ਨੂੰ ਆਪਣੇ 'ਤੇ ਢੁਕਵਾਂ ਸਮਝਦਾ ਹਾਂ, ਕਿਉਂਕਿ ਮੈਂ ਭਾਰਤ ਗਿਆਨ-ਵਿਗਿਆਨ ਸੰਮਤੀ ਪੰਜਾਬ ਦਾ ਪ੍ਰਧਾਨ ਹਾਂ, ਆਲ ਇੰਡੀਆ ਸੇਵ ਐਜੂਕੇਸ਼ਨ ਪੰਜਾਬ ਦਾ ਪ੍ਰਧਾਨ ਵੀ ਹਾਂ ਤੇ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਦਾ ਪ੍ਰਧਾਨ ਵੀ। ਆਪਣੇ ਮੈਡੀਕਲ ਵਿਸ਼ੇ ਸੰਬੰਧੀ ਸੰਸਥਾ ਵਿਚ ਵੀ ਮੈਂ ਲੰਬਾ ਸਮਾਂ ਸਕੱਤਰ ਰਿਹਾ ਹਾਂ। ਜੇਕਰ ਸਥਾਨਕ ਪੱਧਰ 'ਤੇ ਅੰਮ੍ਰਿਤਸਰ ਦੀਆਂ ਸੰਸਥਾਵਾਂ ਦੀ ਗੱਲ ਕਰੀਏ ਤਾਂ ਅਨੇਕਾਂ ਸੰਸਥਾਵਾਂ ਨਾਲ ਜੁੜਿਆ ਹੋਇਆ ਹਾਂ। ਕੀ ਇਹ ਕੋਈ ਨੁਕਸ ਹੈ ਜਾਂ ਮੇਰੀ ਕੰਮ ਕਰਨ ਪ੍ਰਤੀ ਸਮਰੱਥਾ ਹੈ ਅਤੇ ਸਮਰਪਨ ਦੇ ਮੱਦੇਨਜ਼ਰ ਸੰਭਵ ਹੋਇਆ ਹੈ। ਲੇਖਕ ਪੱਧਰ ਦਾ ਸਮਾਜਿਕ ਕਾਰਕੁੰਨ, ਮੇਰੇ ਹਿਸਾਬ ਨਾਲ ਕਈ-ਕਈ ਸੰਸਥਾਵਾਂ ਵਿਚ ਕੰਮ ਕਰਦਾ, ਹਾਜ਼ਰੀ ਲਗਵਾਉਂਦਾ ਦੇਖਿਆ ਜਾ ਸਕਦਾ ਹੈ ਤੇ ਇਹ ਜ਼ਰੂਰੀ ਵੀ ਹੈ। ਲੇਖਕ ਨੂੰ ਆਪਣੀ ਨਰੋਈ ਸੋਚ ਕਰਕੇ ਮਾਰਗ ਦਰਸ਼ਕ ਹੋਣਾ ਚਾਹੀਦਾ ਹੈ, ਜੇ ਉਹ ਨਹੀਂ ਹੈ ਤਾਂ ਇਹ ਘਾਟ ਉਸ ਦੀ ਆਪਣੀ ਹੈ।

ਮਾਣ-ਸਨਮਾਨ, ਅਹੁਦੇਦਾਰੀਆਂ ਨੂੰ ਲੈ ਕੇ ਜੋ ਤਿਕੜਮਬਾਜ਼ੀ ਹੋ ਰਹੀ ਹੈ ਤੇ ਉਹ ਜਿਸ ਦਿਸ਼ਾ ਵਿਚ ਜਾ ਰਹੀ ਹੈ, ਉਸ ਦੀ ਲੋੜ ਕਿਉਂ? ਲੇਖਕ ਨੂੰ ਆਪਣੇ ਚੁਣੇ ਇਸ ਕਾਰਜ ਲਈ ਇਹ ਸਭ ਲਾਲਚ ਕਿਸ ਗੱਲ ਦਾ ਤੇ ਕਿਸ ਵਾਸਤੇ? ਜਦੋਂ ਮੇਰੀ ਕੋਈ ਲਿਖਤ ਕਿਤੇ ਛਪਦੀ ਹੈ ਤਾਂ ਉਸ ਦਿਨ ਜਾਂ ਬਾਅਦ ਵਿਚ ਕਈ ਫੋਨ ਆਉਂਦੇ ਰਹਿੰਦੇ ਹਨ, ਜੋ ਕਿ ਮੈਂ ਸਮਝਦਾ ਹਾਂ ਕਿ ਇਹ ਕਾਰਜ ਸਾਰੇ ਲੇਖਕਾਂ ਨਾਲ ਵਾਪਰਦਾ ਹੋਵੇਗਾ। ਉਸ ਪਾਠਕ ਦੇ ਬੋਲ ਮੈਨੂੰ ਤਾਂ ਮਾਣ-ਸਨਮਾਨ ਤੇ ਕਦੇ ਘੱਟ ਨਹੀਂ ਲੱਗੇ। ਇਕ ਵਾਰੀ ਮੈਂ ਆਪਣੇ ਵਿਚਾਰ ਹਰਿਆਣਾ ਦੀ ਪੰਜਾਬੀ ਸਾਹਿਤ ਸਭਾ ਕਰਨਾਲ ਵਿਖੇ ਦੇਣੇ ਸੀ। ਵਿਸ਼ਾ ਸੀ 'ਸਮਾਜ ਤੇ ਵਿਗਿਆਨ'। ਇਸ ਦੀ ਪ੍ਰਧਾਨਗੀ ਕਰ ਰਹੇ ਸੀ ਅੰਬਾਲੇ ਤੋਂ ਪੰਜਾਬੀ ਦੇ ਬੁੱਧੀਜੀਵੀ। ਡਾ. ਰਤਨ ਸਿੰਘ ਢਿੱਲੋਂ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਹਿਣ ਲੱਗੇ ਕਿ ਇਕ ਵਾਰੀ ਉਨ੍ਹਾਂ ਕੋਲ ਕੁਝ ਕਿਤਾਬਾਂ ਨੂੰ ਲੈ ਕੇ ਸਨਮਾਨ ਦੀ ਚੋਣ ਦਾ ਫੈਸਲਾ ਕਰਨ ਵਾਸਤੇ ਭੇਜਿਆ ਗਿਆ ਸੀ। ਮੁਹਰਲੀਆਂ ਕਿਤਾਬਾਂ ਦੇ ਨਾਂਅ, ਵਿਚ ਡਾ. ਦੀਪਤੀ ਦਾ ਨਾਂਅ ਸੀ, ਅੱਜ ਮੈਨੂੰ ਇਨ੍ਹਾਂ ਦੇ ਵਿਚਾਰ ਸੁਣ ਕੇ ਲੱਗਿਆ ਕਿ ਇਨ੍ਹਾਂ ਦਾ ਨਾਂਅ ਇਨਾਮ ਲਈ ਸਵੀਕਾਰਨ ਤੋਂ ਕਿਉਂ ਰੋਕ ਲੱਗੀ। ਮੇਰੇ ਮੂੰਹ ਵਿੱਚੋਂ ਇੱਕ-ਦਮ ਨਿਕਲਿਆ, ਉਹ ਮੇਰੇ ਸਨਮਾਨ ਦੀ ਗਵਾਹੀ ਭਰ ਰਹੀ ਹੈ।

ਮੈਂ ਸਮਝਦਾ ਹਾਂ ਕਿ ਸਮਾਜ ਵਿਚ ਸਭ ਤੋਂ ਵਿਵੇਕਸ਼ੀਲ ਜੇ ਕੋਈ ਸ਼ਖਸ ਹੈ ਤਾਂ ਉਹ ਲੇਖਕ ਹੈ। ਉਹ ਕਲਾਕਾਰ ਦੀ ਸ਼੍ਰੇਣੀ ਵਿਚ ਆਉਂਦਾ ਹੈ, ਜਿਸ ਦੇ ਮੱਥੇ ਵਿਚ ਤੀਸਰੀ ਅੱਖ ਵਜੋਂ ਤਸਵੀਰ ਉਭਾਰੀ ਜਾਂਦੀ ਹੈ, ਇਹ ਤੀਸਰੀ ਅੱਖ ਚਿੰਤਨ ਅਤੇ ਵਿਸ਼ਲੇਸ਼ਣ ਦੀ ਹੈ, ਜੋ ਸਮਾਜ ਨੂੰ ਕਈ ਪੱਖਾਂ ਤੋਂ ਆਰ-ਪਾਰ ਦੇਖਦੀ ਹੈ। ਇਹ ਅੱਖ ਟੈਲੀਸਕੋਪ ਦਾ ਕੰਮ ਵੀ ਕਰਦੀ ਹੈ ਤੇ ਪ੍ਰਜ਼ੋਮ ਦਾ ਵੀ, ਇਸ ਤਰ੍ਹਾਂ ਲੇਖਕ ਦੂਰ-ਅੰਦੇਸ਼ੀ ਵੀ ਹੈ ਤੇ ਸਮਾਜ ਦੀ ਪੁਣ-ਛਾਣ ਕਰਨ ਵਾਲਾ ਵੀ। ਜਿਵੇਂ ਆਪਾਂ ਮੁਨਸ਼ੀ ਪ੍ਰੇਮ ਚੰਦ ਦੀ ਗੱਲ ਕੀਤੀ ਹੈ ਕਿ ਲੇਖਕ ਨੂੰ ਰੋਸ਼ਨੀ ਦੀ ਮਿਸ਼ਾਲ ਲੈ ਕੇ ਅੱਗੇ ਤੁਰਨਾ ਚਾਹੀਦਾ ਹੈ ਤੇ ਬਾਕੀ ਉਸ ਦੀ ਰੋਸ਼ਨੀ ਵਿਚ ਉਹਦਾ ਅਨੁਸ਼ਰਨ ਕਰਨ। ਦੇਖਣ ਵਿਚ ਆ ਰਿਹਾ ਹੈ ਜਿਸ ਸ਼ਖਸ ਨੇ ਸਮਾਜ ਵਿਚ, ਸਮਾਜ ਪ੍ਰਤੀ ਲੋਕਾਂ ਵਿਚ ਆਪਸੀ ਮੇਲ-ਮਿਲਾਪ ਤੇ ਪਿਆਰ ਪ੍ਰਤੀ ਭਰੋਸਾ ਪੈਦਾ ਕਰਨਾ ਹੈ, ਉਹ ਆਪ ਹੀ, ਬੇ-ਵਿਸ਼ਵਾਸੀ ਵਿਚ ਜੀਅ ਰਿਹਾ ਹੈ। ਖੁਦ ਤੇ ਬੇ-ਵਿਸ਼ਵਾਸੀ ਵਾਲੇ ਵਿਅਕਤੀ ਤੋਂ ਕਿਸੇ ਤਰ੍ਹਾਂ ਦੀ ਸੇਧ ਦੀ ਆਸ ਨਹੀਂ ਰੱਖੀ ਜਾ ਸਕਦੀ।

ਹਿੰਦੀ ਦੇ ਸ਼ਾਇਰ, ਸਾਡੇ ਆਪਣੇ ਹੀ ਲੇਖਕ ਭਰਾ, ਦੁਸ਼ਅੰਤ ਕੁਮਾਰ ਦਾ ਇਕ ਸ਼ੇਅਰ ਸਾਨੂੰ ਇਸ ਬੇ-ਵਿਸ਼ਵਾਸੀ ਤੋਂ ਬਾਹਰ ਕੱਢਣ ਦੀ ਸਮਰੱਥਾ ਰੱਖਦਾ ਹੈ, ਜਿਸ ਦੀ ਕਿ ਆਸ ਸਾਰੇ ਲੇਖਕਾਂ ਤੋਂ ਕੀਤੀ ਜਾਂਦੀ ਹੈ।

ਕੌਣ ਕਹਤਾ ਹੈ ਅਕਾਸ਼ ਮੇਂ ਛੇਦ ਨਹੀਂ ਹੋ ਸਕਤਾ,<br>
ਏਕ ਪੱਥਰ ਤੋ ਤਬੀਅਤ ਸੇ ਉਛਾਲੋ ਯਾਰੋ।

ਜਥੇਬੰਦੀ ਦੀ ਆਪਣੀ ਤਾਕਤ ਹੁੰਦੀ ਹੈ ਤੇ ਉਸ ਦੇ ਫਾਇਦੇ ਵੀ ਹੁੰਦੇ ਹਨ। ਇਸ ਦੌਰਾਨ ਪੰਜਾਬੀ ਦੀ ਸੰਵੇਦਨਸ਼ੀਲ ਕਵਿੱਤਰੀ ਅਰਤਿੰਦਰ ਸੰਧੂ ਮਿਲਣ ਆਏ ਤੇ ਚੋਣਾਂ ਨੂੰ ਲੈ ਕੇ ਕਹਿਣ ਲੱਗੇ। ਬੜਾ ਅਜੀਬ ਜਿਹਾ ਮਾਹੌਲ ਬਣ ਰਿਹਾ ਹੈ, ਇਸ ਵਾਰੀ ਅਕਾਡਮੀ ਦੇ ਅਹੁਦਿਆਂ ਨੂੰ ਲੈ ਕੇ। ਕੋਈ ਕਹਿ ਰਿਹਾ ਹੈ ਕਾਮਰੇਡ ਇਕੱਠੇ ਹੋਣ, ਕੋਈ ਕਹਿ ਰਿਹਾ ਹੈ ਦਲਿਤ ਲੇਖਕ ਤਾਂ ਇਕੱਠੇ ਹਨ ਹੀ ਤੇ ਹੁਣ ਉਹ ਇਸ ਤੋਂ ਅਗਲੇ ਪੜਾਅ 'ਤੇ ਪਹੁੰਚਣ ਦੇ ਚਾਹਵਾਨ ਹਨ। ਗੱਲਾਂ ਕਰਦੇ-ਕਰਦੇ ਕਹਿਣ ਲੱਗੇ ਇਹ ਸਾਰੇ ਲੇਖਕ ਖਾਸ ਤੌਰ 'ਤੇ ਖੱਬੇ ਪੱਖੀ, ਖੁਦ ਜਾਂ ਆਪਣੇ ਬੱਚਿਆਂ ਨੂੰ ਸੈੱਟ ਕਰਨਾ ਹੋਵੇ ਤਾਂ ਅਮਰੀਕਾ ਜਾਂ ਕੈਨੇਡਾ ਵੱਲ ਦੇਖਦੇ ਹਨ। ਉਹ ਕਦੇ ਵੀ ਕਿਊਬਾ, ਚੀਨ ਜਾਂ ਰੂਸ ਦੀ ਗੱਲ ਨਹੀਂ ਕਰਦੇ।

ਗੱਲ ਤਾਂ ਉਹੀ ਹੈ, ਆਪਣੀ ਵਿਚਾਰਧਾਰਾ 'ਤੇ ਵਿਸ਼ਵਾਸ ਦੀ। ਜੋ ਹੌਲੀ-ਹੌਲੀ ਲੇਖਕਾਂ ਵਿੱਚੋਂ ਖੁਰ ਰਿਹਾ ਹੈ।

ਹੁਣ ਜਦੋਂ ਲੇਖਕਾਂ ਨੇ ਬਾਕੀ ਸੰਸਥਾਵਾਂ ਦੀ ਤਰਜ਼ 'ਤੇ ਇਕੱਠੇ ਹੋਣ ਦਾ ਮਨ ਬਣਾ ਹੀ ਲਿਆ ਹੈ ਤਾਂ ਇਹ ਕੰਮ ਬਾਕੀ ਸੰਸਥਾਵਾਂ ਤੋਂ ਨਿਵੇਕਲਾ ਅਤੇ ਉਸਾਰੂ ਹੋਵੇ ਤੇ ਹੋਰਾਂ ਨੂੰ ਸੇਧ ਦੇਣ ਵਾਲਾ ਹੋਣਾ ਚਾਹੀਦਾ ਹੈ, ਨਾ ਕਿ ਵਿਚਾਰਾਂ ਨੂੰ ਭਟਕਾਉਣ ਅਤੇ ਧੁੰਦਲੇਪਨ ਦਾ ਸ਼ਿਕਾਰ ਕਰਨ ਵਾਲਾ।

***ਮੋਬਾ : 98158-08506***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

31-March-Sunday.qxd 3/30/2024 10:38 PM Page 4



# ਲੋਕ ਚੇਤਿਆਂ 'ਚ ਬੈਠੇ ਕਲਮਕਾਰਾਂ ਦੀ ਬਾਤ ਪਾਉਂਦੀ ਕਿਤਾਬ

ਕਿਤਾਬ ਦੀ ਪਰਖ ਪੜਚੋਲ





**ਹਰਜਿੰਦਰ ਸਿੰਘ ਅਟਵਾਲ (ਡਾ.)**

## ਹਾਜ਼ਰ-ਗ਼ੈਰਹਾਜ਼ਰ

**ਲਖਵਿੰਦਰ ਸਿੰਘ ਜੌਹਲ**
**ਪੰਨੇ : 144, ਮੁੱਲ : 200 ਰੁਪਏ**
**ਰਿਵਰਜ਼ ਪ੍ਰੈੱਸ ਨਵੀਂ ਦਿੱਲੀ**

ਬਾਤਾਂ ਦਾ ਸੰਕਲਪ ਸਾਡੇ ਚੇਤਿਆਂ ਵਿੱਚ ਬਹੁਤ ਹੀ ਗੂੜ੍ਹੀ ਤਰ੍ਹਾਂ ਸਮੋਇਆ ਹੋਇਆ ਹੈ। ਬਾਤਾਂ ਵਿੱਚ ਪਹਿਲਾਂ ਹੋਈ-ਵਾਪਰੀ ਘਟਨਾ, ਵਰਤਾਰੇ ਦੀ ਹਰ ਬਾਤਕਾਰ ਇਕ ਤਰ੍ਹਾਂ ਨਾਲ ਪੁਨਰ ਸਿਰਜਣਾ ਹੀ ਕਰ ਰਿਹਾ ਹੁੰਦਾ ਹੈ। ਬਾਤਾਂ ਦੀ ਬਿਰਤਾਂਤਕਾਰੀ ਗ਼ਲਪਕਾਰੀ ਵਰਗੀ ਹੀ ਹੁੰਦੀ ਹੈ, ਜਿਸ ਵਿੱਚ ਇੱਕ ਖਾਸ ਤਰ੍ਹਾਂ ਦਾ ਰਸ (ਕੰਨ-ਰਸ) ਭਰਿਆ ਜਾਂਦਾ ਹੈ, ਜੋ ਸ੍ਰੋਤੇ ਨੂੰ ਆਪਣੇ ਨਾਲ ਤੋਰਨ ਵਿੱਚ ਸਹਾਈ ਹੁੰਦਾ ਹੈ। ਰੇਖਾ ਚਿੱਤਰ, ਸ਼ਬਦ ਚਿੱਤਰ ਜਾਂ ਇਸ ਵਿਧਾ ਨੂੰ ਕੋਈ ਹੋਰ ਨਾਂਅ ਵੀ ਦੇ ਲਈਏ, ਦਾ ਮਨੋਰਥ ਅਜਿਹੇ ਵਿਅਕਤੀਆਂ/ਕਲਮਕਾਰਾਂ ਦੇ ਕਿਰਦਾਰ ਦੀ ਇੱਕ ਤਰ੍ਹਾਂ ਨਾਲ ਨਵੇਂ ਸਿਰਿਓਂ ਪੁਨਰ ਸਿਰਜਣਾ ਹੀ ਕਰਨੀ ਹੁੰਦੀ ਹੈ। ਇਹ ਪੁਨਰ ਸਿਰਜਣਾ ਕਰਦਿਆਂ ਲੇਖਕ ਉਸ ਖਾਸ ਵਿਅਕਤੀ ਦੇ ਵਿਅਕਤੀਤਤਵ ਦੇ ਉਨ੍ਹਾਂ ਪੱਖਾਂ/ਪਹਿਲੂਆਂ ਦਾ ਜ਼ਿਕਰ ਤਾਂ ਕਰਦਾ ਹੀ ਹੈ, ਜਿਨ੍ਹਾਂ ਦਾ ਪ੍ਰਭਾਵ ਆਮ ਲੋਕਾਂ/ਪਾਠਕਾਂ ਵਿੱਚ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ, ਪਰ ਇਸ ਦੇ ਨਾਲ ਲੇਖਕ ਉਸ ਪ੍ਰਭਾਵ ਵਿੱਚ ਕੁਝ ਨਾ ਕੁਝ ਅਜਿਹਾ ਜੋੜਦਾ ਵੀ ਜਾਂਦਾ ਹੈ, ਜਿਸ ਬਾਰੇ ਪਾਠਕ ਪਹਿਲਾਂ ਤੋਂ ਜਾਣੂ ਨਹੀਂ ਹੁੰਦੇ। ਲੇਖਕ ਦੀ ਲੇਖਣੀ ਦੀ ਇਹ ਵਿਲੱਖਣਤਾ ਹੀ ਪ੍ਰਭਾਵਸ਼ਾਲੀ ਬਣਦੀ ਹੈ ਅਤੇ ਉਹ ਲੇਖਣੀ ਸਾਧਾਰਨ ਤੋਂ ਵਿਸ਼ੇਸ਼ ਬਣਦੀ ਹੈ। ਕਿਸੇ ਵਿਅਕਤੀ ਦੇ ਵਿਅਕਤੀਤਤਵ ਦੇ ਇੱਕ ਅੱਧ ਖਾਸ ਗੁਣਾਂ ਕਰਕੇ ਹੀ ਪਾਠਕ ਇਸ ਪੁਨਰ ਸਿਰਜਣਾ ਨੂੰ ਪੜ੍ਹਨ ਦੀ ਰੁਚੀ ਰੱਖਦਾ ਹੈ।

ਪੰਜਾਬੀ ਵਿੱਚ ਪਹਿਲਾਂ-ਪਹਿਲ ਪੰਜਾਬੀ ਦੇ ਨਾਟਕਕਾਰ ਅਤੇ ਰੰਗਕਰਮੀ ਬਲਵੰਤ ਗਾਰਗੀ ਨੇ ਆਪਣੀਆਂ ਵੱਖੋ-ਵੱਖ ਕਿਤਾਬਾਂ ਵਿੱਚ ਪੰਜਾਬੀ ਸਾਹਿਤਕਾਰਾਂ ਦੇ ਰੇਖਾ-ਚਿੱਤਰ ਲਿਖੇ, ਜੋ ਆਪਣੇ ਸਿਰਲੇਖਾਂ ਕਰਕੇ ਵੱਧ ਚਰਚਾ ਵਿੱਚ ਰਹੇ। ਇਹ ਸਿਰਲੇਖ ਉਨ੍ਹਾਂ ਲੇਖਕਾਂ ਦੇ ਪਹਿਰਾਵੇ, ਖਾਣ-ਪੀਣ ਆਦਿ ਉਪਰ ਵਧੇਰੇ ਕਰਕੇ ਕੇਂਦਰਿਤ ਸਨ। ਕਦੀ-ਕਦੀ ਪਾਠਕ ਨੂੰ ਲਗਦਾ ਸੀ ਕਿ ਗਾਰਗੀ ਸੰਬੰਧਤ ਲੇਖਕ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਪੇਸ਼ ਕਰ ਰਿਹਾ ਹੈ ਜਾਂ ਅਜਿਹਾ ਕੋਈ ਹੋਰ ਪ੍ਰਭਾਵ ਇਹ ਰੇਖਾ ਚਿੱਤਰ ਸਿਰਜਦੇ ਰਹਿੰਦੇ ਸਨ। ਬਾਅਦ ਵਿੱਚ ਇਸ ਪਾਸੇ ਨਿੱਠ ਕੇ ਚੰਗਾ ਅਤੇ ਮਿਆਰੀ ਕਾਰਜ ਵੀ ਹੋਇਆ ਹੈ। ਪੰਜਾਬੀ ਦੇ ਸਥਾਪਤ ਲੇਖਕਾਂ ਨੇ ਜਦੋਂ ਨਿੱਠ ਕੇ ਇਸ ਪਾਸੇ ਕੰਮ ਕੀਤਾ ਤਾਂ 'ਸ਼ਬਦ ਚਿੱਤਰ ਸਾਹਿਤ' ਮਿਆਰੀ ਬਣਦਾ ਜਾ ਰਿਹਾ ਹੈ। ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੀ ਪਿੱਛੇ ਜਿਹੇ ਸ਼ਬਦ ਚਿੱਤਰਾਂ ਦੀ ਇਕ ਪੁਸਤਕ ਆਈ ਹੈ, ਜੋ ਇਸ ਮਿਆਰੀ ਕਾਰਜ ਦੀ ਪਛਾਣ ਬਣੀ। ਲਖਵਿੰਦਰ ਸਿੰਘ ਜੌਹਲ ਦੀ ਇਹ ਪੁਸਤਕ 'ਹਾਜ਼ਰ-ਗ਼ੈਰ ਹਾਜ਼ਰ' ਉਸੇ ਹੀ ਲੜੀ ਵਿੱਚ ਅਗਲਾ ਕਦਮ ਦੇਖੀ ਜਾ ਰਹੀ ਹੈ, ਜਿਸ ਵਿੱਚ ਉਸ ਨੇ ਚੌਦਾਂ ਅਜਿਹੇ ਕਲਮਕਾਰਾਂ ਬਾਰੇ ਗੱਲ ਕੀਤੀ ਹੈ, ਜੋ ਆਪਣੀ ਸਾਰੀ ਜ਼ਿੰਦਗੀ ਕਲਮਕਾਰੀ ਦੇ ਲੇਖੇ ਲਾ ਕੇ ਇਸ ਭੌਤਿਕ ਸੰਸਾਰ ਤੋਂ ਜਾ ਚੁੱਕੇ ਹਨ। ਇਨ੍ਹਾਂ ਵਿੱਚ ਇਕ ਸਦੀ ਦਾ ਇਤਿਹਾਸ ਸਾਂਭੀ ਬੈਠਾ ਜਸਵੰਤ ਸਿੰਘ ਕੰਵਲ ਵੀ ਹੈ ਅਤੇ ਆਪਣੀ ਉਮਰ ਦੇ ਅਠੱਤੀ ਸਾਲ ਪੂਰੇ ਕਰਨ ਤੋਂ ਪਹਿਲਾਂ ਹੀ ਰੁਖਸਤ ਹੋਣ ਵਾਲਾ ਪੰਜਾਬੀ ਦਾ ਸਿਰਮੌਰ ਕਵੀ 'ਪਾਸ਼' ਵੀ ਸ਼ਾਮਲ ਹੈ। ਇਨ੍ਹਾਂ ਸਾਰਿਆਂ ਦੀ ਸਾਂਝ ਇਹ ਹੈ ਕਿ ਇਹ ਸਾਰੇ ਕਲਮਕਾਰ ਹਨ, ਵਿਚਾਰਧਾਰਕ ਵਖਰੇਵਿਆਂ ਦੇ ਹੁੰਦਿਆਂ ਹੋਇਆਂ ਵੀ ਇਹ ਸਾਰੇ ਆਪੋ-ਆਪਣੇ ਕਾਰਜ ਖੇਤਰਾਂ ਵਿੱਚ ਆਪਣਾ ਵਿਸ਼ੇਸ਼ ਥਾਂ ਬਣਾ ਚੁੱਕੇ ਸਨ। ਇਨ੍ਹਾਂ ਕਲਮਕਾਰਾਂ ਵਿੱਚ ਨਿਰੋਲ ਸਾਹਿਤ ਲੇਖਣੀ ਨਾਲ ਜੁੜੇ ਲੋਕ ਵੀ ਹਨ, ਪੱਤਰਕਾਰੀ ਨਾਲ ਜੁੜੇ ਹੋਏ ਵੀ। ਰਾਜਨੀਤਕ ਵਿਚਾਰਧਾਰਾ ਨਾਲ ਬੱਝੇ ਹੋਏ ਵੀ ਅਤੇ ਰਾਜਨੀਤਕ ਵਿਚਾਰਧਾਰਾ ਨਾਲ ਜੁੜਦੇ-ਟੁੱਟਦੇ ਹੋਏ ਨਾਂਅ ਵੀ ਸ਼ਾਮਲ ਹਨ। ਇਨ੍ਹਾਂ ਸਾਰੇ ਵਖਰੇਵਿਆਂ ਦੇ ਬਾਵਜੂਦ ਇਨ੍ਹਾਂ ਵਿੱਚ ਇੱਕ ਸਾਂਝ ਇਹ ਬਣੀ ਰਹਿੰਦੀ ਹੈ ਕਿ ਇਹ ਆਪਣੇ ਅਕੀਦਿਆਂ ਪ੍ਰਤੀ ਪੂਰੀ ਤਰ੍ਹਾਂ ਚੇਤੰਨ ਵੀ ਰਹੇ ਅਤੇ ਸਮਾਜਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਵੀ ਪਿੱਛੇ ਨਹੀਂ ਹਟੇ, ਸਗੋਂ ਉਨ੍ਹਾਂ ਨਾਲ ਪੂਰੀ ਤਨਦੇਹੀ ਨਾਲ ਨਿਭੇ। ਇਕ ਤਰ੍ਹਾਂ ਨਾਲ ਇਹ ਚੌਦਾਂ ਲੋਕ ਨਾਇਕ ਹੀ ਹਨ, ਜਿਨ੍ਹਾਂ ਦੀਆਂ ਬਾਤਾਂ ਦੀ ਲਖਵਿੰਦਰ ਇਕ ਤਰ੍ਹਾਂ ਪੁਨਰ ਸਿਰਜਣਾ ਹੀ ਕਰ ਰਿਹਾ ਹੈ। ਉਹ ਆਪਣੇ ਸ਼ੁਰੂਆਤੀ ਲੇਖ 'ਮਨੋ-ਬਿੰਬਾਂ ਦੀ ਪੁਨਰ ਸਿਰਜਣਾ' ਵਿੱਚ ਸਵੀਕਾਰ ਕਰਦਾ ਹੈ ਕਿ ਇਸ ਪੁਸਤਕ ਵਿੱਚ ਪੇਸ਼ ਵਿਅਕਤੀਤਵ ਉਸ ਦੀਆਂ ਸਿਮਰਤੀਆਂ ਵਿੱਚ ਸਮਾਏ ਸੱਚ ਨੂੰ ਸ਼ਬਦਾਂ ਵਿੱਚ ਪ੍ਰੋਣ ਦੀ ਪ੍ਰਕਿਰਿਆ ਹੈ। ਇਨ੍ਹਾਂ ਵਿੱਚ ਉਹ ਉਨ੍ਹਾਂ ਪਲਾਂ ਨੂੰ ਮੁੜ ਚਿਤਰਦਾ ਹੈ, ਜੋ ਉਸ ਨੇ ਉਨ੍ਹਾਂ ਨਾਲ ਬਿਤਾਏ। ਇਹ ਉਸ ਦੀ ਹੱਡੀਂ ਹੰਢਾਏ ਸੱਚ ਦੀ ਹੀ ਪੇਸ਼ਕਾਰੀ ਹੈ।

ਜਸਵੰਤ ਸਿੰਘ ਕੰਵਲ ਨੂੰ ਉਹ 'ਸੌ ਕੋਹ ਲੰਮੀ ਲੋਹ-ਕਥਾ' ਦਾ ਸਿਰਲੇਖ ਦਿੰਦਾ ਹੈ, ਜੋ ਕੰਵਲ ਦੀ ਲੰਮੀ ਉਮਰ ਅਤੇ ਉਸ ਦੀ ਲੋਹ-ਕਥਾ ਵਰਗੀ ਸੋਚ ਦਾ ਧਾਰਨੀ ਜਾਪਦਾ ਹੈ। ਕੰਵਲ ਦੀ ਨਾਵਲਕਾਰੀ ਬਾਰੇ ਲਖਵਿੰਦਰ ਜਦੋਂ ਆਪਣਾ ਨਿਰਣਾ ਦਿੰਦਾ ਹੈ ਤਾਂ ਉਹ ਬਿਨਾਂ ਕਿਸੇ ਲੱਗ-ਲਪੇਟ ਦੇ ਸਪੱਸ਼ਟ ਸ਼ਬਦਾਂ ਵਿੱਚ ਕਹਿੰਦਾ ਹੈ:

"ਇਹ ਪੰਜਾਬ ਦੀ ਉਸ ਵਿਦਰੋਹੀ ਪਰੰਪਰਾ ਦਾ ਨਾਵਲੀ ਰੂਪਾਂਤਰਣ ਹੈ, ਜਿਹੜੀ ਮੱਧ ਕਾਲ ਦੇ ਕਿੱਸਾ ਸਾਹਿਤ ਦਾ ਮੂਲ ਵਿਸ਼ਾ ਰਹੀ ਹੈ।"

ਇਸ ਤੱਥ ਨੂੰ ਅੱਗੇ ਜਾ ਕੇ ਉਹ ਹੋਰ ਸਪੱਸ਼ਟ ਕਰਦਾ ਹੈ ਅਤੇ ਨਿਰਣਾ ਦਿੰਦਾ ਹੈ ਕਿ :

"ਉਹ ਆਪਣੀਆਂ ਜੜ੍ਹਾਂ ਆਪਣੀ ਮਿੱਟੀ ਵਿੱਚ ਤਲਾਸ਼ਣ ਦਾ ਸ਼ੈਦਾਈ ਵੀ ਸੀ। ਨਿਵੇਕਲੀ ਰੁਮਾਨੀਅਤ ਦੇ ਇਸੇ ਤੇਜ ਨੇ ਜਸਵੰਤ ਸਿੰਘ ਕੰਵਲ ਨੂੰ ਬਹੁਤ ਜਲਦੀ ਹੀ ਟਕਸਾਲੀ ਪ੍ਰਗਤੀਵਾਦੀਆਂ ਨਾਲੋਂ ਨਿਖੇੜ ਕੇ ਪੰਜਾਬ ਅਤੇ ਪੰਜਾਬੀਅਤ ਦੇ ਉਨ੍ਹਾਂ ਸੰਕਲਪਾਂ ਦੇ ਨੇੜੇ ਲੈ ਆਂਦਾ, ਜਿਹੜੇ ਪੰਜਾਬੀ ਕੌਮ ਨੂੰ ਉਸ ਦੇ ਮੌਲਿਕ ਜਾਂ ਮੂਲ ਸੁਭਾਅ ਅਨੁਸਾਰ ਵੇਖਣਾ ਅਤੇ ਵਿਸਥਾਰਨਾ ਚਾਹੁੰਦੇ ਸਨ।" ਕੰਵਲ ਬਾਰੇ ਆਪਣੀ ਗੱਲ ਨੂੰ ਸਮੇਟਦਿਆਂ ਉਹ ਕਹਿੰਦਾ ਹੈ ਕਿ:

"ਉਸ ਦੀ ਸ਼ਖ਼ਸੀਅਤ ਪਿੰਡ ਢੁੱਡੀਕੇ ਦੀ ਜੂਹ ਵਿੱਚੋਂ ਨਿਕਲੀ ਪੰਜਾਬੀਅਤ ਦੀ ਉਹ ਸਦਾ ਸੀ, ਜਿਹੜੀ ਪੰਜਾਬ ਦੀ ਨਾਬਰੀ-ਪਰੰਪਰਾ ਨੂੰ ਨਿੱਤ ਨਵੇਂ ਪਾਸਾਰ ਅਤੇ ਨਿਖਾਰ ਦਿੰਦੀ ਰਹੀ।"

ਇਸ ਤਰ੍ਹਾਂ ਨਾਲ ਉਹ ਸਾਡੇ ਚੇਤਿਆਂ ਵਿੱਚ ਬੈਠੀ ਕੰਵਲ ਦੀ ਵੱਖਰੀ ਪਛਾਣ ਦਾ ਰੰਗ ਹੋਰ ਗੂੜ੍ਹਾ ਵੀ ਕਰਦਾ ਹੈ ਅਤੇ ਉਸ ਰੰਗ ਨੂੰ ਹੋਰ ਚਮਕਾਉਂਦਾ ਵੀ ਹੈ।

ਪੰਜਾਬੀ ਦੇ ਕੁਲਵਕਤੀ ਲੇਖਕ ਸੰਤੋਖ ਸਿੰਘ ਧੀਰ ਦੀ ਗੱਲ ਕਰਦਿਆਂ ਉਹ ਕਹਿੰਦਾ ਹੈ ਕਿ ਜ਼ਿੰਦਗੀ ਦੀਆਂ ਅਥਾਹ ਦੁਸ਼ਵਾਰੀਆਂ ਦੇ ਬਾਵਜੂਦ ਉਹ ਸਮਝੌਤਾਵਾਦੀ ਨਹੀਂ ਸੀ। ਇਸ ਤੱਥ ਦੀ ਗਵਾਹੀ ਹਰ ਉਹ ਵਿਅਕਤੀ ਭਰਦਾ ਹੈ, ਜੋ ਧੀਰ ਹੁਰਾਂ ਦੇ ਥੋੜ੍ਹਾ ਬਹੁਤਾ ਵੀ ਨਾਲ ਰਿਹਾ ਹੋਵੇ, ਧੀਰ ਦਾ ਪਾਠਕ ਹੋਵੇ। ਧੀਰ ਦੇ ਦੂਰਦਰਸ਼ਨ ਵਾਲੇ ਪ੍ਰਸੰਗ ਵਿੱਚੋਂ ਵੀ ਉਸ ਦਾ ਲਾਲਚ ਨਹੀਂ, ਸਗੋਂ ਪ੍ਰਤੀਬੱਧਤਾ ਹੀ ਨਜ਼ਰ ਆਉਂਦੀ ਹੈ, ਉਹ ਭਾਵੇਂ ਨਿੱਜੀ ਅਸੂਲਾਂ ਦੀ ਪੱਧਰ 'ਤੇ ਹੀ ਕਿਉਂ ਨਾ ਹੋਵੇ। ਧੀਰ ਨੇ ਕਦੇ ਕਿਹਾ ਸੀ ਕਿ:

"ਮੈਂ ਗੁਰੂ ਨਾਨਕ ਦਾ ਸਿੱਖ ਵੀ ਹਾਂ ਅਤੇ ਲੈਨਿਨ ਦਾ ਸਿਪਾਹੀ ਵੀ ਹਾਂ।"

ਕਾਮਰੇਡ ਜਗਜੀਤ ਸਿੰਘ ਆਨੰਦ ਨੂੰ ਉਹ ਸਖ਼ਤ ਸੁਭਾਅ ਵਾਲਾ ਨਰਮ ਦਿਲ ਇਨਸਾਨ ਕਹਿੰਦਾ ਹੈ। ਆਨੰਦ ਹੁਰਾਂ ਅੱਧੀ ਸਦੀ ਤੋਂ ਵੱਧ 'ਨਵਾਂ ਜ਼ਮਾਨਾ' ਦੀ ਮੁੱਖ ਸੰਪਾਦਕੀ ਵਾਲਾ ਸਫ਼ਰ ਤਹਿ ਕਰਦਿਆਂ ਪੱਤਰਕਾਰੀ ਵਿੱਚ ਅਮਿੱਟ ਪੈੜਾਂ ਸਿਰਜੀਆਂ ਹਨ। ਆਨੰਦ ਹੁਰਾਂ ਦੀ ਅਦਭੁੱਤ ਸ਼ਖ਼ਸੀਅਤ ਨੂੰ ਸਿਰਜਣ ਲਈ ਲਖਵਿੰਦਰ ਆਨੰਦ ਹੁਰਾਂ ਦੇ ਸਾਥੀ ਕਾਮਰੇਡ ਸੋਹਣ ਸਿੰਘ ਜੋਸ਼ ਦੀ ਕਹੀ ਹੋਈ ਗੱਲ ਦਾ ਹਵਾਲਾ ਵੀ ਪੇਸ਼ ਕਰਦੇ ਹਨ:

"ਜੇਕਰ ਆਨੰਦ ਨੂੰ ਆਪਣੇ ਗੁੱਸੇ ਉੱਤੇ ਕਾਬੂ ਪਾ ਲੈਣ ਦੀ ਮੁਹਾਰਤ ਹੁੰਦੀ ਤਾਂ ਪੰਡਤ ਨਹਿਰੂ ਤੋਂ ਬਾਅਦ ਇਹ ਦੇਸ਼ ਦੀ ਸਭ ਤੋਂ ਵੱਡੀ ਰਾਜਨੀਤਕ ਸ਼ਖ਼ਸੀਅਤ ਹੁੰਦੀ ਅਤੇ ਇਸ ਦਾ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਣਾ ਵੀ ਸੰਭਵ ਹੁੰਦਾ।"

ਕਾਮਰੇਡ ਆਨੰਦ ਪੱਤਰਕਾਰੀ ਅਤੇ ਸਾਹਿਤਕਾਰੀ ਦਾ ਸੁੰਦਰ ਸੁਮੇਲ ਹੋਣ ਕਰਕੇ ਉਹ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੀਆਂ ਸਰਗਰਮੀਆਂ ਨਾਲ ਜੁੜੇ ਰਹਿੰਦੇ ਸਨ, ਨਵੇਂ ਲੇਖਕਾਂ ਨੂੰ ਇਨ੍ਹਾਂ ਨਾਲ ਜੋੜਨ ਦਾ ਉਪਰਾਲਾ ਵੀ ਕਰਦੇ ਰਹਿੰਦੇ ਸਨ।

ਜਿਊਂਦੀ-ਜਾਗਦੀ ਦੰਦ ਕਥਾ ਵਿੱਚ ਲੋਕ-ਪੱਖੀ ਪ੍ਰਤੀਬੱਧ ਪੱਤਰਕਾਰ ਅਤੇ ਲੇਖਕ ਸੁਰਜਨ ਸਿੰਘ ਜ਼ੀਰਵੀ ਦਾ ਜ਼ਿਕਰ ਕਰਦਾ ਹੈ। ਜ਼ੀਰਵੀ ਨੇ ਪੱਤਰਕਾਰੀ ਦੀ ਨਵਾਂ ਜ਼ਮਾਨਾ ਅਦਾਰੇ ਨਾਲ ਜੁੜੇ ਲੋਕਾਂ ਨੂੰ ਅਜਿਹੀ ਸਿੱਖਿਆ ਦਿੱਤੀ ਜੋ ਵੱਖ-ਵੱਖ ਅਦਾਰਿਆਂ ਵਿੱਚ ਚਮਕਦੇ ਸਿਤਾਰੇ ਬਣਦੇ ਰਹੇ। ਤਲਖ ਹਾਲਾਤ ਵਿੱਚ ਵੀ ਜ਼ੀਰਵੀ ਦੀ ਮੁਸਕਰਾਹਟ ਸਦਾ ਉਨ੍ਹਾਂ ਲੋਕਾਂ ਦੇ ਅੰਗ-ਸੰਗ ਰਹੀ, ਜੋ ਥੋੜ੍ਹਾ-ਬਹੁਤਾ ਵੀ ਉਸ ਦੇ ਨਾਲ ਵਿਚਰੇ।

'ਕਾਮਰੇਡ ਕਵੀ ਬਾਰੇ ਮੇਰਾ ਹਲਫ਼ੀਆ ਬਿਆਨ' ਵਿੱਚ ਉਹ ਹਰਭਜਨ ਸਿੰਘ ਹੁੰਦਲ ਦੀ ਗੱਲ ਕਰਦਿਆਂ ਕਹਿੰਦਾ ਹੈ ਕਿ ਜਦੋਂ ਪੰਜਾਬ ਉਸ ਤੱਤੇ ਦੌਰ ਵਿੱਚੀਂ ਲੰਘ ਰਿਹਾ ਸੀ ਜਦੋਂ ਸੱਤਾ ਨੂੰ ਵੰਗਾਰਨ ਦਾ ਜ਼ਿੰਮਾਂ ਸਾਹਿਤਕਾਰਾਂ ਖਾਸ ਤੌਰ 'ਤੇ ਕਵੀਆਂ ਨੇ ਆਪਣੇ ਹੱਥਾਂ ਵਿੱਚ ਲਿਆ ਹੋਇਆ ਸੀ, ਉਸ ਸਮੇਂ ਹਰਭਜਨ ਹੁੰਦਲ ਪੰਜਾਬੀ ਕਾਵਿ ਜਗਤ ਉਪਰ ਪੂਰੀ ਤਰ੍ਹਾਂ ਛਾਇਆ ਹੋਇਆ ਸੀ। ਹੁੰਦਲ ਦੇ ਜਥੇਬੰਧਕ ਕੰਮਾਂ ਨਾਲ ਬੇਸ਼ਕ ਲਖਵਿੰਦਰ ਸਮੇਤ ਕਾਫ਼ੀ ਹੋਰਾਂ ਦਾ ਵੀ ਵਿਰੋਧ ਰਿਹਾ ਹੋਵੇ, ਪਰ ਉਹ ਸਾਡੇ ਆਦਰਸ਼ ਕਵੀਆਂ ਵਿੱਚੋਂ ਇੱਕ ਸੀ। ਵੀਹਵੀਂ ਸਦੀ ਦੇ ਆਖਰੀ ਸਾਲਾਂ ਵਿੱਚ ਲਿਖੀਆਂ ਉਸ ਦੀਆਂ ਇਹ ਸਤਰਾਂ ਵਿਸ਼ੇਸ਼ ਧਿਆਨ ਖਿੱਚਦੀਆਂ ਹਨ:

'ਦੇਸ਼ ਅਸਾਡਾ ਕਿੱਥੋਂ ਕਿੱਥੇ ਪਹੁੰਚ ਗਿਆ
ਕਵਿਤਾ ਦੇ ਹੁਣ ਅਰਥ ਸਿਪਾਹੀ ਕਰਦੇ ਨੇ..,

ਸੋਹਣ ਸਿੰਘ ਮੀਸ਼ਾ ਨੂੰ ਉਹ 'ਧੀਮੇ ਬੋਲਾਂ ਦਾ ਬੁਲੰਦ ਕਵੀ' ਕਹਿ ਕੇ ਸੰਬੋਧਤ ਹੁੰਦਾ ਹੈ। ਲਖਵਿੰਦਰ ਉਸ ਦੀ ਕਾਵਿਕਾਰੀ ਦੀ ਵਿਲੱਖਣਤਾ ਬਾਰੇ ਆਪਣਾ ਸਪੱਸ਼ਟ ਨਿਰਣਾ ਕਰਦਾ ਕਹਿੰਦਾ ਹੈ ਕਿ ਉਹ ਪ੍ਰਗਤੀਵਾਦੀਆਂ, ਪ੍ਰਯੋਗਵਾਦੀਆਂ ਅਤੇ ਨਵ-ਪ੍ਰਗਤੀਵਾਦੀਆਂ ਨਾਲ ਦੋਸਤੀ ਪੁਗਾਉਂਦਾ ਹੋਇਆ ਵੀ ਆਪਣੀ ਕਵਿਤਾ ਵਿੱਚੋਂ ਕਾਵਿਕਤਾ ਨੂੰ ਮਰਨ ਨਹੀਂ ਸੀ ਦਿੰਦਾ। ਲਖਵਿੰਦਰ ਨੂੰ ਮੀਸ਼ਾ ਕਾਵਿ ਵਿੱਚ ਸ਼ੁੱਧ ਕਵਿਤਾ ਵਾਲੇ ਕਲਾਤਮਿਕ ਰੂਪਕ ਸਿਰਜਣ ਦੀ ਅਦੁੱਤੀ ਮਿਸਾਲ ਮਿਲਦੀ ਹੈ।

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਕੁਝ ਜ਼ਿਕਰਯੋਗ ਕਿਤਾਬਾਂ ਦੇ ਨਵੇਂ ਐਡੀਸ਼ਨ

## ਸੜਕਾਂ ਤੇ ਕਮਰੇ

(ਨਾਵਲ)
**ਸੁਖਬੀਰ**
**ਪੰਨੇ : 532, ਮੁੱਲ : 600 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**



ਪਿਛਲੇ ਪੰਜਾਂ-ਛਿਆਂ ਦਿਨਾਂ ਤੋਂ ਪ੍ਰਦੀਪ ਨਾਵਲ 'ਤੇ ਕੰਮ ਕਰਦਾ ਰਿਹਾ ਸੀ। ਨਾਵਲ ਤੋਂ ਛੁੱਟ ਉਹ ਹੋਰ ਵੀ ਲਿਖਣ-ਪੜ੍ਹਨ ਦਾ ਕੰਮ ਕਰਦਾ ਰਿਹਾ ਸੀ। ਉਸ ਨੇ ਇੱਕ ਲੇਖ ਤੇ ਦੋ ਕਹਾਣੀਆਂ ਲਿਖੀਆਂ ਸਨ। ਜੇ ਕੱਲ੍ਹ ਦੀ ਮੀਟਿੰਗ ਵਿੱਚ ਉਸ ਨੇ ਕਹਾਣੀ ਨਾ ਸੁਣਾਉਣੀ ਹੁੰਦੀ, ਤਾਂ ਹਾਲੇ ਹੋਰ ਪੰਜ-ਸੱਤ ਦਿਨ ਸ਼ਹਿਰ ਨਹੀਂ ਸੀ ਜਾਣਾ। ਕਦੇ-ਕਦੇ ਉਹ ਮੀਟਿੰਗ ਖੁੰਝਾ ਵੀ ਦਿੰਦਾ ਸੀ। ਕੱਲ੍ਹ ਵੀ ਸ਼ਾਇਦ ਖੁੰਝਾ ਦਿੰਦਾ, ਪਰ ਕਹਾਣੀ ਕਰਕੇ ਜਾਣਾ ਪਿਆ ਸੀ। ਨਾਵਲ ਕਹਿ ਰਿਹਾ ਸੀ ਕਿ ਨਾ ਜਾਵਾਂ, ਕਹਾਣੀ ਕਹਿ ਰਹੀ ਸੀ ਕਿ ਜਾਣਾ ਚਾਹੀਦਾ ਏ। ਵਾਅਦਾ ਕੀਤਾ ਹੋਇਆ ਏ, ਤਾਂ ਜਾਣਾ ਚਾਹੀਦਾ ਏ। ਤੇ ਚੰਗਾ ਹੋਇਆ, ਜੋ ਗਿਆ।

**- ਨਾਵਲ 'ਚੋਂ**

## ਤਲਵੰਡੀ ਸਲੇਮ ਨੂੰ ਜਾਂਦੀ ਸੜਕ

(ਪਾਸ਼ ਦੀ ਵਾਰਤਕ)
**ਸੰਕਲਨ ਤੇ ਸੰਪਾਦਨ : ਸੋਹਣ ਸਿੰਘ ਸੰਧੂ**
**ਪੰਨੇ : 476, ਮੁੱਲ : 495 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਪੰਜਾਬੀ ਦੇ ਹਰ ਅਗਾਂਹਵਧੂ ਲਿਖਾਰੀ ਨੂੰ ਪਤਾ ਹੈ ਕਿ ਸਮਾਜ ਵਿੱਚ ਲੁੱਟਦੀ ਅਤੇ ਲੋਟੀਂਦੀ ਦੋ ਜਮਾਤਾਂ ਹਨ। ਲੋਟੂ ਦੇ ਖ਼ਿਲਾਫ਼ ਲੁੱਟ ਹੋ ਰਹੀ ਜਮਾਤ ਦੇ ਹੱਕ ਵਿੱਚ ਖਲੋਣਾ ਚਾਹੀਦਾ ਹੈ। ਇਹ ਸਭ ਨੂੰ ਪਤਾ ਹੈ ਅਤੇ ਸਭ ਨੂੰ ਇਹ ਹੀ ਪਤਾ ਹੈ। ਸਭ ਨੂੰ ਜੋ ਪਤਾ ਹੈ, ਉਹ ਬਕਵਾਸ ਹੈ, ਸਾਹਿਤ ਨਹੀਂ। ਉਪਰੋਕਤ ਇਕੋ ਹੀ ਫ਼ਿਕਰੇ ਨੂੰ ਸੈਂਕੜੇ ਤਰਤੀਬਾਂ ਨਾਲ ਫੈਲਾ ਕੇ ਲਿਖਣਾ ਕੇਵਲ ਸਾਹਿਤ ਨਾਲ ਵੈਰ-ਵਿਰੋਧ ਹੀ ਜ਼ਾਹਿਰ ਕਰਦਾ ਹੈ। ਇਸ ਨਾਲ ਕਿਸੇ ਜਮਾਤ ਦਾ ਵਿਰੋਧ ਨਹੀਂ ਹੋ ਸਕਦਾ।

ਹਰ ਖ਼ੇਤਰ ਬਾਰੇ ਦੁਨੀਆ ਵਿੱਚ ਅਜੀਬੋ-ਗ਼ਰੀਬ ਮਿਸਾਲਾਂ ਮਿਲਦੀਆਂ ਹਨ, ਇਕ ਇਹ ਵੀ ਕਿ ਜ਼ੁਕਾਮ ਹੋਏ ਤੋਂ ਨਹਾ ਰਿਹਾ ਬੰਦਾ ਪੂਰੀ ਡੂੰਘਿਆਈ ਨਾਲ ਵਿਸ਼ਵਾਸ ਕਰ ਰਿਹਾ ਹੈ ਕਿ ਜ਼ੁਕਾਮ ਹੋਏ ਤੋਂ ਨਹਾਉਣਾ ਚੰਗਾ ਨਹੀਂ। ਉਹ ਆਪਣੀ ਸੋਚ ਵਿੱਚ ਪੂਰਾ ਸੁਹਿਰਦ ਹੈ ਅਤੇ ਨਹਾਉਣ ਵਿੱਚ ਵੀ। ਉਹ ਬੀਤ ਰਹੇ ਪਲ ਤੋਂ ਬਿਨਾਂ ਸਰਵ ਸਮਿਆਂ ਲਈ ਇਸ ਸੱਚਾਈ ਨੂੰ ਅਟਲ ਸਮਝ ਰਿਹਾ ਹੈ। ਇਸ ਆਦਮੀ ਦਾ ਤੁਸੀਂ ਕੀ ਵਿਗਾੜ ਲਓਗੇ? ਕੀ ਕਰ ਲਓਗੇ ਤੁਸੀਂ ਉਸ ਦਾ? ਵੱਧ ਤੋਂ ਵੱਧ ਇਹੋ ਨਾ, ਕਿ ਉਸ ਦੇ ਨਹਾਉਣ ਉਤੇ ਇਕ ਰੀਵਿਊ ਲਿਖੋ : ਬਾਈ ਸਿਹੁੰ ਦਾ ਅਨੁਭਵ ਸੁਹਿਰਦ ਹੈ, ਬਿਆਨ ਵਿਲੱਖਣ ਹੈ, ਵਿਕੋਲਿਤਰਾ ਹੈ।

ਸਾਡੇ ਲੇਖਕ ਇਹ ਨਹੀਂ ਸਮਝਦੇ ਕਿ ਸੁਹਿਰਦਤਾ ਇਕ ਗਾਲ੍ਹ ਹੈ, ਇਹ ਵਿਲੱਖਣਤਾ ਇਕ ਡਾਂਗ ਹੈ, ਜੋ ਆਲੋਚਕ ਤੁਹਾਡੇ ਸਿਰ ਵਿੱਚ ਮਾਰਦੇ ਹਨ। ਜੇ ਆਲੋਚਕ ਕਿਸੇ ਨੂੰ ਸੁਹਿਰਦ ਸਾਹਿਤਕਾਰ ਆਖ ਦਏ ਤਾਂ ਉਸ ਗ਼ਰੀਬ ਦਾ ਸੋਚਣਾ ਬਣਦਾ ਹੈ ਕਿ ਇਸ ਲਕਬ ਤੋਂ ਕਿਵੇਂ ਛੁੱਟੇ। ਅਜਿਹਾ ਲਿਖਣ ਦਾ ਕੋਈ ਰਾਹ ਲੱਭੇ ਕਿ ਆਲੋਚਕ ਮੌਜ ਨਾਲ ਸੁਹਿਰਦ ਸਾਹਿਤਕਾਰ ਕਹਿ ਕੇ ਗਲੋਂ ਨਾ ਲਾਹ ਸਕੇ। ਇਸ ਲਈ ਨਹੀਂ ਕਿ ਆਲੋਚਕ ਦੇ ਉਲਟ ਚੱਲਣਾ ਕੋਈ ਸਾਨ੍ਹੇ ਦਾ ਤੇਲ ਹੈ, ਸਗੋਂ ਇਸ ਲਈ ਕਿ ਸੁਹਿਰਦਤਾ ਸਾਹਿਤਕਾਰ ਦੀ ਕੋਈ ਖ਼ੂਬੀ ਨਹੀਂ, ਇਸ ਲਈ ਵੀ ਕਿ ਤੁਸੀਂ ਸੰਤਪੁਣੇ ਦੇ ਸਾਧਕ ਨਹੀਂ ਹੋ। ਨਹੀਂ, ਉਸ ਤੋਂ ਕਿਤੇ ਵਧੇਰੇ ਕਠਿਨ ਸਾਧਨਾ ਹੈ ਤੁਹਾਡੀ। ਤੁਸੀਂ ਕਿਸੇ ਰੱਬ ਨੂੰ ਪਾਉਣ ਲਈ ਜਾਨ ਨਹੀਂ ਹੀਲ ਰਹੇ, ਸਗੋਂ ਇੱਕ ਖੁਦਮੁਖਤਿਆਰ ਰੱਬ ਬਣ ਕੇ ਜਹਾਨ ਸਿਰਜਣੇ ਹਨ ਤੁਸਾਂ। 'ਸੁਹਿਰਦ ਸਾਹਿਤਕਾਰ' ਇੱਕ ਅਜਿਹਾ ਸ਼ਬਦ ਹੈ, ਜੀਹਦੇ ਕੋਈ ਅਰਥ ਨਹੀਂ। 'ਜਿਊਂਦੀ ਲਾਸ਼' ਹਾਲਾਂ ਕਵਿਤਾ ਦਾ ਸਿੰਬਲ ਹੋ ਸਕਦਾ ਹੈ, ਮੁਰਦਾ ਲਾਸ਼ ਕੋਈ ਸ਼ਬਦ ਨਹੀਂ ਹੋ ਸਕਦਾ। ਜੋ ਤੁਹਾਡੇ ਅੰਦਰ ਸਿਰਜਣਾਤਮਕ ਸੰਵੇਦਨਾਵਾਂ ਹੈਣ ਤਾਂ ਭੂਤਾਂ-ਪ੍ਰੇਤਾਂ ਦੀ ਕੋਈ ਫ਼ੌਜ ਵੀ ਤੁਹਾਨੂੰ ਅਸੁਹਿਰਦ ਨਹੀਂ ਬਣਾ ਸਕਦੀ। ਸੁਹਿਰਦਤਾ ਸਾਹਿਤਕਾਰ ਦੀ ਸਿਫ਼ਤ ਨਹੀਂ, ਮਜਬੂਰੀ ਹੈ ਸੁਹਿਰਦਤਾ। ਲੰਗੜਾ ਕੇ ਤੁਰਨਾ ਲੰਗੜੇ ਦਾ ਕਮਾਲ ਨਹੀਂ, ਸਗੋਂ ਉਹ ਲੰਗੜਾ ਹੀ ਏਸੇ ਕਰਕੇ ਹੈ ਕਿ ਉਸ ਨੂੰ ਲੰਗੜਾ ਕੇ ਤੁਰਨਾ ਪੈ ਰਿਹਾ ਹੈ।

**- ਵਾਰਤਕ ਦਾ ਇੱਕ ਵੰਨਗੀ**

## ਝਾਂਜਰਾਂ ਵਾਲੇ ਪੈਰ

(ਕਹਾਣੀ ਸੰਗ੍ਰਹਿ)
**ਅਰਵਿੰਦਰ ਕੌਰ ਧਾਲੀਵਾਲ**
**ਪੰਨੇ : 120, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਠੀਕ ਕਹਿੰਦੇ ਓ ਤੁਸੀਂ। ਹਾਹੋ, ਰਾਸ਼ਦ ਨੂੰ ਵੀ ਹੁਣ ਉਹ ਰੋਟੀ ਫੜਾਉਣ ਲੱਗ ਪਈ ਸੀ। ਹਾਂ ਜੀ, ਉਹੋ ਹੀ ਰਾਸ਼ਦ ਜਿਤ੍ਹੋਂ ਮੁਸ਼ਕ ਆਉਂਦਾ ਹੁੰਦਾ ਸੀ ਜੀ ਇਸ ਨੂੰ। ਹਾਂ ਜੀ....ਉਸੇ ਸੁਖਚੈਨ ਦੇ ਥੱਲੇ, ਮੈਂ ਆਪ ਕਈ ਵਾਰ ਹੱਸ-ਹੱਸ ਕੇ ਉਹਦੇ ਲਾਗੇ ਬੈਠੀ ਗੱਲਾਂ ਕਰਦੀ ਵੇਖੀ ਜੀ। ਹਾਂ ਜੀ, ਉਸੇ ਖ਼ੂਨੀ ਮਿੱਟੀ 'ਤੇ ਡੱਠੇ ਮੰਜੇ 'ਤੇ ਜੀ...ਇਹਦੇ ਝਾਂਜਰਾਂ ਵਾਲੇ ਪੈਰ ਝੂਲਦੇ ਵੇਖੇ ਸੀ ਜੀ ਮੈਂ।

ਕੀ ਕਿਹਾ ਭਾਈਯਨ...ਹਾਂ ਜੀ ਸ਼ਾਇਦ ਹੋ ਵੀ ਸਕਦੈ। ਪਰ ਪਤਾ ਨਹੀਂ ਜੀ। ਕੀ ਪਤਾ ਸੱਚ ਈ ਹੋਏ...ਧਾਡੀ ਗੱਲ...।

**- ਇੱਕ ਕਹਾਣੀ ਵਿੱਚੋਂ**

## ਪਾਣੀਆਂ ਦੀ ਗਾਥਾ

**ਪਾਲ ਸਿੰਘ ਢਿੱਲੋਂ**
**ਅਨੁਵਾਦਕ : ਹਰਜੋਤ**
**ਪੰਨੇ : 216, ਮੁੱਲ : 299 ਰੁਪਏ**
**ਵ੍ਹਾਈਟ ਕਰੋਅ ਪਬਲਿਸ਼ਰਜ਼ ਸਰਦੂਲਗੜ੍ਹ**



ਸੰਧੀ ਪ੍ਰਕਿਰਿਆ ਦਾ ਕਿਸੇ ਬੁਨਿਆਦੀ ਸਿਧਾਂਤਾਂ ਜਾਂ ਅਧਿਕਾਰਾਂ ਨਾਲ ਇੰਨਾ ਜ਼ਿਆਦਾ ਸਰੋਕਾਰ ਨਹੀਂ ਹੈ, ਜਿੰਨਾ ਕਿ ਸਹਿਕਾਰੀ ਭਾਵਨਾ ਨਾਲ ਸੰਬੰਧਤ ਧਿਰਾਂ ਦੇ ਆਪਸੀ ਲਾਭ ਲਈ ਕਾਰਜਸ਼ੀਲ ਪ੍ਰਬੰਧਾਂ ਨਾਲ ਹੈ। ਸਖ਼ਤ ਨਿਯਮਾਂ ਅਤੇ ਮਾਪਦੰਡਾਂ 'ਤੇ ਅਧਾਰਤ ਨਿਯਮਾਵਲੀ ਅਨੁਸਾਰ ਅਜਿਹੇ ਲਾਭਾਂ ਵਿੱਚ ਹਰੇਕ ਬੇਸਿਨ ਰਾਜ ਦਾ ਵਾਜਬ ਅਤੇ ਨਿਆਂਇਕ ਹਿੱਸਾ ਕੀ ਹੋਵੇ, ਇਹ ਕਿਸੇ ਸਮਝੌਤੇ ਵਿੱਚ ਇੰਨਾ ਜ਼ਿਆਦਾ ਮਹੱਤਵ ਨਹੀਂ ਰੱਖਦਾ, ਕਿਉਂਕਿ ਉਹ ਵਿਸ਼ੇਸ਼ ਲਚਕਦਾਰ ਪ੍ਰਬੰਧ ਜੋ ਹਰ ਵਿਸ਼ੇਸ਼ ਨਦੀ ਪ੍ਰਣਾਲੀ ਵਿੱਚ ਆਪਣੀ ਤਰ੍ਹਾਂ ਦੇ ਹੁੰਦੇ ਹਨ, ਸੰਬੰਧਤ ਧਿਰਾਂ ਦੇ ਨਾਲ-ਨਾਲ ਪ੍ਰਬੰਧ ਦੀਆਂ ਵੀ ਜ਼ਰੂਰਤਾਂ, ਰੁਕਾਵਟਾਂ ਅਤੇ ਸਮਰਥਾਵਾਂ ਨੂੰ ਧਿਆਨ ਵਿੱਚ ਰੱਖ ਕੇ ਤੈਅ ਹੁੰਦੇ ਹਨ। ਇਸ ਸੰਬੰਧੀ ਕਿਤੇ ਵੀ ਕੋਈ ਨਿਸ਼ਚਿਤ ਨਿਯਮ ਨਿਰਧਾਰਤ ਨਹੀਂ।

**- ਇੱਕ ਲੇਖ ਵਿੱਚੋਂ**

## ਰਾਤ ਬਾਕੀ ਹੈ

(ਨਾਵਲ)
**ਜਸਵੰਤ ਸਿੰਘ ਕੰਵਲ**
**ਪੰਨੇ : 264, ਮੁੱਲ : 250 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਅੱਗੇ ਉਸ ਦਾ ਪਿਤਾ ਹੀ ਵਾਹੀ ਦਾ ਕੰਮ ਕਰਦਾ ਸੀ, ਉਹਨੇ ਵਿਹਲੇ ਚਰਨ ਨੂੰ ਵੀ ਕੰਮ ਕਰਨ ਲਈ ਆਖਣਾ ਸ਼ੁਰੂ ਕਰ ਦਿੱਤਾ। ਹੁਣ ਉਹ ਪੜ੍ਹਾਈ ਦਾ ਬਹਾਨਾ ਨਹੀਂ ਸੀ ਲਾ ਸਕਦਾ। ਕਾਲਜ ਪੜ੍ਹਾਉਣ ਦੀ ਘਰ ਵਿੱਚ ਸਮਰੱਥਾ ਨਹੀਂ ਸੀ, ਜਿਸ ਕਰਕੇ ਚਰਨ ਨੇ ਆਪ ਹੀ ਨਾ ਆਖਿਆ। ਮਾਂ-ਬਾਪ ਦੀਆਂ ਆਸਾਂ ਵੀ ਚਰਨ ਦੀ ਨੌਕਰੀ 'ਤੇ ਹੀ ਲੱਗੀਆਂ ਹੋਈਆਂ ਸਨ। ਹਲ ਤੋਂ ਬਿਨਾਂ ਪਸ਼ੂਆਂ ਨੂੰ ਪੱਠੇ-ਦੱਥੇ ਅਤੇ ਪਾਣੀ-ਧਾਣੀ ਦਾ ਸਾਰਾ ਕੰਮ ਹੌਲੀ-ਹੌਲੀ ਚਰਨ ਦੇ ਜ਼ਿੰਮੇ ਆ ਪਿਆ। ਸਵੇਰੇ ਉੱਠ ਕੇ ਡੰਗਰਾਂ ਨੂੰ ਪੱਠੇ ਪਾਉਂਦਾ ਅਤੇ ਇੱਕ ਭਰੀ ਪੱਠਿਆਂ ਦੀ ਲੈਣ ਚਲਿਆ ਜਾਂਦਾ। ਹਾਲੀ ਦੀ ਰੋਟੀ ਦੇ ਕੇ ਆਉਂਦਾ, ਪੱਠਿਆਂ ਦੀ ਭਰੀ ਫਿਰ ਚੁੱਕੀ ਆਉਂਦਾ। ਪੱਠੇ ਕੁਤਰਨ ਵੇਲੇ ਵੀ ਉਹ ਹੀ ਆਪ ਹੱਥ-ਮਸ਼ੀਨ ਨੂੰ ਲੱਗਦਾ ਹੁੰਦਾ ਸੀ। ਥੱਕੇ ਆਏ ਹਾਲੀ ਪਿਤਾ ਦਾ ਉਸ ਨੂੰ ਬੜਾ ਖ਼ਿਆਲ ਰਹਿੰਦਾ। ਕੱਤੇ ਦਾ ਮਹੀਨਾ ਪੰਜਾਬ ਵਿੱਚ ਕਿਸਾਨ ਦੀ ਮਿਹਨਤ ਦਾ ਇੱਕ ਤਰ੍ਹਾਂ ਇਮਤਿਹਾਨ ਹੁੰਦਾ ਹੈ। ਐਨੀ ਕਰੜੀ ਅਤੇ ਦਿਨ-ਰਾਤ ਦੀ ਦੋਹਰੀ ਮਿਹਨਤ ਤੱਕ ਕੇ ਚਰਨ ਦਾ ਅੰਦਰ ਕੰਬ ਜਾਂਦਾ ਅਤੇ ਅੱਖਾਂ ਮੀਟਦਿਆਂ ਉਸ ਦੇ ਮੂੰਹੋਂ ਅਵੱਸ਼ ਨਿਕਲ ਜਾਂਦਾ, 'ਜੱਟਾ, ਤੇਰੀ ਧੰਨ ਕਮਾਈ।'

**- ਨਾਵਲ 'ਚੋਂ**

## ਪਥਰਾਟ

(ਨਾਵਲ)
**ਡਾ. ਧਰਮਪਾਲ ਸਾਹਿਲ**
**ਪੰਨੇ : 246, ਮੁੱਲ : 350 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਜਦੋਂ ਵੀ ਕੋਈ ਉਸ ਨੂੰ ਮਿਲਣ ਲਈ ਆਉਂਦਾ ਤਾਂ ਮਿੱਠੇ ਬੋਲਾਂ ਨਾਲ ਉਸ ਦਾ ਸਵਾਗਤ ਕਰਦਾ, "ਆਓ ਭੋਲਿਓ...ਬੈਠੋ ਬਾਬਿਓ।" ਜੇ ਕੋਈ ਉਸ ਦਾ ਪਿਛੋਕੜ ਜਾਨਣ ਜਾਂ ਉਸ ਦੇ ਅੰਦਰ ਝਾਕਣ ਦੀ ਕੋਸ਼ਿਸ਼ ਕਰਦਾ ਤਾਂ ਉਹ ਗੱਲ ਬਦਲ ਲੈਂਦਾ। ਲੱਖ ਕੋਸ਼ਿਸ਼ ਕਰਨ 'ਤੇ ਵੀ ਸਿਰਾ ਨਾ ਫੜਾਉਂਦਾ ਤੇ ਨਾਲ ਹੀ ਉਸ ਆਦਮੀ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਕਰਨ ਲੱਗਦਾ, ਇਸ ਲਈ ਇਲਾਕੇ ਵਿੱਚ ਸ਼ਾਇਦ ਹੀ ਕਿਸੇ ਨੂੰ ਉਸ ਦਾ ਇਤਿਹਾਸ ਪਤਾ ਸੀ, ਉਹ ਕਿੱਥੋਂ ਦਾ ਰਹਿਣ ਵਾਲਾ ਹੈ। ਇਸ ਪਹਾੜੀ ਇਲਾਕੇ ਵਿੱਚ ਇਹੋ ਜਿਹਾ ਮਾਇਆਵੀ ਜੀਵਨ ਕਿਉਂ ਗੁਜ਼ਾਰ ਰਿਹਾ ਹੈ। ਇਸ ਦੀ ਜ਼ਿੰਦਗੀ ਦੀ ਕੀ ਕਹਾਣੀ ਹੈ। ਇਸ ਦੇ ਇਉਂ ਬਾਬਾ ਬਣਨ ਪਿੱਛੇ ਕਿਹੜੀ ਪ੍ਰੇਰਨਾ ਸੀ। ਸਾਰੇ ਅਟਕਲ-ਪੱਚੂ ਮਾਰਦੇ, ਪਰ ਸਹੀ-ਸਹੀ ਕਿਸੇ ਨੂੰ ਕੁਝ ਪਤਾ ਨਹੀਂ ਸੀ।

**- ਇੱਕ ਪਾਤਰ ਦੀ ਸਿਰਜਣਾ**

## ਨਾਗ ਲੋਕ

**ਲਾਲ ਸਿੰਘ ਦਿਲ**
**ਪੰਨੇ : 222, ਮੁੱਲ : 300 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਪੰਜਾਬੀ ਦਿਹਾੜੀਦਾਰ ਮਜ਼ਦੂਰਾਂ, ਖੇਤ ਕਾਮਿਆਂ ਤੇ ਕੰਮੀਆਂ ਦੀ ਜਜ਼ਬਾਤੀ ਅੱਕਾਸੀ ਲਾਲ ਦੀ ਤਰ੍ਹਾਂ ਹੋਰ ਕੋਈ ਪੰਜਾਬੀ ਕਵੀ ਨਹੀਂ ਕਰ ਸਕਿਆ। 'ਸਤਲੁਜ ਦੀ ਹਵਾ' ਦੀਆਂ ਕਵਿਤਾਵਾਂ ਵਿੱਚ ਇਹ ਸਿਆਸੀ ਚੇਤਨਾ ਦਾ ਸ਼ੋਖ਼ ਰੰਗ ਭਰਦਾ ਹੈ, ਪਰ ਉਨ੍ਹਾਂ ਦੀ ਸਦੀਆਂ ਦੀ ਉਤਪੀੜਾ, ਉਦਾਸੀ ਤੇ ਚੁੱਪ ਦਾ ਰੰਗ ਚੇਤਨਾ ਦੀ ਸ਼ੋਖ਼ੀ ਨਾਲੋਂ ਉੱਜਵਲ ਹੈ। ਬਹੁਤ ਸਾਰੇ ਸੂਰਜ ਵਿੱਚ ਮਾਰਕਸ ਦੇ ਆਖਣ ਵਾਂਝ ਝੂਠੀ ਚੇਤਨਾ ਯਾਨੀ ਵਿਚਾਰਧਾਰਾ ਦਾ ਸ਼ੋਖ਼ ਰੰਗ ਨਹੀਂ। ਬੇਗਾਨੀਆਂ, ਛੱਲ, ਕੰਮ ਤੋਂ ਪਿੱਛੋਂ, ਭੋਲੀਆਂ, ਬਾਬਲ ਤੇਰੇ ਖੇਤਾਂ ਵਿੱਚ, ਕੁੜੇਲੀ ਪਿੰਡ ਦੀਆਂ ਵਾਸਣਾਂ ਸ਼ਾਹਕਾਰ ਕਵਿਤਾਵਾਂ ਦੇ ਔਰਤ-ਮਰਦ ਨੱਚਦੇ ਵੀ ਹਨ, ਗਾਉਂਦੇ ਵੀ ਹਨ ਤੇ ਬਹੁਤ ਚੁੱਪ ਵੀ ਕਰ ਜਾਂਦੇ ਹਨ।

**- ਭੂਮਿਕਾ ਵਿੱਚੋਂ**

## ਪਰਿਕਰਮਾ

(ਨਾਵਲ)
**ਬਲਦੇਵ ਸਿੰਘ ਗਰੇਵਾਲ**
**ਪੰਨੇ : 88, ਮੁੱਲ : 150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਮਾਂ ਦਾ ਬਣਾਇਆ ਉਹ ਓਟਾ, ਹਮੇਸ਼ਾ ਮਾਂ ਦੀ ਕਲਾ ਦਾ ਨਮੂਨਾ ਬਣ ਕੇ, ਮੇਰੇ ਮਨ ਵਿੱਚ ਸਮਾਇਆ ਰਿਹਾ ਹੈ। ਜਦ ਅਮਰੀਕਾ ਗਿਆ ਸਾਂ, ਸ਼ੁਰੂ-ਸ਼ੁਰੂ ਵਿੱਚ ਕੋਈ ਕੰਮ ਨਹੀਂ ਸੀ ਮਿਲ ਰਿਹਾ। ਮੇਰੀ ਡਿਗਰੀ ਦਾ ਉਥੇ ਕੋਈ ਮੁੱਲ ਨਹੀਂ ਸੀ ਪਿਆ। ਮੈਂ ਕੰਸਟ੍ਰਕਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ। ਫਿਰ ਆਪਣੀ ਕੰਸਟਰਕਸ਼ਨ ਕੰਪਨੀ ਖੋਲ੍ਹ ਲਈ। ਫਿਰ ਕਹਿੰਦਾ-ਕਹਾਉਂਦਾ ਰੀਅਲ ਅਸਟੇਟ ਡਿਵੈਲਪਰ ਬਣ ਗਿਆ। ਇਸ ਸਫ਼ਰ ਵਿੱਚ ਹਮੇਸ਼ਾ ਮੇਰੇ ਸਾਹਮਣੇ ਮਾਂ ਦਾ ਬਣਾਇਆ ਉਹ ਓਟਾ ਮੇਰਾ ਮਾਰਗ ਦਰਸ਼ਕ ਬਣਿਆ ਰਿਹਾ ਸੀ। ਮੇਰੀ ਮਾਂ ਜੇ ਕੱਚੀ ਮਿੱਟੀ ਨਾਲ ਏਨੀ ਖ਼ੂਬਸੂਰਤੀ ਰਚ ਸਕਦੀ ਸੀ ਤਾਂ ਮੈਂ ਕਿਉਂ ਨਹੀਂ? ਮੈਨੂੰ ਤਾਂ ਬੇਹਤਰੀਨ ਸਾਮਾਨ ਉਪਲੱਬਧ ਸੀ। ਮੇਰੀਆਂ ਬਣਾਈਆਂ ਇਮਾਰਤਾਂ ਦੀ ਜਦ ਪ੍ਰਸੰਸਾ ਹੁੰਦੀ ਸੀ ਤਾਂ ਮੈਨੂੰ ਹਮੇਸ਼ਾ ਆਪਣੀ ਮਾਂ ਦਾ ਉਹ ਓਟਾ ਹੀ ਯਾਦ ਆਉਂਦਾ ਰਿਹਾ ਸੀ।

**- ਨਾਵਲ 'ਚੋਂ**

## ਗਰਦਸ਼

(ਨਾਵਲ)
**ਸੁਖਬੀਰ**
**ਪੰਨੇ : 196, ਮੁੱਲ : 350 ਰੁਪਏ**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**



ਭਟਕਣਾ ਦੇ ਦਿਨਾਂ ਵਿੱਚ ਕੰਵਲ ਸਵੇਰੇ ਘਰੋਂ ਨਿਕਲਦਾ, ਤਾਂ ਕੋਈ ਦਿਨ ਬੜਾ ਸੁਹਣਾ ਚੜ੍ਹਿਆ ਹੋਇਆ ਜਾਪਦਾ। ਸਵੇਰੇ ਵੀ ਕੋਈ ਦੋਸਤ ਮਿਲ ਜਾਂਦਾ, ਤ੍ਰਕਾਲੀਂ ਵੀ ਕੋਈ ਸਾਥੀ ਮਿਲ ਜਾਂਦਾ, ਤੇ ਲਗਦਾ ਕਿ ਜ਼ਿੰਦਗੀ ਦਾ ਅਸਲੀ ਸਵਾਲ ਦੋਸਤਾਂ-ਸਾਥੀਆਂ ਗੱਲਾਂ ਤੇ ਹੋਟਲਾਂ ਸਦਕਾ ਹੀ ਹੈ। ਉਸ ਦਿਨ ਕੰਵਲ ਕੋਈ ਚੰਗੀ ਫਿਲਮ ਵੇਖਦਾ, ਕਿਤੇ ਲੰਮੀ ਸੈਰ ਕਰਦਾ, ਕੋਈ ਚੰਗੀ ਕਿਤਾਬ ਪੜ੍ਹਦਾ। ਇਸ ਤਰ੍ਹਾਂ ਦਿਨ ਬੜਾ ਸੁਹਣਾ ਬੀਤ ਜਾਂਦਾ, ਪਰ ਹਰ ਇੱਕ ਦਿਨ ਇਸ ਤਰ੍ਹਾਂ ਨਾ ਬੀਤਦਾ।
ਤੇ ਇਸ ਤਰ੍ਹਾਂ ਨਾ ਬੀਤਣ ਵਾਲੇ ਦਿਨ ਮਹੀਨੇ ਵਿੱਚ ਵਧੇਰੇ ਹੁੰਦੇ।

**- ਨਾਵਲ 'ਚੋਂ**

# ਪੁਸਤਕ ਰੀਵਿਊ

## ਨਵਾਬ ਕਪੂਰ ਸਿੰਘ ਜੀਵਨ ਇਤਿਹਾਸ

**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**
**ਮੁੱਲ : 150 ਰੁਪਏ, ਪੰਨੇ :111, ਪੇਪਰ ਬੈਕ**
**ਈਵਾਨ ਪ੍ਰਕਾਸ਼ਨ, ਬਰਨਾਲਾ**
**ਜਗਤਾਰ ਸਿੰਘ ਭੰਗੂ**

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ, ਇਸ ਪੁਸਤਕ ਦੀ ਭੂਮਿਕਾ ਵਿਚ ਲਿਖਦੇ ਹਨ 'ਸੰਸਾਰ ਵਿਚ ਸਭ ਤੋਂ ਵਧੇਰੇ ਬੀਰ ਤੇ ਸ਼ਹੀਦ ਪੈਦਾ ਕਰਨ ਦਾ ਮਾਣ ਖਾਲਸਾ ਕੌਮ ਨੂੰ ਪ੍ਰਾਪਤ ਹੈ। ਇਨ੍ਹਾਂ ਮਾਣਯੋਗ ਹਸਤੀਆਂ ਦਾ ਜੀਵਨ ਇਨ੍ਹਾਂ ਪ੍ਰਭਾਵਸ਼ਾਲੀ ਤੇ ਜੀਵਨ ਦਾਤਾ ਹੈ ਕਿ ਇਸ ਦੇ ਪੜ੍ਹਨ ਨਾਲ, ਸੁੱਕੀਆਂ ਰਗਾਂ ਵਿਚ ਮੁੜ ਸੂਰਮਤਾ ਦਾ ਲਹੂ ਗੇੜੇ ਲਾਉਣ ਲੱਗਦਾ ਹੈ ਅਤੇ ਮੁਰਦੇ ਦਿਲਾਂ ਵਿਚ ਵਰਯਾਮਤਾ ਦਾ ਆਗਾਧ ਦਾ ਅਗਾਧ ਜੋਸ਼ ਉਛਾਲੇ ਖਾਣ ਲੱਗ ਪੈਂਦਾ ਹੈ। ਚਾਹੀਦਾ ਇਹ ਸੀ ਕਿ ਸਿੱਖ ਕੌਮ ਆਪਣੇ ਇਨ੍ਹਾਂ ਮਹਾਂਪੁਰਸ਼ਾਂ ਦੇ ਇਤਿਹਾਸਕ ਖਜ਼ਾਨੇ ਨਾਲ ਮਾਲਾਮਾਲ ਹੁੰਦਾ, ਪਰ ਜਦ ਇਸ ਪਾਸੇ ਨਜ਼ਰ ਮਾਰੀਏ ਤਾ ਹਨੇਰਾ ਹੀ ਹਨੇਰਾ ਦਿਸਦਾ ਹੈ।' ਪੁਸਤਕ ਨੂੰ 104 ਅਧਿਆਵਾਂ ਵਿਚ ਵੰਡਿਆ ਗਿਆ ਹੈ। ਵੱਖ-ਵੱਖ ਅਧਿਆਏ ਨਵਾਬ ਕਪੂਰ ਸਿੰਘ ਦੇ ਜੀਵਨ ਕਾਲ ਦੇ ਜਿੰਮੇ ਕਾਰਜਾਂ ਦੀਆਂ ਪ੍ਰਾਪਤੀਆਂ ਦਾ ਵੇਰਵਾ ਬਿਆਨ ਕਰਦੇ ਹਨ। ਲਾਡਲਾ, ਪਰ ਯਤੀਮ ਹਰੀ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਜਾਣਾ, ਸ਼ੇਰ ਮਾਰਨਾ, ਕਸੂਰ ਫਤਹਿ ਕਰਨ, ਮੁਲਤਾਨ ਦੀ ਜੰਗ ਵਿਚ ਫੱਟੜ ਹੋਣਾ, ਅਨੇਕਾਂ ਹੋਰ ਬਹਾਦਰੀ ਦੇ ਕੰਮ, ਕਸ਼ਮੀਰ ਉਪਰ ਚੜ੍ਹਾਈ, ਸ੍ਰੀਨਗਰ ਵਿਚ ਫੌਜ ਦਾ ਦਾਖਲਾ, ਵੱਖ-ਵੱਖ ਜਿੱਤਾਂ ਦਾ ਵੇਰਵਾ, ਪੇਸ਼ਾਵਰ ਉਪਰ ਖਾਲਸੇ ਦੀ ਚੜ੍ਹਾਈ ਅਤੇ ਸ਼ਹੀਦੀ ਪ੍ਰਾਪਤ ਕਰਨੀ ਆਦਿ ਅਨੇਕਾਂ ਕਾਰਵਾਈ ਦੇ ਵਿਸਥਾਰ ਪੇਸ਼ ਹਨ।

ਲੇਖਕ ਨੇ ਵਿਸਥਾਰ ਨਾਲ ਹਰੀ ਸਿੰਘ ਦੇ ਫੌਜੀ ਗੁਣਾਂ, ਧਾਰਮਿਕ ਗੁਣਾਂ, ਇਮਾਰਤਾਂ ਬਣਾਉਣ ਤੇ ਇੰਜੀਨੀਅਰਿੰਗ ਵਿਚ ਕਮਾਲਤ ਸੰਬੰਧੀ ਆਪ ਦੇ ਅਨੇਕਾਂ ਗੁਣਾਂ ਦੀ ਵਿਆਖਿਆ ਕੀਤੀ ਹੈ। ਅਜਿਹੇ ਬਹਾਦਰ ਸੂਰਬੀਰਾਂ ਦੀਆਂ ਜੀਵਨ ਪ੍ਰਾਪਤੀਆਂ ਸੰਬੰਧੀ ਅੱਜ ਦੇ ਬੱਚਿਆਂ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ। ਲੇਖਕ ਨੇ ਇਸ ਸੂਰਮੇ ਪੁਰਸ਼ ਸੰਬੰਧੀ ਵੱਖ-ਵੱਖ ਪੁਸਤਕ ਅਧਿਆਵਾਂ ਵਿਚ ਸ. ਹਰੀ ਸਿੰਘ ਦੇ ਅਨੇਕਾਂ ਕਾਰਨਾਮਿਆਂ ਦਾ ਜ਼ਿਕਰ ਕੀਤਾ ਹੈ। ਆਪ ਕਸ਼ਮੀਰ, ਹਜ਼ਾਰਾ ਤੇ ਪੇਸ਼ਾਵਰ ਦੇ ਗਵਰਨਰ ਵੀ ਰਹੇ ਸਨ ਅਤੇ ਖਾਲਸਾ ਫੌਜ ਦੇ ਕਮਾਂਡਰ ਇਨ ਚੀਫ ਵੀ ਸਨ।

ਬਹੁਪੱਖੀ ਗੁਣਾਂ ਦੀ ਬਹਾਦਰੀ ਦਾ ਵਸਤੂ ਵੇਰਵੇ ਬਿਆਨ ਕਰਦੀ ਇਸ ਪੁਸਤਕ ਦਾ ਪਾਠ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ।

**- ਡਾ. ਅਮਰ ਕੋਮਲ**

## ਹਵਾ ਵਿੱਚ ਲਟਕਦੀ ਕੁਰਸੀ

(ਕਹਾਣੀ ਸੰਗ੍ਰਹਿ)
**ਸੁਰਿੰਦਰ ਸਿੰਘ ਰਾਏ**
**ਪੰਨੇ-120, ਮੁੱਲ-200 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਪਰਵਾਸੀ ਕਹਾਣੀਕਾਰ ਸੁਰਿੰਦਰ ਸਿੰਘ ਰਾਇ ਨੇ ਭਾਵੇਂ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ ਕਵਿਤਾ ਲਿਖ ਕੇ ਕੀਤੀ ਸੀ, ਪਰ ਬਾਅਦ ਵਿਚ ਉਸ ਦੀ ਉੱਘੜਵੀਂ ਪਛਾਣ ਇਕ ਕਹਾਣੀਕਾਰ ਵਜੋਂ ਬਣ ਗਈ।

ਸੰਨ 2020 ਤੋਂ ਲੈ ਕੇ ਸੰਨ 2023 ਤੱਕ ਉਸ ਦੇ ਸੱਤ ਕਹਾਣੀ ਸੰਗ੍ਰਹਿ ਤੇ ਇਕ ਬਾਲ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਕਹਾਣੀਆਂ ਲਿਖਣ ਦੀ ਰਫਤਾਰ ਬਹੁਤ ਤੇਜ਼ ਹੈ। ਉਸ ਦੇ ਨਵੇਂ ਕਹਾਣੀ ਸੰਗ੍ਰਹਿ 'ਹਵਾ ਵਿੱਚ ਲਟਕਦੀ ਕੁਰਸੀ' ਵਿਚ ਸ਼ਾਮਲ ਕਹਾਣੀਆਂ ਜਿੱਥੇ ਪਿਛਲੇ ਸਮੇਂ ਦੌਰਾਨ ਮਨੁੱਖ ਦੇ ਸੁਭਾਅ, ਸੋਚ ਤੇ ਵਰਤੋਂ-ਵਿਵਹਾਰ ਵਿੱਚ ਆਈਆਂ ਵੱਡੀਆਂ ਤਬਦੀਲੀਆਂ ਦੀ ਨਿਸ਼ਾਨਦੇਹੀ ਕਰਦੀਆਂ ਹਨ, ਉੱਥੇ ਨਵੀਆਂ ਸਮਾਜੀ ਕੀਮਤਾਂ ਨੂੰ ਸਵੀਕਾਰਨ ਜਾਂ ਨਕਾਰਨ ਨੂੰ ਲੈ ਕੇ ਅੱਜ ਦੇ ਮਨੁੱਖ ਵਿਚ ਚੱਲ ਰਹੇ ਦਵੰਦ ਨੂੰ ਵੀ ਸਜੀਵ ਰੂਪ ਵਿਚ ਰੂਪਮਾਨ ਕਰਦੀਆਂ ਹਨ।

ਸੰਗ੍ਰਹਿ ਦੀਆਂ ਕਹਾਣੀਆਂ ਆਮ ਲੋਕਾਂ ਦੇ ਜੀਵਨ ਵਿਚ ਆਉਣ ਵਾਲੀਆਂ ਸਮੱਸਿਆਵਾਂ ਲਈ ਦੇਸ਼ ਦੇ ਰਾਜਨੀਤਕ ਤੇ ਆਰਥਿਕ ਪ੍ਰਬੰਧ ਨੂੰ ਹੀ ਮੁੱਖ ਤੌਰ 'ਤੇ ਦੋਸ਼ੀ ਮੰਨਦੀਆਂ ਹਨ। ਸੰਗ੍ਰਹਿ ਦੀ ਪਹਿਲੀ ਕਹਾਣੀ 'ਹਵਾ ਵਿਚ ਲਟਕਦੀ ਕੁਰਸੀ' ਇਸ ਮਨੋਵਿਗਿਆਨਕ ਸੱਚਾਈ ਨੂੰ ਉਭਾਰਦੀ ਹੈ ਕਿ ਮਨੁੱਖ ਦੀ ਪਹਿਲੀ ਭੁੱਖ ਰੋਟੀ ਤੇ ਦੂਜੀ ਭੁੱਖ ਸੱਤਾ ਹੈ। ਕਹਾਣੀ 'ਛੋਟੇ-ਵੱਡੇ ਕੱਦ' ਅਨੁਸਾਰ ਆਪਣੇ ਪਾਵੇ ਮਜ਼ਬੂਤ ਕਰਨ ਲਈ ਇਹ ਕੁਰਸੀ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਫਿਰਕੂ ਦੰਗੇ ਭੜਕਾਅ ਸਕਦੀ ਹੈ। ਕਹਾਣੀ 'ਥਾਣੇਦਾਰ ਬੁਲਾਉਂਦੈਂ' ਪੰਜਾਬ ਵਿਚ ਵਧ ਰਹੇ ਪਰਵਾਸ ਦੇ ਰੁਝਾਨ ਲਈ ਦੇਸ਼ ਦੇ ਪ੍ਰਬੰਧਕੀ ਢਾਂਚੇ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੀ ਹੈ। ਕਹਾਣੀ ਵਿਚਲਾ ਮਾਸਟਰ ਇਕਬਾਲ ਸਿੰਘ ਆਪਣੇ ਦੇਸ਼ ਦੀ ਮਿੱਟੀ ਨੂੰ ਬਹੁਤ ਪਿਆਰ ਕਰਦਾ ਹੈ, ਪਰ ਜਦੋਂ ਥਾਣੇਦਾਰ ਵੱਲੋਂ ਇਸ ਨੂੰ ਬਿਨਾਂ ਕਿਸੇ ਕਸੂਰ ਤੋਂ ਖੱਜਲ-ਖੁਆਰ ਕੀਤਾ ਜਾਂਦਾ ਹੈ ਤਾਂ ਉਹ ਆਪਣੇ ਪੋਤੇ ਨੂੰ ਦੂਸਰੇ ਮੁਲਕ ਵਿਚ ਭੇਜਣ ਬਾਰੇ ਸੋਚਣ ਲੱਗਦਾ ਹੈ। ਕਹਾਣੀ 'ਬੱਲੇ ਓ ਸ਼ੇਰਾ ਜਿਉਂਦਾ ਰਹਿ' ਅਨੁਸਾਰ ਇਹ ਰਾਜਸੀ ਤੇ ਆਰਥਿਕ ਪ੍ਰਬੰਧ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਬਜਾਇ ਮੁਫ਼ਤ ਸਹੂਲਤਾਂ ਦੀ ਖੈਰਾਤ ਲੈਣ ਵਾਲੇ ਮੰਗਤੇ ਬਣਾ ਰਿਹਾ ਹੈ। ਕਹਾਣੀ 'ਸੂਰਮੇ' ਅਨੁਸਾਰ ਸਮਾਜ ਸੇਵਾ ਦੇ ਨਾਂਅ ਬਣੀਆਂ ਸੰਸਥਾਵਾਂ 'ਤੇ ਵੀ ਹੁਣ ਚੋਰਾਂ-ਡਾਕੂਆਂ ਨੇ ਰਾਜਸੀ ਭੇਸ ਧਾਰ ਕੇ ਕਬਜ਼ਾ ਕਰ ਲਿਆ ਹੈ।

ਕਹਾਣੀ 'ਰੰਗ ਬਦਲਦੇ ਰਿਸ਼ਤੇ' ਸਮਾਜਿਕ ਰਿਸ਼ਤਿਆਂ ਦੀ ਘਟ ਰਹੀ ਭਰੋਸੇਯੋਗਤਾ ਨੂੰ ਆਪਣਾ ਕੇਂਦਰੀ ਵਿਸ਼ਾ ਬਣਾਉਂਦੀ ਹੈ। ਵਿਦੇਸ਼ ਗਏ ਜਸਪ੍ਰੀਤ ਨੂੰ ਛੇਤੀ ਹੀ ਇਹ ਅਹਿਸਾਸ ਹੋ ਜਾਂਦਾ ਹੈ ਕਿ ਕਿਸੇ ਰਿਸ਼ਤੇ 'ਤੇ ਭਰੋਸਾ ਕਰਨਾ ਆਪਣੇ-ਆਪ ਨੂੰ ਭਰਮ ਵਿਚ ਰੱਖਣਾ ਹੀ ਹੁੰਦਾ ਹੈ। ਕਹਾਣੀ 'ਚਿੱਟਾ' ਪੰਜਾਬ ਵਿੱਚ ਵਧ ਰਹੇ ਜਾਨਲੇਵਾ ਨਸ਼ਿਆਂ ਦੇ ਰੁਝਾਨ 'ਤੇ ਚਿੰਤਾ ਵਿਅਕਤ ਕਰਦੀ ਹੈ ਕਿ ਇਹਨਾਂ ਕਾਰਨ ਪੁੱਤਰਾਂ-ਧੀਆਂ ਦੀ ਲੋਹੜੀ ਮਨਾਉਣ ਸੰਬੰਧੀ ਮਾਪਿਆਂ ਅੰਦਰਲੇ ਚਾਅ ਲਗਾਤਾਰ ਮਰ ਰਹੇ ਹਨ। ਕਹਾਣੀ 'ਕਰ ਲਓ ਘਿਓ ਨੂੰ ਭਾਂਡਾ' ਪੰਜਾਬ ਦੀ ਛੋਟੀ ਕਿਸਾਨੀ ਨੂੰ ਚਿਤਾਵਨੀ ਕਿ ਜੇ ਉਸ ਆਪਣੇ ਭੋਇੰ ਮਾਲਕ ਹੋਣ ਦੇ ਅਹੰਮ ਨੂੰ ਤਿਆਗ ਕੇ ਛੋਟੇ ਧੰਦੇ ਨਾ ਅਪਣਾਏ ਤਾਂ ਛੇਤੀ ਹੀ ਉਹ ਭੋਇੰ ਮਾਲਕ ਤੋਂ ਭੋਇੰਹੀਣ ਮਜ਼ਦੂਰ ਦੀ ਸ਼੍ਰੇਣੀ ਵਿਚ ਆ ਜਾਵੇਗੀ। ਇਹਨਾਂ ਸਾਰੀਆਂ ਕਹਾਣੀਆਂ ਦੇ ਵਿਸ਼ੇ ਮਨੁੱਖਤਾਵਾਦ ਦਾ ਪੱਖ ਪੂਰਨ ਵਾਲੇ ਹਨ, ਪਰ ਇਹਨਾਂ ਦੇ ਨਿਭਾਅ ਲਈ ਵਰਤੀਆਂ ਕਲਾਤਮਿਕ ਜੁਗਤਾਂ ਪਾਠਕੀ ਮਨਾਂ 'ਤੇ ਬੱਝਵਾਂ ਪ੍ਰਭਾਵ ਪਾਉਣ ਦੇ ਵਧੇਰੇ ਸਮਰੱਥ ਨਹੀਂ ਜਾਪਦੀਆਂ। ਕਹਾਣੀਆਂ ਦੇ ਇਕਹਿਰੇਪਣ ਨੂੰ ਸੰਘਣੇਪਣ ਵਿਚ ਤਬਦੀਲ ਕਰਨ ਲਈ ਵੀ ਥੋੜ੍ਹਾ ਹੋਰ ਗੰਭੀਰ ਹੋਣ ਦੀ ਲੋੜ ਹੈ। ਕੁਲ ਮਿਲਾ ਕੇ ਇਸ ਕਹਾਣੀ ਸੰਗ੍ਰਹਿ ਨੂੰ ਪੜ੍ਹਨਯੋਗ ਪੁਸਤਕਾਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

**— ਨਿਰੰਜਣ ਬੋਹਾ**

## ਖ਼ਾਲਸਾ ਰਾਜ ਦੇ ਵਿਦੇਸ਼ੀ ਕਰਿੰਦੇ

**ਬਾਬਾ ਪ੍ਰੇਮ ਸਿੰਘ**
**ਸੰਪਾਦਕ : ਜਗਤਾਰ ਸਿੰਘ ਭੰਗੂ**
**ਮੁੱਲ: 200 ਰੁਪਏ, ਪੰਨੇ : 144 ਪੇਪਰ ਬੈਕ**
**ਈਵਾਨ ਪਬਲੀਕੇਸ਼ਨ, ਬਰਨਾਲਾ**

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਪੁਸਤਕ ਦੀ ਭੂਮਿਕਾ ਵਿੱਚ ਲਿਖਦੇ ਹਨ ਕਿ "ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਅਦਭੁੱਤ ਜੀਵਨ ਵਿੱਚੋਂ ਉਸ ਦਾ ਅਸਚਰਜ ਕਰਤੱਵ ਇਹ ਮਿਲਦਾ ਹੈ ਕਿ ਉਸ ਨੇ ਬਹੁਤ ਸਾਰੇ ਯੂਰਪੀਨ ਅਤੇ ਅਮਰੀਕਨ, ਵਿਦੇਸ਼ੀ ਆਪਣੇ ਦਰਬਾਰ ਵਿੱਚ ਰੱਖੇ ਹੋਏ ਸਨ, ਜਿਨ੍ਹਾਂ ਦੀ ਗਿਣਤੀ 72 ਤੱਕ ਪਹੁੰਚਦੀ ਹੈ। ਸੰਪਾਦਕ ਜਗਤਾਰ ਸਿੰਘ ਭੰਗੂ ਨੇ ਇਹ ਸਪੱਸ਼ਟ ਵੀ ਕੀਤਾ ਹੈ ਕਿ ਸ਼ੇਰੇ ਪੰਜਾਬ ਦੀ ਸਲਤਨਤ ਸਥਾਪਤ ਕਰਨ ਵਿੱਚ ਕਿਸੇ ਵਿਦੇਸ਼ੀ ਦਾ ਯੋਗਦਾਨ ਨਹੀਂ ਸੀ, ਬਲਕਿ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਸੂਰਬੀਰ ਬਹਾਦਰ ਜਰਨੈਲਾਂ ਅਤੇ ਸਲਾਹਕਾਰਾਂ ਦਾ ਬਹੁਤ ਯੋਗਦਾਨ ਰਿਹਾ ਹੈ। ਪੁਸਤਕ ਵਿੱਚ ਵਿਦੇਸ਼ੀ ਇਟਾਲੀਅਨ, ਫਰਾਂਸੀਸੀ, ਅਮਰੀਕਨ, ਹੰਗੇਰੀਅਨ, ਪਰਸ਼ੀਅਨ, ਅਸਟਰੀਅਨ, ਕਰਿੰਦਿਆਂ ਦੀ ਗਿਣਤੀ ਦਰਜ ਹੈ। ਇਨ੍ਹਾਂ ਤੋਂ ਇਲਾਵਾ ਜਰਮਨ, ਅੰਗਰੇਜ਼, ਸਕਾਚ, ਆਇਰਸ, ਰੂਸੀ, ਸਪੈਨਿਸ਼, ਗ੍ਰੀਕ, ਪੁਰਤਗਾਲੀ ਕਰਿੰਦੇ ਵੀ ਭਰਤੀ ਕੀਤੇ ਗਏ ਹਨ। ਇਨ੍ਹਾਂ ਕਾਰਿੰਦਿਆਂ ਦੇ ਪ੍ਰਸਿੱਧ ਕਰਿੰਦਿਆਂ ਦਾ ਵਸਤੂ-ਵੇਰਵਾ ਪੁਸਤਕ ਵਿੱਚ ਦਰਜ ਹੈ। ਪੁਸਤਕ ਵਿੱਚ ਵੱਖ-ਵੱਖ ਦੇਸ਼ਾਂ ਦੇ ਕਰਿੰਦਿਆਂ ਵਿੱਚ ਜਰਨੈਲ ਵੈਨਤੂਰਾ, ਜਨਰਲ ਆਵੀਤਾਬੀਲ (ਅਬੂਤ ਬੇਲਾ) ਅਤੇ ਫਰਾਂਸੀਸੀ ਇਟਾਲੀਅਨ ਤੇ ਅਮਰੀਕਣ, ਅੰਗਰੇਜ਼ ਅਤੇ ਸਕਾਚ ਕਰਿੰਦੇ ਸਨ; ਇਨ੍ਹਾਂ ਕੌਮੀਅਤਾਂ ਦੇ ਅਫਸਰਾਂ ਦੇ ਨਾਵਾਂ ਬਾਰੇ ਵੱਖ-ਵੱਖ ਕਰਕੇ ਵੇਰਵੇ ਵਿਸਥਾਰ -ਪੂਰਵਕ ਪੁਸਤਕ ਵਿੱਚ ਪ੍ਰਾਪਤ ਹਨ।

ਸੰਪਾਦਕ ਨੇ ਪੁਸਤਕ ਵਿੱਚ ਇਨ੍ਹਾਂ ਵਿਦੇਸ਼ੀਆਂ ਦੇ ਵਸਤੂ ਵੇਰਵੇ ਦਿੱਤੇ ਹਨ। ਬਾਬਾ ਪ੍ਰੇਮ ਸਿੰਘ ਹੋਤੀ ਪੁਸਤਕ ਦੀ ਭੂਮਿਕਾ ਵਿੱਚ ਲਿਖਦੇ ਹਨ, 'ਕਿਧਰੇ ਫਰਾਂਸੀਸੀ, ਕਿਤੇ ਇਟਾਲੀਅਨ, ਕਿਧਰੇ ਜਰਮਨੀ, ਅੰਗਰੇਜ਼ੀ, ਪੁਰਤਗਾਲੀ, ਫਾਰਸੀ, ਪਸ਼ਤੋ ਕੰਨੀ ਪੈਂਦੀ ਸੀ। ਜਾਪਦਾ ਸੀ ਖਾਲਸਾ ਰਾਜ ਦੀ ਰਾਜਧਾਨੀ ਰੰਗ-ਬਿਰੰਗੇ ਫੁੱਲਾਂ ਨਾਲ ਭਰਪੂਰ ਫੁੱਲਵਾੜੀ ਹੈ, ਜਿਸ ਵਿੱਚ ਯੂਰਪ, ਏਸ਼ੀਆ ਦੀ ਸੱਭਿਅਤਾ, ਸਪੱਸ਼ਟ ਸਾਕਾਰ ਦਿਖਾਈ ਦਿੰਦੀ ਸੀ।

ਪੁਸਤਕ ਆਪਣੇ ਸਿਰਲੇਖ 'ਖਾਲਸਾ ਰਾਜ ਦੇ ਵਿਦੇਸ਼ੀ ਕਰਿੰਦੇ' ਸਿਰਲੇਖ ਅਨੁਸਾਰ, ਜਿਸ ਪ੍ਰਕਾਰ ਵਸਤੂ ਵੇਰਵਿਆਂ ਦੇ ਸਿਰਨਾਵੇਂ ਪੇਸ਼ ਕਰਦੀ ਹੈ, ਉਨ੍ਹਾਂ ਦੀ ਪਰਖ-ਪਹਿਚਾਣ ਕ੍ਰਮ ਅਨੁਸਾਰ, ਤਰਤੀਬ ਦੇ ਕੇ ਜਾਣਕਾਰੀ ਪ੍ਰਦਾਨ ਕਰਦੀ ਹੈ। ਸੰਪਾਦਕ ਨੇ ਇਨ੍ਹਾਂ ਵਸਤੂ-ਵੇਰਵਿਆਂ ਨੂੰ ਵਿਗਿਆਨਕ ਵਿਧੀ ਅਨੁਸਾਰ ਤਰਤੀਬ ਦਿੱਤੀ ਹੈ।

**- ਡਾ. ਅਮਰ ਕੋਮਲ**

31-March-Sunday.qxd 3/30/2024 10:40 PM Page 6



# ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ

**ਬਠਿੰਡਾ**-ਪਿੰਡ ਕੇਸਰ ਸਿੰਘ ਵਾਲਾ (ਭਗਤਾ ਭਾਈ ਕਾ) ਵਿਖੇ ਹੋਣ ਵਾਲੀ 'ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ' ਇਸ ਵਾਰ ਟੀਚਰਜ਼ ਹੋਮ ਬਠਿੰਡਾ ਵਿਖੇ ਹੋਈ। ਹਰ ਸਾਲ ਮਾਰਚ ਮਹੀਨੇ ਵਿੱਚ ਕੀਤੀ ਜਾਣ ਵਾਲੀ ਕਹਾਣੀ ਗੋਸ਼ਟੀ ਇਸ ਵਾਰ 23 ਤੇ 24 ਮਾਰਚ ਨੂੰ ਟੀਚਰਜ਼ ਹੋਮ ਬਠਿੰਡਾ ਵਿਖੇ ਕੀਤੀ ਗਈ।ਇਸ ਕਹਾਣੀ ਗੋਸ਼ਟੀ ਦੇ ਪ੍ਰਧਾਨਗੀ ਮੰਡਲ ਵਿੱਚ ਦੋਵੇਂ ਸੰਯੋਜਕਾਂ ਹਰਬੰਸ ਸਿੰਘ ਬਰਾੜ ਅਤੇ ਜਸਪਾਲ ਮਾਨਖੇੜਾ ਨਾਲ ਡਾ. ਲਾਭ ਸਿੰਘ ਖੀਵਾ ਸ਼ਾਮਲ ਹੋਏ। ਸ਼ੁਰੂਆਤ ਵਿੱਚ ਮਰਹੂਮ ਕਹਾਣੀਕਾਰ ਸੁਖਜੀਤ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਕਥਾ-ਸਮਾਗਮ ਦੇ ਆਰੰਭ ਵਿੱਚ ਹੋਸਟ ਹਰਬੰਸ ਸਿੰਘ ਬਰਾੜ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ।ਡਾ. ਲਾਭ ਸਿੰਘ ਖੀਵਾ ਨੇ ਇਸ ਕਹਾਣੀ ਗੋਸ਼ਟੀ ਦਾ ਪਿਛੋਕੜ ਦੱਸਦਿਆਂ ਕਿਹਾ ਕਿ ਨਵੇਂ ਕਹਾਣੀਕਾਰਾਂ ਨੂੰ ਕਹਾਣੀ ਦੀਆਂ ਬਾਰੀਕੀਆਂ ਸਮਝਾਉਣ ਅਤੇ ਤਕਨੀਕ ਦੀ ਜਾਣਕਾਰੀ ਲਈ ਇਹ ਉਪਰਾਲਾ ਕੀਤਾ ਗਿਆ ਹੈ। ਕਹਾਣੀ ਗੋਸ਼ਟੀ ਦੇ ਸੰਯੋਜਕ ਜਸਪਾਲ ਮਾਨਖੇੜਾ ਨੇ ਆਖਿਆ ਕਿ ਅਸੀਂ ਦੀਵਾ ਬਲ਼ੇ ਸਾਰੀ ਰਾਤ ਦੀ ਰਵਾਇਤ ਜਾਰੀ ਰੱਖ ਰਹੇ ਹਾਂ। ਡਲਹੌਜ਼ੀ ਕਹਾਣੀ ਗੋਸ਼ਟੀਆਂ ਦੀ ਤਰਜ਼ 'ਤੇ ਪਹਾੜਾਂ ਦੀ ਥਾਂ ਮਾਲਵੇ ਦੇ ਟਿੱਬਿਆਂ ਵਿੱਚ ਇਹ ਕਹਾਣੀ ਗੋਸ਼ਟੀ 2017 ਤੋਂ ਸ਼ੁਰੂ ਕੀਤੀ ਗਈ ਹੈ ਅਤੇ ਇਹ ਉਦਮ ਨਵੇਂ ਕਹਾਣੀਕਾਰਾਂ ਲਈ ਰਾਹ-ਦਸੇਰਾ ਬਣ ਰਿਹਾ ਹੈ। ਸਮਾਗਮ ਦੇ ਪਹਿਲੇ ਦਿਨ ਮੁਹੰਮਦ ਇਮਤਿਆਜ਼ ਨੇ ਅਜੋਕੇ ਦੌਰ ਵਿੱਚ ਮੁਸਲਿਮ ਲੋਕਾਂ ਨਾਲ ਹੋ ਰਹੇ ਵਿਤਕਰਿਆਂ ਦਾ ਬਿਰਤਾਂਤ ਸਿਰਜਦੀ ਕਹਾਣੀ 'ਉਲਾਹਮਾ' ਪੜ੍ਹੀ, ਜਿਸ ਉਪਰ ਬਹਿਸ ਦਾ ਆਗਾਜ਼ ਕਰਦਿਆਂ ਨੌਜਵਾਨ ਆਲੋਚਕ ਗੁਰਬਿੰਦਰ ਪਟਿਆਲਾ ਨੇ ਕਿਹਾ, 'ਕਹਾਣੀ ਮੁਸਲਮਾਨਾਂ 'ਤੇ ਹੋ ਰਹੇ ਜਬਰ-ਜ਼ੁਲਮ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਵਧ ਰਹੀ ਬੇਗਾਨਗੀ ਦੇ ਅਹਿਸਾਸਾਂ ਨੂੰ ਉਘੇੜਦੀ ਹੈ'। ਖੁਸ਼ਵੰਤ ਬਰਗਾੜੀ, ਦੀਪ ਜਗਦੀਪ, ਭੁਪਿੰਦਰ ਮਾਨ ਅਤੇ ਅਤਰਜੀਤ ਨੇ ਵੀ ਕਹਾਣੀ ਉਪਰ ਆਪਣੇ ਵਿਚਾਰ ਪੇਸ਼ ਕੀਤੇ। ਪਟਿਆਲੇ ਤੋਂ ਆਏ ਪ੍ਰੋ. ਪਰਮਜੀਤ ਨੇ ਕਿਹਾ ਕਿ ਕਹਾਣੀ ਵਿਚਲੇ ਚਰਿੱਤਰ ਦੇ ਨਾਂਅ ਉਹ ਨਹੀਂ ਰੱਖਣੇ ਚਾਹੀਦੇ, ਜੋ ਉਸ ਦੇ ਭਾਵਾਂ ਨੂੰ ਉਘਾੜਦੇ ਹੋਣ, ਜਿਵੇਂ ਇਸ ਕਹਾਣੀ ਵਿੱਚ ਹਲੀਮ ਅਤੇ ਆਦਰਸ਼ ਹਨ...!

ਗੋਸ਼ਟੀ ਦੀ ਦੂਜੀ ਪੇਸ਼ਕਾਰੀ ਸੀ ਕਹਾਣੀਕਾਰਾ ਵਿਪਨ ਗਿੱਲ ਦੀ ਕਹਾਣੀ 'ਅਵੱਲੀ ਪੀੜ', ਜਿਸ ਉਪਰ ਭਖਵੀਂ ਚਰਚਾ ਅਤੇ ਆਲੋਚਨਾ ਹੋਈ। ਦਰਸ਼ਨ ਜੋਗਾ ਨੇ ਕਹਾਣੀ ਬਾਰੇ ਬੋਲਦਿਆਂ ਕਿਹਾ ਕਿ ਇਹ ਗਲੋਬਲਾਈਜੇਸ਼ਨ ਦੀ ਕਹਾਣੀ ਹੈ ਅਤੇ ਟੁੱਟ ਰਹੇ ਰਿਸ਼ਤਾ ਪ੍ਰਬੰਧ ਨੂੰ ਉਘਾੜਦੀ ਹੈ। ਦੀਪ ਜਗਦੀਪ, ਪ੍ਰੋ. ਪਰਮਜੀਤ, ਗੁਰਬਿੰਦਰ, ਬਲਵਿੰਦਰ ਸਿੰਘ ਭੁੱਲਰ ਨੇ ਵੀ ਕਹਾਣੀ ਦੇ ਵਿਸ਼ੇ ਅਤੇ ਨਿਭਾਅ ਉਪਰ ਆਲੋਚਨਾਤਮਕ ਟਿੱਪਣੀਆਂ ਕੀਤੀਆਂ। ਸਮੇਟਵੀਂ ਟਿੱਪਣੀ ਵਿੱਚ ਡਾ. ਲਾਭ ਸਿੰਘ ਖੀਵਾ ਨੇ ਕਿਹਾ, ਕਹਾਣੀ ਜਿੰਨੀ ਅਨੁਭਵ 'ਚੋਂ ਨਿਕਲ ਕੇ ਆਵੇਗੀ, ਉਸ ਦਾ ਪ੍ਰਭਾਵ ਓਨਾ ਹੀ ਚਿਰਸਥਾਈ ਹੋਵੇਗਾ।

ਪਹਿਲੇ ਦਿਨ ਦੀ ਆਖ਼ਰੀ ਕਹਾਣੀ ਸੀ ਬਲਵੰਤ ਫਰਵਾਲੀ ਦੀ 'ਰੈਡ ਰਿਬਨ', ਜਿਸ ਉੱਪਰ ਬਹਿਸ ਦਾ ਆਗਾਜ਼ ਕਰਦਿਆਂ ਦੀਪ ਜਗਦੀਪ ਨੇ ਕਿਹਾ ਕਿ ਲੇਖਕ ਨੂੰ ਰਚਨਾ ਵਿੱਚ ਆਇਆ ਪ੍ਰਤੀਕ ਜਾਂ ਬਿੰਬ ਖੋਲ੍ਹਣਾ ਨਹੀਂ ਚਾਹੀਦਾ...।ਇਸ ਕਹਾਣੀ ਉਪਰ ਹੋਈ ਵਿਚਾਰ ਚਰਚਾ ਵਿੱਚ ਭੁਪਿੰਦਰ ਮਾਨ, ਦਰਸ਼ਨ ਸਿੰਘ ਢਿੱਲੋਂ, ਗੁਰਬਿੰਦਰ, ਪਰਮਜੀਤ, ਗੁਰਸੇਵਕ ਸਿੰਘ ਚਾਹਲ ਨੇ ਭਾਗ ਲਿਆ। ਆਖ਼ਰੀ ਟਿੱਪਣੀ ਵਿੱਚ ਕਹਾਣੀਕਾਰ ਅਤਰਜੀਤ ਦਾ ਕਥਨ ਸੀ ਕਿ ਇਹ ਕਾਵਿਕਤਾ ਭਰਪੂਰ ਕਹਾਣੀ ਹੈ। ਕਹਾਣੀ ਦੀ ਸ਼ੈਲੀ ਪ੍ਰਤੀ ਕਹਾਣੀਕਾਰ ਨੂੰ ਉਚੇਚਾ ਧਿਆਨ ਦੇਣ ਦੀ ਲੋੜ ਹੈ।

ਗੋਸ਼ਟੀ ਦੀ ਚੌਥੀ ਅਤੇ ਦੂਜੇ ਦਿਨ ਦੀ ਪਹਿਲੀ ਕਹਾਣੀ ਸਵਾਮੀ ਸਰਬਜੀਤ ਦੀ 'ਕਸਵੱਟੀ' ਪੜ੍ਹੀ ਗਈ। ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੇ ਮੁੰਡੇ-ਕੁੜੀ ਦੀ ਇਹ ਲੰਮੀ ਕਹਾਣੀ ਖ਼ੂਬ ਚਰਚਾ ਦਾ ਵਿਸ਼ਾ ਬਣੀ। ਪੱਖ ਅਤੇ ਵਿਰੋਧ ਵਿੱਚ ਭਾਵਪੂਰਤ ਟਿੱਪਣੀਆਂ ਆਈਆਂ। ਆਪਣੇ ਪੇਪਰ ਵਿੱਚ ਪ੍ਰੋ. ਪਰਮਜੀਤ ਨੇ ਕਿਹਾ, 'ਇਹ ਕਹਾਣੀ ਮੈਂ ਮੂਲਕ ਕਹਾਣੀ ਵਾਲੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀ, ਕਹਾਣੀ ਦੀ ਭਾਸ਼ਾ ਕਹਾਣੀਕਾਰ ਦੀ ਭਾਸ਼ਾ ਹੈ। ਕਹਾਣੀ ਦੇ ਕੇਂਦਰ ਵਾਲਾ ਸ਼ਹਿਰ ਮੈਟਰੋ ਸਿਟੀ ਨਹੀਂ'। ਗੁਰਬਿੰਦਰ ਦੇ ਵਿਚਾਰ ਸਨ ਕਿ ਰੁਮਾਂਟਿਕਤਾ ਗੁੰਮ ਹੈ। ਭੋਲਾ ਸਿੰਘ ਸੰਘੇੜਾ ਨੇ ਕਿਹਾ ਕਿ ਵਿਸ਼ਾ ਨਵਾਂ ਹੈ, ਜੋ ਨਿਭਾਉਣਾ ਔਖਾ ਹੁੰਦਾ ਏ। ਗੋਸ਼ਟੀ ਦੀ ਅੰਤਲੀ ਅਤੇ ਪੰਜਵੀਂ ਕਹਾਣੀ ਸੀ...'ਅਹਿਮਦਸ਼ਾਹੇ'। ਜਿਸ ਦਾ ਲੇਖਕ ਗੁਰਮੀਤ ਆਰਿਫ਼ ਕਿਸੇ ਕਾਰਨ ਆ ਨਹੀਂ ਸਕਿਆ ਤੇ ਕਹਾਣੀ ਪਾਠ ਕਹਾਣੀਕਾਰ ਰਵਿੰਦਰ ਰੁਪਾਲ ਕੌਲਗੜ੍ਹ ਨੇ ਕੀਤਾ। ਬਹਿਸ ਦਾ ਮੁੱਢ ਬੰਨ੍ਹਦਿਆਂ ਪ੍ਰੋ. ਪਰਮਜੀਤ ਨੇ ਆਖਿਆ ਕਿ ਕਹਾਣੀ ਵਿੱਚ ਭਾਵੁਕਤਾ ਨੂੰ ਪਹਿਲ ਦਿੱਤੀ ਗਈ ਹੈ, ਜੋ ਫਾਇਦਾ ਕਰਨ ਦੀ ਬਜਾਏ ਨੁਕਸਾਨ ਕਰਦੀ ਹੈ। ਕਹਾਣੀ ਉਪਰ ਹੋਈ ਵਿਚਾਰ-ਚਰਚਾ ਦੀਪ ਜਗਦੀਪ, ਹਰਬੰਸ ਸਿੰਘ ਬਰਾੜ, ਭੋਲਾ ਸਿੰਘ ਸ਼ਮੀਰੀਆ, ਜਸਵਿੰਦਰ ਧਰਮਕੋਟ, ਦਰਸ਼ਨ ਸਿੰਘ ਢਿੱਲੋਂ, ਗੁਰਬਿੰਦਰ ਨੇ ਭਾਗ ਲਿਆ।ਸਮੇਟਵੀਂ ਟਿੱਪਣੀ ਵਿੱਚ ਕਹਾਣੀਕਾਰ ਜਸਪਾਲ ਮਾਨਖੇੜਾ ਨੇ ਕਿਹਾ ਕਿ ਕਹਾਣੀ ਵਿੱਚ ਅਦਾਲਤੀ ਪ੍ਰਕਿਰਿਆ ਦਾ ਵਰਨਣ ਯਥਾਰਥ ਤੋਂ ਦੂਰ ਹੈ। ਕਹਾਣੀ ਵਿੱਚ ਪਾਤਰਾਂ ਦੀ ਉਹ ਉਸਾਰੀ ਨਹੀਂ ਹੋਈ, ਜੋ ਹੋ ਸਕਦੀ ਸੀ।ਕਹਾਣੀ ਗੋਸ਼ਟੀ ਦੇ ਅੰਤ ਵਿੱਚ ਸਮੁੱਚੀ ਟਿੱਪਣੀ ਕਹਾਣੀਕਾਰ ਆਗਾਜ਼ਬੀਰ ਨੇ ਕੀਤੀ।ਉਸ ਕਿਹਾ ਕਿ ਸਾਹਿਤ ਸਿਰਜਣਾ ਵਿੱਚ ਅਜਿਹੀਆਂ ਗੋਸ਼ਟੀਆਂ ਦਾ ਵੱਡਾ ਮਹੱਤਵ ਹੈ।ਇਸ ਕਹਾਣੀ ਗੋਸ਼ਟੀ ਦੀ ਇਹ ਪ੍ਰਾਪਤੀ ਹੈ ਕਿ ਕਹਾਣੀਕਾਰ-ਆਲੋਚਕ ਅਤੇ ਪਾਠਕ ਦੋ ਦਿਨ ਸਿਰ ਜੋੜ ਕੇ ਬੈਠੇ। ਕਹਾਣੀ ਕਲਾ, ਸਮੱਗਰੀ ਅਤੇ ਸ਼ਾਸ਼ਤਰ ਬਾਰੇ ਖੁੱਲ੍ਹ ਕੇ ਵਿਚਾਰ ਹੋਈ।ਇਹ ਸਿਲਸਿਲਾ ਲਗਾਤਾਰ ਚੱਲਣਾ ਚਾਹੀਦਾ ਹੈ ਤਾਂ ਜੋ ਨਵੇਂ ਰਚੇ ਜਾ ਰਹੇ ਸਾਹਿਤ ਨੂੰ ਤਰਾਸ਼ ਕੇ ਪਾਠਕਾਂ ਦੇ ਰੂਬਰੂ ਕੀਤਾ ਜਾਵੇ।

**- ਜਸਪਾਲ ਮਾਨਖੇੜਾ**




## ਸਾਧੂ ਸਿੰਘ ਸੰਘਾ ਤੇ ਬਲਦੇਵ ਸਿੰਘ ਬੁੱਧ ਸਿੰਘ ਵਾਲਾ ਹੋਏ ਸਾਹਿਤਕਾਰਾਂ ਦੇ ਰੂ-ਬ-ਰੂ

**ਮੋਗਾ**-ਲੋਕ ਸਾਹਿਤ ਅਕਾਦਮੀ, ਮੋਗਾ ਦੀਆਂ ਸਮੂਹ ਸਾਹਿਤਕ ਸੰਸਥਾਵਾਂ ਤੇ ਐੱਨ ਆਰ ਆਈਜ਼ ਨੇ ਸੁਤੰਤਰਤਾ ਸੰਗਰਾਮੀ ਭਵਨ ਮੋਗਾ ਵਿਖੇ ਸਾਹਿਤਕ ਸਮਾਗਮ ਰਚਿਆ। ਇਸ ਸਾਹਿਤਕ ਸਮਾਗਮ ਵਿਚ ਲਿਖਾਰੀ ਸਭਾ, ਮਹਿੰਦਰ ਸਾਥੀ ਯਾਦਗਾਰੀ ਮੰਚ, ਲੋਹਮਣੀ ਅਦਾਰਿਆਂ ਨਾਲ ਸੰਬੰਧਤ ਅਹੁਦੇਦਾਰ ਸਾਹਿਤਕਾਰ ਸ਼ਾਮਲ ਹੋਏ।

ਸਾਹਿਤਕ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਕੇ ਐੱਲ ਗਰਗ, ਬਲਦੇਵ ਸੜਕਨਾਮਾ, ਗੁਰਬਚਨ ਸਿੰਘ ਚਿੰਤਕ (ਕੈਨੇਡਾ), ਸਾਧੂ ਸਿੰਘ ਸੰਘਾ (ਯੂ ਐੱਸ ਏ), ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ), ਡਾ. ਸੁਰਜੀਤ ਬਰਾੜ ਤੇ ਗੁਰਚਰਨ ਸਿੰਘ ਸੰਘਾ ਸ਼ਾਮਲ ਸਨ। ਮੰਚ ਦਾ ਸੰਚਾਲਨ ਚਰਨਜੀਤ ਸਮਾਲਸਰ ਨੇ ਕੀਤਾ। ਸਾਹਿਤਕ ਸਮਾਗਮ ਦਾ ਆਰੰਭ ਦਰਸ਼ਨ ਸਿੰਘ ਸੰਘਾ ਤੇ ਰਣਜੀਤ ਸਰਾਂਵਾਲੀ ਦੀਆਂ ਰਚਨਾਵਾਂ ਨਾਲ ਹੋਇਆ।

ਡਾ. ਸੁਰਜੀਤ ਬਰਾੜ ਨੇ ਸਾਧੂ ਸਿੰਘ ਸੰਘਾ (ਯੂ ਐੱਸ ਏ) ਦੇ ਨਾਵਲ ਗਰੀਨ ਕਾਰਡ ਸੰਬੰਧੀ ਆਲੋਚਨਾਤਮਿਕ ਪੇਪਰ ਪੜ੍ਹਿਆ, ਜਿਸ ਰਾਹੀਂ ਪ੍ਰਵਾਸੀਆਂ ਦੇ ਜੀਵਨ ਬਾਰੇ ਆਲੋਚਨਾਤਮਕ ਵਿਚਾਰ ਪੇਸ਼ ਕਰਦਿਆਂ ਸਾਰੇ ਪੱਖਾਂ 'ਤੇ ਝਾਤ ਪੁਆਈ। ਪ੍ਰਵਾਸ ਦੇ ਕਾਰਨ ਤੇ ਗੈਰ-ਕਾਨੂੰਨੀ ਪਰਵਾਸੀਆਂ ਦੀਆਂ ਮੁਸ਼ਕਲਾਂ ਬਾਰੇ ਖੁੱਲ੍ਹ ਕੇ ਵਿਚਾਰ-ਚਰਚਾ ਹੋਈ। ਜਿਸ ਵਿਚ ਕੇ ਐੱਲ ਗਰਗ ਨੇ ਕਿਹਾ ਕਿ ਚੇਤਨਤਾ ਰੱਖਣ ਵਾਲੇ ਲੇਖਕਾਂ ਨੂੰ ਵਧ ਰਹੇ ਪ੍ਰਵਾਸ ਬਾਰੇ ਸੋਚਣ ਦੀ ਲੋੜ ਹੈ। ਬਲਦੇਵ ਸੜਕਨਾਮਾ ਨੇ ਕਿਹਾ ਕਿ ਪ੍ਰਵਾਸ ਤੋਂ ਗਰੀਨ ਕਾਰਡ ਹਾਸਲ ਕਰਨ ਤੱਕ ਦਾ ਸਫਰ ਬੜਾ ਪੇਚੀਦਾ ਤੇ ਜੋਖਮ ਭਰਭੂਰ ਹੈ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਗਰੀਨ ਕਾਰਡ ਪ੍ਰਾਪਤ ਕਰ ਲੈਂਦੇ ਹਨ, ਉਹ ਨਵੇਂ ਗੈਰਕਨੂੰਨੀ ਪ੍ਰਵਾਸੀਆਂ ਦਾ ਸ਼ੋਸ਼ਣ ਕਰਦੇ ਹਨ। ਸਰਕਾਰਾਂ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ ਤੇ ਗੈਰ-ਕਾਨੂੰਨੀ ਢੰਗ ਨਾਲ ਨੌਜਵਾਨਾਂ ਨੂੰ ਵਿਦੇਸ਼ ਭੇਜਣ ਵਾਲੇ ਏਜੰਟਾਂ ਵਿਰੁੱਧ ਸਖਤ ਕਾਰਵਾਈ ਦੀ ਲੋੜ ਹੈ। ਗੁਰਮੀਤ ਕੜਿਆਲਵੀ ਨੇ ਕਿਹਾ ਕਿ ਵਧ ਰਿਹਾ ਪ੍ਰਵਾਸ ਚਿੰਤਾ ਦਾ ਵਿਸ਼ਾ ਹੈ, ਇਸ ਉਪਰ ਚਰਚਾ ਕਰਵਾਈ ਜਾਣੀ ਚਾਹੀਦੀ ਹੈ। ਗੁਰਚਰਨ ਸਿੰਘ ਸੰਘਾ ਨੇ ਕਿਹਾ ਕਿ ਕੇਂਦਰੀ ਸਰਕਾਰ/ਰਾਜ ਸਰਕਾਰਾਂ ਵੱਲੋਂ ਰੋਜ਼ਗਾਰ ਲਈ ਠੋਸ ਪ੍ਰਬੰਧ ਨਾ ਕਰਨ ਕਰਕੇ ਨੌਜਵਾਨ ਵਰਗ ਵਿਦੇਸ਼ਾਂ ਵੱਲ ਭੱਜ ਰਿਹਾ। ਅਸ਼ੋਕ ਚਟਾਨੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਵਾਸ ਗੰਭੀਰ ਮੁੱਦਾ ਹੈ, ਇਸ ਬਾਰੇ ਗੰਭੀਰਤਾ ਨਾਲ ਸੋਚ-ਵਿਚਾਰ ਕਰਨ ਦੀ ਲੋੜ ਹੈ।

ਸਾਧੂ ਸਿੰਘ ਸੰਘਾ (ਯੂ ਐੱਸ ਏ) ਨੇ ਲੇਖਕਾਂ ਦੇ ਰੂਬਰੂ ਹੁੰਦਿਆਂ ਨਾਵਲ ਗਰੀਨ ਕਾਰਡ ਦੇ ਲਿਖਣ ਦੇ ਮੁੱਖ ਕਾਰਨ ਬਾਰੇ ਦੱਸਦਿਆਂ ਕਿਹਾ ਕਿ ਰੋਟੀ-ਰੋਜ਼ੀ ਲਈ ਆਪਣਾ ਦੇਸ਼ ਛੱਡ ਕੇ ਏਜੰਟਾਂ ਰਾਹੀਂ ਗੈਰ ਕਾਨੂੰਨੀ ਢੰਗ-ਤਰੀਕਿਆਂ ਨਾਲ ਪ੍ਰਦੇਸ਼ਾਂ ਵਿਚ ਜਾ ਕੇ ਜਾਨ ਹੂਲਵੀਆਂ ਹਾਲਤਾਂ ਦਾ ਸਿਰੜ ਤਰੀਕੇ ਨਾਲ ਸਾਹਮਣਾ ਕਰਨ ਵਾਲੇ ਕਿਰਤੀਆਂ/ਨੌਜਵਾਨਾਂ ਤੋਂ ਪ੍ਰੇਰਨਾ ਮਿਲੀ। ਉਨ੍ਹਾ ਵਿਦੇਸ਼ਾਂ ਵਿਚ ਭੇਜੇ ਜਾ ਰਹੇ ਨੌਜਵਾਨਾਂ ਦੀ ਜ਼ਿੰਦਗੀ ਅਤੇ ਵਿਦੇਸ਼ ਵਿਚ ਆਪਣੇ ਤਜਰਬੇ ਨੂੰ ਲਿਖ ਕੇ ਵਿਦੇਸ਼ ਜਾਣ ਵਾਲਿਆਂ ਨੂੰ ਸੁਚੇਤ ਕਰਨ ਦਾ ਯਤਨ ਕੀਤਾ। ਬਲਦੇਵ ਸਿੰਘ ਬੁੱਧ ਸਿੰਘ ਵਾਲਾ (ਹਾਂਗਕਾਂਗ) ਨੇ ਆਪਣੇ ਨਾਵਲ 'ਜੰਗੀ ਕੈਦੀ' ਬਾਰੇ ਗੱਲਬਾਤ ਕਰਦਿਆਂ ਕਿਹਾ ਕਿ 1965 ਅਤੇ 1971 ਹਿੰਦ-ਪਾਕਿ ਜੰਗਾਂ ਦੌਰਾਨ ਜਿਹੜੇ ਸਾਡੇ ਫੌਜੀ ਵੀਰ ਦੁਸ਼ਮਣ ਦੇ ਘੇਰੇ ਵਿਚ ਆ ਗਏ ਅਤੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਤਸੀਹੇ ਝੱਲਦੇ ਰਹੇ ਤੇ ਝੱਲ ਰਹੇ ਹਨ, ਉਨ੍ਹਾਂ ਦੀ ਦਾਸਤਾਨ ਪੇਸ਼ ਕਰਨ ਦਾ ਯਤਨ ਕੀਤਾ। ਉਨ੍ਹਾ ਕਿਹਾ ਕਿ ਦੇਸ਼ ਦੀਆਂ ਸਰਹੱਦਾਂ 'ਤੇ ਰਾਖੀ ਕਰਨ ਵਾਲਿਆਂ ਦੀ ਜ਼ਿੰਦਗੀ ਕਿੰਨੀ ਔਖੀ ਹੈ, ਬਾਅਦ ਵਿਚ ਸਰਕਾਰਾਂ ਵੀ ਉਨ੍ਹਾਂ ਨੂੰ ਵਿਸਾਰ ਦਿੰਦੀਆਂ ਹਨ, ਕਿਸੇ ਸਰਕਾਰ ਨੇ ਜੰਗੀ ਕੈਦੀਆਂ ਦੀ ਰਿਹਾਈ ਲਈ ਯਤਨ ਨਹੀਂ ਕੀਤਾ।

ਇਸ ਸਾਹਿਤਕ ਸਮਾਗਮ ਵਿਚ ਜਸਪਾਲ ਸਿੰਘ ਧਾਲੀਵਾਲ (ਯੂ ਐੱਸ ਏ), ਕਰਨਲ ਬਾਬੂ ਸਿੰਘ, ਪਰਮਜੀਤ ਸਿੰਘ ਚੂਹੜਚੱਕ, ਅਮਰ ਸੂਫੀ, ਲਾਲ ਸਿੰਘ ਸੁਲਹਾਣੀ, ਨਵਨੀਤ ਸਿੰਘ ਸੇਖਾ, ਮਾਸਟਰ ਪ੍ਰੇਮ ਕੁਮਾਰ, ਕਰਮਜੀਤ ਕੌਰ ਲੰਢੇਕੇ (ਲੋਹਮਣੀ), ਗਿਆਨ ਸਿੰਘ ਸਾਬਕਾ ਡੀ ਪੀ ਆਰ ਓ, ਜੰਗੀਰ ਖੋਖਰ, ਹਰਭਜਨ ਸਿੰਘ ਧਨੌਲਾ (ਯੂ ਐੱਸ ਏ), ਗੁਰਚਰਨ ਸਿੰਘ ਅਤਰ ਸਿੰਘ ਵਾਲਾ, ਰਛਪਾਲ ਸਿੰਘ ਬੁੱਧ ਸਿੰਘ ਵਾਲਾ, ਦਿਲਬਾਗ ਸਿੰਘ ਤੇ ਇਕਬਾਲ ਸਿੰਘ ਬੁੱਕਣਵਾਲਾ, ਇਕਬਾਲ ਸਿੰਘ, ਦਲਜੀਤ ਸਿੰਘ ਤੇ ਅੰਮ੍ਰਿਤਪਾਲ ਕੌਰ ਰਾਮੂੰਵਾਲਾ, ਪਰਮਜੀਤ ਕੌਰ ਰਾਮੂੰਵਾਲਾ ਹਰਚੋਕੇ, ਡਾ. ਸਰਬਜੀਤ ਕੌਰ ਬਰਾੜ, ਮੋਹੀ ਅਮਰਜੀਤ, ਹਰਭਜਨ ਸਿੰਘ ਨਾਗਰਾ, ਬਲਜਿੰਦਰ ਸਿੰਘ, ਗੁਰਤੇਜ ਸਿੰਘ, ਗਿਆਨ ਸਿੰਘ ਮੋਗਾ, ਹਰਮੰਦਰ ਸਿੰਘ ਮੋਗਾ, ਸੁਖਦੇਵ ਸਿੰਘ, ਮਾਸਟਰ ਆਤਮਾ ਸਿੰਘ ਚੜਿੱਕ, ਸੋਨੀ ਮੋਗਾ, ਤਰੁਣ ਮਦਨ, ਕਿਰਨਦੀਪ ਕੌਰ, ਤੇਜ ਸਿੰਘ ਸੰਘਾ, ਰਛਪਾਲ ਸਿੰਘ ਚੰਨੂਵਾਲਾ, ਹਰਦੇਵ ਸਿੰਘ ਦੁਸਾਂਝ, ਮਾਸਟਰ ਗੁਰਨਾਮ ਸਿੰਘ, ਗੁਰਦੇਵ ਸਿੰਘ ਬਰਾੜ ਆਦਿ ਸ਼ਾਮਲ ਸਨ।

## ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ

**ਕੈਲਗਰੀ** : ਪੰਜਾਬੀ ਸਾਹਿਤ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਦਿਨ ਐਤਵਾਰ 24 ਮਾਰਚ 2024 ਨੂੰ ਕੋਸੋ ਹਾਲ ਵਿੱਚ ਸੁਰਿੰਦਰ ਗੀਤ ਦੀ ਪ੍ਰਧਾਨਗੀ ਵਿੱਚ ਹੋਈ। ਆਰੰਭ ਵਿੱਚ ਸਭਾ ਦੇ ਜਨਰਲ ਸਕੱਤਰ ਸ. ਗੁਰਦਿਆਲ ਸਿੰਘ ਖਹਿਰਾ ਨੇ ਸਾਰੇ ਆਏ ਮੈਂਬਰਾਂ ਦਾ ਧੰਨਵਾਦ ਕੀਤਾ। ਸਭਾ ਦੇ ਸਾਬਕਾ ਪ੍ਰਧਾਨ ਸੁਰਜੀਤ ਸਿੰਘ ਸੀਤਲ 'ਪੰਨੂ' ਅਤੇ ਕੈਲਗਰੀ ਦੇ ਸੁਹਿਰਦ ਇਨਸਾਨ ਅਤੇ ਪ੍ਰਤੀਬੱਧ ਕਵੀ ਇਕਬਾਲ ਖਾਨ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਕਬਾਲ ਖਾਨ ਲੋਕ ਸੰਘਰਸ਼ਾਂ ਨੂੰ ਪ੍ਰਨਾਇਆ ਹੋਇਆ ਜ਼ਿੰਦਾਦਿਲ ਲੇਖਕ ਸੀ। ਉਸ ਦੇ ਵਿਛੜਨ ਨਾਲ ਖੱਬੇ ਪੱਖੀ ਸਾਹਿਤਕ ਅਤੇ ਸੱਭਿਆਚਾਰਕ ਲਹਿਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਪੰਜਾਬੀ ਸਾਹਿਤ ਸਭਾ ਕੈਲਗਰੀ ਵਲੋਂ ਇਹਨਾਂ ਦੋਨਾਂ ਲੇਖਕਾਂ ਦੇ ਰਿਸ਼ਤੇਦਾਰਾਂ, ਸੁਨੇਹੀਆਂ ਅਤੇ ਸਮੁੱਚੇ ਲੇਖਕ ਭਾਈਚਾਰੇ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਤੋਂ ਇਲਾਵਾ ਸ. ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਲਾਸਾਨੀ ਸ਼ਹਾਦਤ ਨੂੰ ਯਾਦ ਕਰਦਿਆਂ ਪੰਜਾਬੀ ਜਗਤ ਦੇ ਉੱਘੇ ਵਿਦਵਾਨ ਸ਼ਾਇਰ ਅਤੇ ਚਿੰਤਕ ਜਸਵੰਤ ਜ਼ਫ਼ਰ ਦੀ ਇਕ ਨਜ਼ਮ ਸਾਂਝੀ ਕੀਤੀ।

ਮਨਜੀਤ ਬਰਾੜ ਨੇ ਇਕ ਬਹੁਤ ਹੀ ਭਾਵਪੂਰਤ ਕਹਾਣੀ ਸੁਣਾਈ। ਤਰਜੀਤ ਸਿੰਘ ਲਾਲੀ ਨੇ ਭਗਤ ਸਿੰਘ ਅਤੇ ਸਾਥੀਆਂ ਦੀ ਸ਼ਹਾਦਤ ਸੰਬੰਧੀ ਆਪਣੇ ਵਿਚਾਰ ਪ੍ਰਗਟ ਕੀਤੇ। ਸੁਖਮੰਦਰ ਸਿੰਘ ਤੂਰ ਨੇ ਆਪਣੀ ਅਤਿ ਸੁਰੀਲੀ ਆਵਾਜ਼ ਵਿੱਚ ਜਸਵਿੰਦਰ ਸਿੰਘ ਰੁਪਾਲ ਅਤੇ ਗੁਰਦੀਸ਼ ਕੌਰ ਗਰੇਵਾਲ ਦੀਆਂ ਰਚਨਾਵਾਂ ਦਾ ਗਾਇਨ ਕੀਤਾ। ਸੁਰਿੰਦਰ ਗੀਤ ਨੇ ਦੋ ਕਿਤਾਬਾਂ ਮਨਜੀਤ ਕੌਰ ਖਹਿਰਾ ਨੂੰ ਭੇਟ ਕੀਤੀਆਂ ਅਤੇ ਆਸ ਪ੍ਰਗਟਾਈ ਕਿ ਉਹ ਅੱਗੇ ਤੋਂ ਵੀ ਕੁਝ ਨਾ ਕੁਝ ਸੁਣਾਉਂਦੇ ਰਹਿਣਗੇ।ਗੁਰਬਖ਼ਸ਼ ਗਿੱਲ ਤੇ ਸੁਖਵੰਤ ਲਾਲੀ ਤੇ ਹੋਰਾਂ ਨੇ ਸਭ ਦੀ ਰੌਣਕ ਨੂੰ ਵਧਾਇਆ।

ਅੰਤ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਨੇ ਆਪਣੀ ਭਾਰਤ ਫੇਰੀ ਅਤੇ ਨਵੀਆਂ ਸਫ਼ਲਤਾਵਾਂ ਦਾ ਵਰਨਣ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ, ਗੁਰੂ ਤੇਗ ਬਹਾਦਰ ਖਾਲਸਾ ਕਾਲਜ ਨਵੀਂ ਦਿੱਲੀ ਅਤੇ ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਜੋ ਮਾਣ- ਸਨਮਾਨ ਪ੍ਰਾਪਤ ਹੋਇਆ ਹੈ। ਮੰਚ ਸੰਚਾਲਨ ਦੀ ਜ਼ੰਮੇਵਾਰੀ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ।

## ਸਾਹਿਤ ਸਭਾ ਦੀ ਇਕੱਤਰਤਾ



**ਦਸੂਹਾ**-ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਦੀ ਮਾਸਿਕ ਮੀਟਿੰਗ ਕਹਾਣੀਕਾਰ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਕਹਾਣੀਕਾਰ ਲਾਲ ਸਿੰਘ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਹਿਤ ਜ਼ਿੰਦਗੀ ਨੂੰ ਬੁਲੰਦੀ ਪ੍ਰਦਾਨ ਕਰਦਾ ਹੈ ਅਤੇ ਸੰਘਰਸ਼ ਦੇ ਰਾਹਾਂ ਦਾ ਰਾਹ ਦਸੇਰਾ ਬਣਦਾ ਹੈ । ਸਾਹਿਤ ਯੁਗਾਂ-ਯੁਗਾਂਤਰਾਂ ਤੋਂ ਇਹ ਮਨੁੱਖ ਨੂੰ ਜੀਵਨ ਦਾ ਮਨੋਰਥ ਦੱਸਦਾ ਅਤੇ ਸਮਾਜ ਨੂੰ ਉਸ ਦੇ ਨੈਤਿਕ ਫਰਜ਼ਾਂ ਬਾਰੇ ਸੁਚੇਤ ਕਰਦਾ ਆ ਰਿਹਾ ਹੈ। ਇਹੋ ਕਾਰਨ ਹੈ ਕਿ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਅਤੇ ਜੀਵਨ ਦਾ ਰਸ ਮੰਨਿਆ ਜਾਂਦਾ ਹੈ। ਵਿਦਵਾਨਾਂ ਦਾ ਕਥਨ ਹੈ ਕਿ ਕਿਸੇ ਵੀ ਸਮਾਜ, ਦੇਸ਼ ਅਤੇ ਕੌਮ ਦੀ ਅਮੀਰੀ ਦਾ ਅੰਦਾਜ਼ਾ ਉੱਥੋਂ ਦੀਆਂ ਸਾਹਿਤਕ ਕਿਰਤਾਂ ਨੂੰ ਵੇਖ ਕੇ ਸਹਿਜੇ ਹੀ ਲਗਾਇਆ ਜਾ ਸਕਦਾ ਹੈ।ਸੁਰਿੰਦਰ ਸਿੰਘ ਨੇਕੀ ਨੇ ਕਿਹਾ ਕਿ ਸਾਹਿਤ ਜੀਵਨ ਨੂੰ ਗਤੀ ਦਿੰਦਾ ਹੈ ।ਮੀਟਿੰਗ ਵਿੱਚ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਾਹਿਤਕਾਰਾਂ ਪ੍ਰਤੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇਨ੍ਹਾਂ ਵਿੱਚ ਚਰਨਜੀਤ ਸਿੰਘ ਉਡਾਰੀ, ਸੋਨੀਆ ਭਾਰਤੀ ਪੁੱਤਰੀ ਕੁੰਦਨ ਲਾਲ ਕੁੰਦਨ ਦਸੂਹਾ, ਕਰਨਜੀਤ ਸਿੰਘ, ਕਹਾਣੀਕਾਰ ਵਰਿਆਮ ਸਿੰਘ ਢੋਟੀਆਂ ਅਤੇ ਜਸਵਿੰਦਰ ਸਿੰਘ ਮਜਾਰੀ ਸ਼ਾਮਲ ਹਨ। ਰਚਨਾਵਾਂ ਦੇ ਦੌਰ ਵਿੱਚ ਨਵਤੇਜ ਗੜ੍ਹਦੀਵਾਲਾ, ਅਮਰੀਕ ਡੋਗਰਾ ਅਤੇ ਪ੍ਰੋ. ਬਲਦੇਵ ਸਿੰਘ ਬੱਲੀ ਨੇ ਆਪਣੀਆਂ ਕਾਵਿਮਈ ਰਚਨਾਵਾਂ ਪੇਸ਼ ਕੀਤੀਆਂ।

# 'ਜੀਵਨ ਜੜ੍ਹਾਂ' ਰਿਲੀਜ਼



**ਪਟਿਆਲਾ** : ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਪਟਿਆਲਾ ਅਤੇ ਕੇਂਦਰੀ ਮਿੰਨੀ ਕਹਾਣੀ ਲੇਖਕ ਮੰਚ ਵੱਲੋਂ ਸਾਂਝੇ ਤੌਰ ਤੇ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵਿਖੇ ਕਵੀ/ਕਹਾਣੀਕਾਰ ਸੁਰਿੰਦਰ ਮਕਸੂਦਪੁਰੀ ਦਾ ਨਵ-ਪ੍ਰਕਾਸ਼ਿਤ ਮਿੰਨੀ ਕਹਾਣੀ ਸੰਗ੍ਰਹਿ 'ਜੀਵਨ ਜੜ੍ਹਾਂ' ਰਿਲੀਜ਼ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ, ਕੇਂਦਰੀ ਮੰਨੀ ਕਹਾਣੀ ਲੇਖਕ ਮੰਚ ਦੇ ਪ੍ਰਧਾਨ ਡਾ. ਹਰਪ੍ਰੀਤ ਸਿੰਘ ਰਾਣਾ, ਡਾ. ਗੁਰਬਚਨ ਸਿੰਘ ਰਾਹੀ, ਸੁਖਦੇਵ ਸਿੰਘ ਸ਼ਾਂਤ, ਸੁਰਿੰਦਰ ਮਕਸੂਦਪੁਰੀ ਆਦਿ ਸ਼ਾਮਲ ਹੋਏ। ਡਾ. ਦਰਸ਼ਨ ਸਿੰਘ ਆਸ਼ਟ ਨੇ ਲੇਖਕਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਵਿਭਿੰਨ ਵੰਨਗੀਆਂ ਦਾ ਖ਼ੂਬਸੂਰਤ ਗੁਲਦਸਤਾ ਹੈ, ਜਿਸ ਦੀ ਮਹਿਕ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਉਨ੍ਹਾਂ ਕਿਹਾ ਕਿ ਸੁਰਿੰਦਰ ਮਕਸੂਦਪੁਰੀ ਨੇ ਜਿਥੇ ਕਵਿਤਾ ਦੇ ਖੇਤਰ ਵਿੱਚ ਆਪਣਾ ਨਾਂ ਕਮਾਇਆ ਹੈ, ਉਥੇ ਮਿੰਨੀ ਕਹਾਣੀ ਦੇ ਖੇਤਰ ਵਿੱਚ ਵੀ ਆਪਣੀ ਵਿਲੱਖਣ ਪਛਾਣ ਬਣਾਈ ਹੈ। ਡਾ. ਹਰਪ੍ਰੀਤ ਸਿੰਘ ਰਾਣਾ ਨੇ ਕਿਹਾ ਕਿ ਸੁਰਿੰਦਰ ਮਕਸੂਦਪੁਰੀ ਦਾ ਨਾਂ ਮਿੰਨੀ ਕਹਾਣੀ ਵਿਧਾ ਦੇ ਮੋਢੀਆਂ ਵਿੱਚ ਸ਼ੁਮਾਰ ਹੈ। ਕਵੀ ਹੋਣ ਦੇ ਨਾਤੇ ਉਹ ਕਾਵਿਮਈ ਸ਼ੈਲੀ ਵਿੱਚ ਮਿੰਨੀ ਕਹਾਣੀਆਂ ਦੇ ਕਥਾਨਕ ਸਿਰਜਦਾ ਹੈ।

ਸਮਾਗਮ ਦੇ ਮੁੱਖ ਮਹਿਮਾਨ ਡਾ. ਗੁਰਬਚਨ ਸਿੰਘ ਰਾਹੀ ਨੇ ਕਿਹਾ ਕਿ ਸਾਹਿਤ ਸਭਾਵਾਂ ਦੀ ਭੂਮਿਕਾ ਇਤਿਹਾਸਕ ਹੈ, ਜਿਥੇ ਵੱਡੀ ਗਿਣਤੀ ਵਿੱਚ ਸਾਹਿਤਕਾਰ ਆਪਣੀਆਂ ਲਿਖਤਾਂ ਦਾ ਅਦਾਨ-ਪ੍ਰਦਾਨ ਕਰਦੇ ਹਨ। ਇਸ ਸਮੇਂ ਮਕਸੂਦਪੁਰੀ ਹੁਰਾਂ ਕੁਝ ਕਾਵਿ-ਟੁਕੜੇ ਅਤੇ ਕਹਾਣੀ-ਅੰਸ਼ ਸਰੋਤਿਆਂ ਨਾਲ ਸਾਂਝੇ ਕੀਤੇ। ਹਾਜ਼ਰ ਲੇਖਕਾਂ ਨੇ ਵੰਨ-ਸੁਵੰਨੀਆਂ ਰਚਨਾਵਾਂ ਸੁਣਾਈਆਂ ਤੇ ਸਭਨਾਂ ਨੇ ਮਕਸੂਦਪੁਰੀ ਨੂੰ ਇਸ ਸ਼ਾਨਦਾਰ ਪੁਸਤਕ ਪ੍ਰਕਾਸ਼ਨਾ ਲਈ ਵਧਾਈਆਂ ਦਿੱਤੀਆਂ।ਮੰਚ ਸੰਚਾਲਨ ਦਵਿੰਦਰ ਪਟਿਆਲਵੀ ਨੇ ਬਾਖ਼ੂਬੀ ਨਿਭਾਇਆ।

## ਦੋਸਤੋ

**ਪੜ੍ਹਨ-ਲਿਖਣ, ਪਰਿਵਾਰ, ਸਾਹਿਤਕ, ਸਮਾਜਿਕ ਅਤੇ ਹੋਰ ਜਥੇਬੰਦਕ ਕਾਰਜਾਂ ਲਈ ਬਣਦਾ ਸਮਾਂ ਨਾ ਕੱਢ ਸਕਣ ਕਾਰਨ ਮੈਂ ਇਸ ਅੰਕ ਤੋਂ 'ਐਤਵਾਰਤਾ' ਦੀ ਸੰਪਾਦਕੀ ਜ਼ਿੰਮੇਵਾਰੀ ਤੋਂ ਮੁਕਤ ਹੋ ਰਿਹਾ ਹਾਂ। ਪਿਛਲੇ ਚਾਰ ਸਾਲ ਤੋਂ ਵੱਧ ਸਮੇਂ ਤੱਕ ਇਹ ਜ਼ਿੰਮੇਵਾਰੀ ਨਿਭਾਉਂਦਿਆਂ ਜਿਨ੍ਹਾਂ ਮਿੱਤਰਾਂ ਦਾ ਸਹਿਯੋਗ ਰਿਹਾ, ਮੈਂ ਹਮੇਸ਼ਾ ਉਨ੍ਹਾਂ ਦਾ ਰਿਣੀ ਰਹਾਂਗਾ। ਸ਼ੁਕਰੀਆ**

**ਹੁਣ ਮੇਰੀ ਈ-ਮੇਲ atwallkc@yahoo.com 'ਤੇ ਐਤਵਾਰਤਾ ਵਿੱਚ ਛਪਣ ਹਿੱਤ ਮੈਟਰ ਨਾ ਭੇਜਿਆ ਜਾਵੇ। ਇਹ ਮੈਟਰ ਹੁਣ nawanzamana@gmail.com 'ਤੇ ਭੇਜਿਆ ਜਾ ਸਕਦਾ ਹੈ।**

**- ਹਰਜਿੰਦਰ ਸਿੰਘ ਅਟਵਾਲ (ਡਾ.)**

## ਸ਼ਬਦ-ਸਾਂਝ ਵੱਲੋਂ ਸਮਾਗਮ

**ਕੋਟਕਪੂਰਾ**-ਸਾਹਿਤ ਅਤੇ ਕਲਾ ਨੂੰ ਸਮਰਪਿਤ ਮੰਚ ਸ਼ਬਦ-ਸਾਂਝ, ਕੋਟਕਪੂਰਾ ਵੱਲੋਂ ਨੌਜਵਾਨ ਸ਼ਾਇਰਾਂ ਦੀ ਸ਼ਾਇਰੀ ਦਾ ਆਨੰਦ ਮਾਨਣ ਲਈ ਕਰਵਾਇਆ ਗਿਆ "ਸ਼ਬਦ-ਸਾਂਝ ਕਵਿਤਾ-ਸਮਾਗਮ" ਬਹੁਤ ਹੀ ਸ਼ਾਨਦਾਰ ਅਤੇ ਯਾਦਗਾਰੀ ਹੋ ਨਿੱਬੜਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮੰਚ ਦੇ ਜਨਰਲ ਸਕੱਤਰ ਅਤੇ ਸ਼ਾਇਰ ਕੁਲਵਿੰਦਰ ਵਿਰਕ ਨੇ ਦੱਸਿਆ ਕਿ ਸ਼੍ਰੋਮਣੀ ਪੰਜਾਬੀ ਸ਼ਾਇਰ ਦਰਸ਼ਨ ਬੁੱਟਰ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਗਮ ਦੌਰਾਨ ਡਾ. ਲਖਵਿੰਦਰ ਜੌਹਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉੱਘੇ ਸਮਾਜ-ਸੇਵੀ ਬਲਜੀਤ ਸਿੰਘ ਖੀਵਾ ਨੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕੀਤੀ। ਜੀਤ ਸਿੰਘ ਸੰਧੂ, ਮਨਜੀਤ ਪੁਰੀ ਅਤੇ ਸੁਰਿੰਦਰਪ੍ਰੀਤ ਘਣੀਆਂ ਨੇ ਵੀ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਮੰਚ ਦੇ ਪ੍ਰਧਾਨ ਪ੍ਰੀਤ ਭਗਵਾਨ ਸਿੰਘ ਨੇ ਆਏ ਹੋਏ ਸਮੂਹ ਮਹਿਮਾਨਾਂ ਅਤੇ ਸ਼ਾਇਰਾਂ ਦਾ ਸਵਾਗਤ ਕਰਦਿਆਂ ਮੰਚ ਦੀਆਂ ਗਤੀਵਿਧੀਆਂ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਇਸ ਮੌਕੇ ਦੂਰੋਂ-ਨੇੜਿਓਂ ਆਏ 30 ਦੇ ਕਰੀਬ ਨੌਜਵਾਨ ਕਵੀਆਂ ਨੇ ਆਪਣੀਆਂ ਕਵਿਤਾਵਾਂ, ਗਜ਼ਲਾਂ ਅਤੇ ਗੀਤਾਂ ਰਾਹੀਂ ਖ਼ੂਬਸੂਰਤ ਰੰਗ ਬੰਨ੍ਹਿਆ ਅਤੇ ਸਮਾਗਮ ਨੂੰ ਯਾਦਗਾਰੀ ਬਣਾ ਦਿੱਤਾ । ਸ੍ਰੀ ਦਰਸ਼ਨ ਬੁੱਟਰ ਨੇ ਇਸ ਸਮਾਗਮ ਨੂੰ ਇੱਕ ਸ਼ਾਨਦਾਰ ਸਮਾਗਮ ਦੱਸਿਆ ਅਤੇ ਸ਼ਾਇਰਾਂ ਦੀ ਸ਼ਾਇਰੀ ਦੀ ਭਰਪੂਰ ਤਰੀਫ ਕਰਦਿਆਂ ਕੁਝ ਚੋਣਵੇਂ ਸ਼ਾਇਰਾਂ ਨੂੰ ਨਾਭਾ ਕਵਿਤਾ-ਉਤਸਵ ਲਈ ਵੀ ਸੱਦਾ ਦਿੱਤਾ। ਲਖਵਿੰਦਰ ਜੌਹਲ ਨੇ ਕੋਟਕਪੂਰਾ ਇਲਾਕੇ ਨਾਲ ਆਪਣੀ ਸਾਂਝ ਪ੍ਰਗਟ ਕਰਦਿਆਂ ਬਹੁਤ ਹੀ ਖ਼ੂਬਸੂਰਤ ਕਵਿਤਾਵਾਂ ਨਾਲ ਸਾਂਝ ਪਵਾਈ। ਬਲਜੀਤ ਸਿੰਘ ਖੀਵਾ ਨੇ ਕਿਹਾ ਕਿ ਅਜਿਹੇ ਸਮਾਗਮ ਕਰਵਾ ਕੇ ਨੌਜਵਾਨ ਪੀੜ੍ਹੀ ਨੂੰ ਸਿਰਜਨਾਤਮਕ ਰਸਤੇ ਵੱਲ ਤੋਰਿਆ ਜਾ ਸਕਦਾ ਹੈ । ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਪੁਰੀ, ਸੁਰਿੰਦਰਪ੍ਰੀਤ ਘਣੀਆਂ, ਜਗਸੀਰ ਜੀਦਾ, ਪ੍ਰੀਤ ਜੱਗੀ, ਗੁਰਪਿਆਰ ਹਰੀ ਨੌ, ਮਨ ਮਾਨ, ਗੁਰਪ੍ਰੀਤ ਧਰਮਕੋਟ, ਚਰਨਜੀਤ ਸਮਾਲਸਰ, ਕੁਲਵਿੰਦਰ ਵਿਰਕ ਆਦਿ ਸ਼ਾਮਲ ਹੋਏ। ਮੰਚ-ਸੰਚਾਲਨ ਦੀ ਭੂਮਿਕਾ ਕੁਲਵਿੰਦਰ ਵਿਰਕ ਨੇ ਖ਼ੂਬਸੂਰਤ ਢੰਗ ਨਾਲ ਨਿਭਾਈ।

## ਮੋਹਣ ਮਤਿਆਲਵੀ ਤੇ ਨਿਰਮਲ ਅਰਪਨ ਦਾ ਸਨਮਾਨ



**ਅੰਮ੍ਰਿਤਸਰ**-ਅੱਖਰ ਸਾਹਿਤ ਅਕਾਦਮੀ ਤੇ ਡਾ. ਕੁਲਵੰਤ ਯਾਦਗਾਰੀ ਟਰੱਸਟ ਅਸਟਰੇਲੀਆ ਵੱਲੋਂ ਸਾਂਝੇ ਉੱਦਮ ਨਾਲ ਸਾਦੇ ਤੇ ਪ੍ਰਭਾਵਸ਼ਾਲੀ ਪ੍ਰੋਗਰਾਮ ਦੌਰਾਨ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ ਇਹ ਸਨਮਾਨ ਦਿੱਤੇ ਗਏ। ਮੁੱਖ ਮਹਿਮਾਨ ਸਤਿਕਾਰਯੋਗ ਡਾ. ਹਰਭਜਨ ਭਾਟੀਆ, ਵਿਸ਼ੇਸ਼ ਮਹਿਮਾਨ ਡਾ. ਨਰੇਸ਼ ਕੁਮਾਰ ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ, ਅੱਖਰ ਦੇ ਸਰਪ੍ਰਸਤ ਡਾ. ਵਿਕਰਮਜੀਤ ਸਿੰਘ, ਸ਼ਾਇਰ ਮੋਹਣ ਮਤਿਆਲਵੀ, ਨਿਰਮਲ ਅਰਪਨ ਤੇ ਪ੍ਰਸ਼ੋਤਮ ਅਜਨਾਲਾ ਪ੍ਰਧਾਨਗੀ ਮੰਡਲ 'ਚ ਸੁਸ਼ੋਭਿਤ ਹੋਏ। ਡਾਕਟਰ ਹੀਰਾ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਨੇ ਨਿਰਮਲ ਅਰਪਨ ਦੇ ਜੀਵਨ ਤੇ ਉਨ੍ਹਾਂ ਦੀਆਂ ਸਾਹਿਤਕ ਪੁਸਤਕਾਂ ਤੇ ਪ੍ਰਾਪਤੀਆਂ ਬਾਰੇ ਬੜੇ ਭਾਵਪੂਰਤ ਸ਼ਬਦਾਂ ਨਾਲ ਜਾਣਕਾਰੀ ਸਾਂਝੀ ਕੀਤੀ। ਬਖਤਾਵਰ ਧਾਲੀਵਾਲ ਨੇ ਸ਼ਾਇਰ ਮੋਹਣ ਮਤਿਆਲਵੀ ਦੇ ਸਾਹਿਤਕ ਸਫ਼ਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਮਤਿਆਲਵੀ ਪ੍ਰਤੀਬੱਧ ਸ਼ਾਇਰ ਹੈ, ਜਿਸ ਦਾ ਮੁਲਾਂਕਣ ਨਿੱਠ ਕੇ ਕਰਨਾ ਬਣਦਾ ਹੈ। 'ਅੱਖਰ' ਦੇ ਸਰਪ੍ਰਸਤ ਤੇ ਵਿਦੇਸ਼ ਸੰਪਾਦਕ ਡਾਕਟਰ ਕਰਨੈਲ ਸ਼ੇਰਗਿੱਲ, 'ਅੱਖਰ' ਦੇ ਸਫ਼ਰ ਤੇ ਮੰਤਵ ਬਾਰੇ ਆਪਣੀਆਂ ਭਾਵਨਾਵਾਂ ਸਾਂਝੀਆਂ ਕੀਤੀਆਂ। ਡਾਕਟਰ ਨਰੇਸ਼ ਨੇ ਆਪਣੇ ਭਾਸ਼ਣਾਂ ਵਿੱਚ ਕਿਹਾ ਕਿ ਪ੍ਰਮਿੰਦਰਜੀਤ ਦਾ ਅਣਛਪਿਆ ਸਾਹਿਤ ਛਪਣ ਦੀ ਲੋੜ ਹੈ, ਜਿਸ ਲਈ ਸਾਨੂੰ ਸਭ ਨੂੰ ਸੁਹਿਰਦ ਕੋਸ਼ਿਸ਼ ਕਰਨੀ ਚਾਹੀਦੀ ਹੈ। ਡਾਕਟਰ ਹਰਭਜਨ ਭਾਟੀਆ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਡਾਕਟਰ ਕੁਲਵੰਤ ਨੇ ਆਪਣੀਆਂ ਕਹਾਣੀਆਂ 'ਚ ਵੱਖਰੇ ਵਿਸ਼ੇ ਤੇ ਹੈਰਾਨ ਕਰਨ ਵਾਲੇ ਬਿਰਤਾਂਤ ਸਿਰਜੇ ਸਨ, ਉਸ ਕੋਲ ਬਹੁਤ ਸਮਰੱਥਾ ਸੀ, ਪਰ ਉਹ ਵਕਤ ਤੋਂ ਪਹਿਲਾਂ ਚਲਾ ਗਿਆ। ਇਵੇਂ ਹੀ ਪ੍ਰਮਿੰਦਰਜੀਤ ਸਾਡੇ ਸਮਿਆਂ ਦਾ ਵੱਡਾ ਸ਼ਾਇਰ ਤੇ ਸੰਪਾਦਕ ਸੀ, ਜਿਸ ਦੀਆਂ ਲਿਖਤਾਂ ਦੀ ਸ਼ੈਲੀ ਵਿਲੱਖਣ ਸੀ। ਉਪਰੰਤ ਦੋਵਾਂ ਸਨਮਾਨਿਤ ਸ਼ਖਸੀਅਤਾਂ ਨੇ ਕਿਹਾ ਕਿ ਸਾਡੀ ਜ਼ੁੰਮੇਵਾਰੀ ਹੋਰ ਵੀ ਵਧ ਗਈ ਹੈ।

ਇਸ ਪ੍ਰੋਗਰਾਮ 'ਚ ਏਕਮ ਦੀ ਸੰਪਾਦਕ ਅਰਤਿੰਦਰ ਸੰਧੂ, ਭੁਪਿੰਦਰ ਸੰਧੂ, ਪੂਰਨ ਪਿਆਸਾ, ਭੀਮ ਸੈਨ, ਜਗੀਰ ਜੋਸ਼ਨ, ਬਰਕਤ ਵੋਹਰਾ, ਧਰਮਿੰਦਰ ਔਲਖ, ਪਰਿੰਦਰਜੀਤ ਪਰਵਾਰ, ਸ਼ਾਇਰਾ ਸੁਜਾਤਾ, ਸ਼ਾਇਰ ਕੰਵਲਜੀਤ ਭੁੱਲਰ ਆਦਿ ਨੇ ਵੀ ਇਸ ਪ੍ਰੋਗਰਾਮ 'ਚ ਸ਼ਿਰਕਤ ਕੀਤੀ।

# ਪਾਠਕਾਂ ਦੇ ਝਰੋਖੇ 'ਚੋਂ

## ਪਰਖ ਪੜਚੋਲ

24 ਮਾਰਚ ਐਤਵਾਰ ਦੇ ਨਵਾਂ ਜ਼ਮਾਨਾ ਵਿਚ ਨਾਰੀ ਕਹਾਣੀਕਾਰਾ ਸੁਰਿੰਦਰ ਨੀਰ ਦੇ ਨਵੇਂ ਕਹਾਣੀ ਸੰਗ੍ਰਹਿ ਟੈਂਬੂ ਦੀ ਲੰਮੀ ਸਮੀਖਿਆ ਲਿਖਤ ਪੜ੍ਹੀ। ਡਾ. ਜਸਵਿੰਦਰ ਕੌਰ ਨੇ ਸੰਗ੍ਰਹਿ ਦੀਆਂ ਕਹਾਣੀਆਂ ਦੀ ਜਾਣ-ਪਛਾਣ ਕਰਵਾਈ ਹੈ, ਪਰ ਲਿਖਤ ਦੇ ਦੋ ਕਾਲਮ ਭਾਸ਼ਾ ਦੇ ਸੁਹਜ ਬਾਰੇ ਹਨ। ਸੁਰਿੰਦਰ ਨੀਰ ਜੰਮੂ ਦੇ ਹੋਣ ਕਰਕੇ ਉਨ੍ਹਾਂ ਦੀ ਕਹਾਣੀ ਵਿਚ ਡੋਗਰੀ ਦਾ ਪ੍ਰਭਾਵ ਹੈ ।ਕਸ਼ਮੀਰੀ ਜ਼ੁਬਾਨ ਦਾ ਵੀ ਪ੍ਰਭਾਵ ਹੈ ।ਟੈਂਬੂ ਸ਼ਬਦ ਹੀ ਉਸ ਖਿੱਤੇ ਦਾ ਸ਼ਬਦ ਹੈ। ਜੰਮੂ ਖੇਤਰ ਦੀ ਪੰਜਾਬੀ ਕਹਾਣੀ ਪੰਜਾਬੀ ਦੀ ਉਪ ਭਾਸ਼ਾ ਦਾ ਰੂਪ ਹੈ, ਪਰ ਸਾਡੇ ਪੰਜਾਬੀ ਜ਼ਿਆਦਾ ਠੇਠ ਪੰਜਾਬੀ ਹੀ ਬੋਲਦੇ ਹਨ। ਕਸ਼ਮੀਰ ਇਲਾਕੇ ਵਿੱਚੋਂ ਸਰਦੀਆਂ ਵਿਚ ਪੰਜਾਬ ਆਏ ਕਸ਼ਮੀਰੀ ਪੰਜਾਬੀ ਚੰਗੀ ਤਰ੍ਹਾਂ ਸਮਝਦੇ ਹਨ ਤੇ ਪੰਜਾਬੀ ਵਿੱਚ ਗੱਲਬਾਤ ਵੀ ਕਰਦੇ ਹਨ। ਹਾਂ ਡੋਗਰੀ ਕਸ਼ਮੀਰੀ ਮਿੱਠੀ ਜ਼ੁਬਾਨ ਹੈ, ਜਿਵੇਂ ਲਹਿੰਦੇ ਪੰਜਾਬ ਦੀ ਪੰਜਾਬੀ ਸਾਡੇ ਪੰਜਾਬ ਨਾਲੋਂ ਜ਼ਿਆਦਾ ਠੇਠ ਤੇ ਮਿੱਠੇ ਲਹਿਜੇ ਵਾਲੀ ਹੈ। ਦਵਿੰਦਰ ਕੌਰ ਗੁਰਾਇਆ ਦੇ ਨਵੇਂ ਕਹਾਣੀ ਸੰਗ੍ਰਹਿ 'ਮਰਿਆ ਨ੍ਹੀਂ ਜਿਉਂਦਾ ਹਾਂ' ਦੀਆਂ ਕਹਾਣੀਆਂ ਬਾਰੇ ਸਾਡੇ ਪ੍ਰਸਿੱਧ ਆਲੋਚਕ ਡਾ. ਕਰਮਜੀਤ ਸਿੰਘ ਨਡਾਲਾ ਨੇ ਭਰਵੀਂ ਜਾਣਕਾਰੀ ਦਿੱਤੀ ਹੈ। ਮੈਂ ਇਹ ਕਿਤਾਬ ਪੜ੍ਹੀ ਹੈ। ਕਹਾਣੀਕਾਰਾ ਵਿਦੇਸ਼ ਵਿਚ ਰਹਿਣ ਕਰਕੇ ਉਸ ਦੀ ਕਹਾਣੀ ਦੇ ਕਈ ਪਾਤਰ ਵਿਦੇਸ਼ੀ ਰੰਗਤ ਵਾਲੇ ਹਨ, ਪਰ ਪਾਤਰ ਰਿਸ਼ਤਿਆਂ ਦੀ ਪਛਾਣ ਰੱਖਦੇ ਹਨ ।ਕਹਾਣੀ ਸੰਗ੍ਰਹਿ ਪੰਜਾਬੀ ਰਿਸ਼ਤਿਆਂ ਦੀ ਚੰਗੀ ਪੇਸ਼ਕਾਰੀ ਹੈ। ਕਹਾਣੀਕਾਰਾ ਵੀ ਰਿਸ਼ਤਿਆਂ ਦੀ ਰੂਹ ਤੱਕ ਜਾਂਦੀ ਹੈ। ਪੰਜਾਬੀ ਕਹਾਣੀ ਖੇਤਰ ਵਿੱਚ ਇਸ ਸੰਗ੍ਰਹਿ ਦੀ ਚੰਗੀ ਚਰਚਾ ਹੋ ਰਹੀ ਹੈ ।ਸੰਗ੍ਰਹਿ ਖਾਰਾ ਪਾਣੀ, ਗੁਲਰੇਖੀ ਤੇ ਫੁੱਲ ਸਰਕਲ ਬਾਰੇ ਪੜ੍ਹ ਕੇ ਸਾਹਿਤਕ ਆਨੰਦ ਆ ਗਿਆ ।ਨਵਾਂ ਜ਼ਮਾਨਾ ਉਚੇਚੇ ਤੌਰ 'ਤੇ ਮਾਹਰ ਆਲੋਚਕ ਸਾਹਿਬਾਨਾਂ ਤੋਂ ਕਿਤਾਬਾਂ ਦੀ ਸਮੀਖਿਆ ਕਰਵਾ ਰਿਹਾ ਹੈ। ਇਹ ਨਵਾਂ ਜ਼ਮਾਨਾ ਦੀ ਪੁਰਾਣੀ ਤੇ ਸਦੀਵੀ ਵਿਸ਼ੇਸ਼ਤਾ ਹੈ। ਸਰਗਰਮੀਆਂ ਵਿਚ ਜਰਨੈਲ ਸਿੰਘ ਸੇਖਾ ਦੇ ਨਵੇਂ ਨਾਵਲ ਨਾਬਰ ਦੀ ਵਿਚਾਰ ਚਰਚਾ ਰਿਪੋਰਟ ਭਾਸ਼ਾ ਵਿਭਾਗ ਵੱਲੋਂ ਸਾਹਿਤਕਾਰ ਗੁਰਪ੍ਰੀਤ ਧੁੱਗਾ ਦਾ ਸਨਮਾਨ, ਕੱਕੀਆਂ ਕਣੀਆਂ 'ਤੇ ਗੋਸ਼ਟੀ ਡਾ. ਰਘਬੀਰ ਸਿੰਘ ਸਿਰਜਨਾ ਨੂੰ ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਭੇਟਾ ਆਦਿ ਸਾਹਿਤਕ ਰਿਪੋਰਟਾਂ ਪੜ੍ਹ ਕੇ ਲੱਗਾ, ਜਿਵੇਂ ਇਨ੍ਹਾਂ ਸਮਾਗਮਾਂ ਦਾ ਹਿੱਸਾ ਹੋਵਾਂ। ਦੋ ਕਵਿਤਾਵਾਂ ਵਿਚ 'ਅੱਛੇ ਕਵੀ ਜ਼ਿਦ ਨਹੀਂ ਕਰਦੇ' ਵਿਚ ਵਿਅੰਗ ਹੈ। ਸਰਕਾਰਾਂ ਦੇ ਝੋਲੀ ਚੁੱਕ ਕਵੀਆਂ ਦੀ ਸ਼ਖਸੀਅਤ ਨੂੰ ਨੰਗਾ ਕੀਤਾ ਹੈ ।ਬਹੁਤ ਲੋਕ ਹਨ ਜੋ ਸਰਕਾਰਾਂ ਦੇ ਕਸੀਦੇ ਕੱਢ ਕੇ ਵੱਡੇ-ਵੱਡੇ ਪੁਰਸਕਾਰ ਹਾਸਲ ਕਰਦੇ ਹਨ ।ਇਹੋ ਜਿਹੇ ਜੁਗਾੜੂ ਕਵੀਆਂ ਦਾ ਚਿਹਰਾ ਕਵੀ ਰਵਿੰਦਰ ਸਹਿਰਾਅ ਨੇ ਪਾਠਕਾਂ ਨੂੰ ਵਿਖਾਇਆ ਹੈ। ਦੂਸਰੀ ਕਵਿਤਾ ਵਿਚ ਧਰਤੀ ਨੂੰ ਔਰਤ ਨਾਲ ਤੁਲਨਾਇਆ ਹੈ ਡਾ. ਸ਼ਿਆਮ ਸੁੰਦਰ ਦੀਪਤੀ ਨੇ। ਖਿਲਰਨਾ ਜਾਂ ਫੈਲਾਓ ਵਿਚ ਬਹੁਤ ਪਤੇ ਦੀਆਂ ਗੱਲਾਂ ਕੀਤੀਆਂ ਹਨ। ਗਿਆਨ ਵੰਡਿਆਂ ਵਧਦਾ ਹੈ ।ਇਹ ਸਾਰੀ ਲਿਖਤ ਦਾ ਨਿਚੋੜ ਹੈ, ਪਰ ਦੀਪਤੀ ਦੀ ਵਾਰਤਕ ਦਾ ਸਹਿਜ ਟੁੰਭਣਸ਼ੀਲ ਹੈ। ਇਸ ਦਿਨ ਇਕ ਪਾਠਕ ਨੇ ਦੀਪਤੀ ਜੀ ਨੂੰ ਸਵੈਜੀਵਨੀ ਲਿਖਣ ਦੀ ਸਲਾਹ ਦਿੱਤੀ ਹੈ, ਪਰ ਨਵਾਂ ਜ਼ਮਾਨਾ ਦਾ ਇਹ ਕਾਲਮ ਅਸਲ ਵਿਚ ਦੀਪਤੀ ਦੀ ਜ਼ਿੰਦਗੀ ਦੀ ਖਿੜਕੀ ਹੈ, ਜੋ ਹਰ ਐਤਵਾਰ ਖੁੱਲ੍ਹ ਰਹੀ ਹੈ। ਨਿੱਕੇ-ਨਿੱਕੇ ਪਰ ਭਾਵਪੂਰਤ ਤੇ ਮਹੱਤਵਪੂਰਨ ਪਲਾਂ ਵਿੱਚੋਂ ਲੰਘਣ ਵਾਲੇ ਡਾ. ਦੀਪਤੀ ਦਾ ਨਿੱਜੀ ਜੀਵਨ ਇਸ ਵਿਚ ਦਰਪਨ ਵਾਂਗ ਦਿਸ ਰਿਹਾ ਹੈ। 'ਲੋਕਾਂ ਦੀ ਗੱਲ' ਵਿਚ ਪ੍ਰਗਤੀਸ਼ੀਲ ਸੰਘ ਦੀ ਜਾਣਕਾਰੀ ਮਿਲੀ। ਗੁਰਮੀਤ ਸ਼ੁਗਲੀ ਨੇ ਅਬ ਕੀ ਬਾਰ ਦਾ ਸੱਚ ਸਾਹਮਣੇ ਲਿਆਂਦਾ ਹੈ। ਲੋਕ ਅੱਛੇ ਦਿਨ ਲਿਆਉਣ ਦੇ ਚੱਕਰ ਵਿਚ ਪਹਿਲਾਂ ਖਤਾ ਖਾ ਗਏ ਸੀ। ਲੰਮੀਆਂ ਕਤਾਰਾਂ ਵਿਚ ਖੜੋ ਕੇ ਨੋਟ ਬਦਲਣ ਵਾਲਾ ਸੀਨ ਕਿਸੇ ਨੂੰ ਭੁੱਲਦਾ ਨਹੀਂ ਹੈ। ਡਾ. ਲਖਵਿੰਦਰ ਸਿੰਘ ਜੌਹਲ ਨੇ ਜਾਗਦੀਆਂ ਅੱਖਾਂ ਵਾਲੇ ਤਿੱਖੇ ਸ਼ਾਇਰ ਪਾਸ਼ ਦੀ ਦਿਬ ਦ੍ਰਿਸ਼ਟੀ ਦਾ ਜ਼ਿਕਰ ਬਹੁਤ ਸੋਹਣੇ ਲਫਜ਼ਾਂ ਵਿਚ ਕੀਤਾ ਹੈ। ਪਾਸ਼ ਕਾਵਿ ਸਮੇਂ ਦੇ ਨਕਸ਼ਾਂ ਦਾ ਗੂੜ੍ਹਾ ਰੰਗ ਹੈ। ਪਾਸ਼ ਦੀ ਕਵਿਤਾ ਸਦੀਵ ਕਾਲ ਕਵਿਤਾ ਹੈ। ਉਸ ਦੀ ਕਵਿਤਾ ਦਾ ਵਿਦਰੋਹੀ ਅੰਸ਼ ਯਾਦਗਾਰੀ ਹੈ। ਡਾ. ਜੌਹਲ ਨੇ ਇਸ ਲਿਖਤ ਵਿਚ ਪਾਸ਼ ਦੇ ਦਰਸ਼ਨ ਕਰਵਾਏ ਹਨ ।ਬਹੁਤ ਆਨੰਦ ਆਇਆ।

*— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ*

# ਅਣਗੌਲਿਆ ਨਾਟਕਕਾਰ-ਰੰਗਕਰਮੀ



**ਚੰਡੀਗੜ੍ਹ**: ਅੱਜ ਜਦੋਂ ਸਾਰੀ ਦੁਨੀਆ ਵਿੱਚ ਵਿਸ਼ਵ ਰੰਗ-ਮੰਚ ਦਿਵਸ ਮਨਾਇਆ ਜਾ ਰਿਹਾ ਹੈ ਤਾਂ ਪੰਜਾਬ ਵਿੱਚ ਵੀ ਪੰਜਾਬੀ ਰੰਗ-ਮੰਚ ਦੇ ਨਾਲ ਜੁੜੇ ਰੰਗਕਰਮੀ ਰੰਗ-ਮੰਚ ਨਾਲ ਸੰਬੰਧਤ ਮੰਡਲੀਆਂ ਵੱਲੋਂ ਸਿੱਖਿਆ ਅਦਾਰਿਆਂ ਅਤੇ ਯੂਨੀਵਰਸਿਟੀਆਂ ਵਿੱਚ ਵੱਖ-ਵੱਖ ਪ੍ਰੋਗਰਾਮ ਕੀਤੇ ਜਾ ਰਹੇ ਹਨ। ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲਿਆਂ ਨੇ ਵੀ ਪੰਜਾਬੀ ਰੰਗ-ਮੰਚ ਦੇ ਭੂਤ, ਵਰਤਮਾਨ ਅਤੇ ਭਵਿੱਖ ਦੀਆਂ ਰੰਗ-ਮੰਚੀ ਗਤੀਵਿਧੀਆਂ ਦਾ ਮੁਲਾਂਕਣ ਕਰਨਾ ਹੈ।ਆਧੁਨਿਕ ਰੰਗ-ਮੰਚ ਦੀ ਪੜਚੋਲ ਕਰਨ ਵੇਲੇ ਆਈ.ਸੀ. ਨੰਦਾ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਬਿਨਾਂ ਕਿਸੇ ਦਵੰਦ ਦੇ ਉਨ੍ਹਾਂ ਨੂੰ ਪੰਜਾਬੀ ਰੰਗ-ਮੰਚ ਦਾ ਪਿਤਾਮਾ ਕਿਹਾ ਜਾਂਦਾ ਹੈ। ਪੰਜਾਬੀ ਰੰਗ-ਮੰਚ ਵਿੱਚ ਨੌਰਾ ਰਿਚਰਡ ਨੂੰ ਯਾਦ ਕਰਦੇ ਅਨੇਕਾਂ ਟੋਲੀਆਂ/ਕਾਲਜਾਂ ਅਤੇ ਯੂਨੀਵਰਸਿਟੀਆਂ ਅੰਧਰੇਟੇ ਵਿਖੇ ਅਨੇਕਾਂ ਪ੍ਰੋਗਰਾਮ ਕਰਨਾ ਆਪਣਾ ਮਾਣ ਸਮਝਦੀਆਂ ਹਨ, ਜੋ ਹੈ ਵੀ। ਬਹੁ-ਰੰਗ ਕਲਾਮੰਚ ਹੁਸ਼ਿਆਰਪੁਰ ਨੇ ਵੀ 1989 ਤੋਂ ਸਰਗਰਮ ਹੋ ਕੇ ਬਹੁਤ ਪ੍ਰੋਗਰਾਮ ਅਤੇ ਪ੍ਰਦਰਸ਼ਨ ਹੁਣ ਤੱਕ ਲਗਾਤਾਰ ਕੀਤੇ ਹਨ।ਪੰਜਾਬੀ ਆਧੁਨਿਕ ਰੰਗ-ਮੰਚ ਲਾਹੌਰ ਕਾਲਜ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਅਸੀਂ ਵੀ ਪ੍ਰੋ. ਆਈ.ਸੀ. ਨੰਦਾ ਨੂੰ ਪਿਤਾਮਾ ਮੰਨ ਕੇ ਉਨ੍ਹਾਂ ਦੇ ਜਨਮ ਦਿਨ 30 ਸਤੰਬਰ ਅਤੇ ਵਿਸ਼ਵ ਰੰਗ-ਮੰਚ ਦਿਵਸ ਦੇ ਮੌਕੇ ਅਨੇਕਾਂ ਵਾਰ ਮਨਾਉਂਦੇ ਆਏ ਹਾਂ, ਪਰ ਕਦੇ ਵੀ ਉਨ੍ਹਾ ਦੇ ਜਨਮ ਸਥਾਨ ਅਤੇ ਪਿੰਡ ਵੱਲ ਧਿਆਨ ਹੀ ਨਹੀਂ ਗਿਆ, ਕਦੇ ਵੀ ਭਾਸ਼ਾ ਵਿਭਾਗ/ਡਰਾਮਾ ਡਿਪਾਰਟਮੈਂਟਾਂ/ਯੂਨੀਵਰਸਿਟੀਆਂ ਅਤੇ ਮਾਂ-ਬੋਲੀ ਨੂੰ ਪਿਆਰ ਕਰਨ ਵਾਲਿਆਂ ਦਾ ਉਨ੍ਹਾ ਉਪਰ ਧਿਆਨ ਹੀ ਨਹੀਂ ਗਿਆ। ਪਿਛਲੇ ਸਾਲ ਤੋਂ ਉਤਸੁਕਤਾ ਜ਼ਰੂਰ ਸੀ। ਮੇਰਾ ਧਿਆਨ ਇਸ ਵਿਸ਼ੇ ਵੱਲ ਗਿਆ ਤਾਂ ਪਤਾ ਲੱਗਾ ਕਿ ਪਿੰਡ "ਗਾਂਧੀਆਂ" ਜ਼ਿਲ੍ਹਾ ਗੁਰਦਾਸਪੁਰ ਪ੍ਰੋ. ਆਈ.ਸੀ. ਨੰਦਾ ਦੀ ਜਨਮ ਭੂਮੀ ਹੈ। ਅਸੀਂ ਦਸੂਹਾ ਅਤੇ ਮੁਕੇਰੀਆਂ ਵਿਖੇ ਨਾਟਕ ਕਰਨ ਸਮੇਂ ਸੋਚਿਆ ਕਿ ਉਥੇ ਜਾਇਆ ਜਾਵੇ, ਕਿਉਂਕਿ ਹੁਣ ਮਾਤ-ਭਾਸ਼ਾ ਉਪਰ ਬਹੁਤ ਕੰਮ ਹੋ ਰਿਹਾ ਹੈ ਅਤੇ ਕੋਈ ਵੀ ਮਾਤ-ਭਾਸ਼ਾ ਉਸ ਦੇ ਰੰਗ-ਮੰਚ ਅਤੇ ਸਿਨੇਮਾ ਦੇ ਵਿਕਸਤ ਹੋਣ ਤੋਂ ਪਹਿਲਾਂ ਵਿਕਸਤ ਨਹੀਂ ਹੋ ਸਕਦੇ ... ਅਤੇ ਅਸੀਂ ਇਸ ਵਾਰ ਗਾਂਧੀਆਂ ਜਾਣ ਦਾ ਪ੍ਰੋਗਰਾਮ ਬਣਾਇਆ।ਬੜੇ ਉਤਸ਼ਾਹ ਨਾਲ ਅਸੀਂ ਪੰਜਾਬੀ ਰੰਗ-ਮੰਚ ਦੇ ਪਿਤਾਮਾ ਦੀ ਜਨਮ ਭੂਮੀ ਉਨ੍ਹਾਂ ਦੇ ਪਿੰਡ ਵੱਲ ਚਾਲੇ ਪਾਏ, ਜਿੱਥੇ ਪਹੁੰਚ ਕੇ ਸਾਨੂੰ ਨਿਰਾਸ਼ਤਾ ਨਾਲ ਭਰੀ ਗਠੜੀ ਹੀ ਸਾਡੇ ਹੱਥ ਆਈ। ਪਿੰਡ ਗਾਂਧੀਆਂ ਪੁੱਜਦੇ ਸਾਰ ਕਿਸੇ ਪਾਸਿਓਂ ਕੋਈ ਚੰਗੀ ਜਾਣਕਾਰੀ ਨਹੀਂ ਮਿਲ ਰਹੀ ਸੀ। ਪਿੰਡ ਦੀ ਆਂਗਣਵਾੜੀ ਵਿੱਚ ਉਨ੍ਹਾਂ ਦੇ ਨਾਂਅ ਦਾ ਬੋਰਡ ਲੱਗਿਆ ਹੋਣ ਦਾ ਪਤਾ ਲੱਗਾ। ਪੂਰੇ ਉਤਸ਼ਾਹ ਨਾਲ ਸਾਰੀ ਟੀਮ ਆਂਗਣਵਾੜੀ ਗਾਂਧੀਆਂ ਵੱਲ ਵਧ ਰਹੀ ਸੀ, ਰਸਤੇ ਵਿੱਚ ਮਿਲੇ ਬੰਦਿਆਂ ਤੋਂ ਪੁੱਛਿਆ ਜਾ ਰਿਹਾ ਸੀ, ਜਿਸ ਵਿੱਚ ਕੋਈ ਆਸ ਨਹੀਂ ਮਿਲ ਰਹੀ ਸੀ। ਆਂਗਣਵਾੜੀ ਵਿੱਚ ਦਾਖਲ ਹੋਣ 'ਤੇ ਕੁਝ ਨਹੀਂ ਮਿਲਿਆ, ਪਰ ਉਥੇ ਇਕ ਆਦਮੀ ਨੇ ਸਾਨੂੰ "ਬਾਬਾ ਬੀਰ੍ਹਾ" ਬਾਰੇ ਦੱਸਿਆ ਤਾਂ ਉਨ੍ਹਾਂ ਦੇ ਘਰ ਤੋਂ ਥੋੜ੍ਹੀ ਜਾਣਕਾਰੀ ਮਿਲੀ। ਮੁੜ ਆਂਗਣਵਾੜੀ ਵੱਲ ਮੂੰਹ ਕੀਤਾ ਤਾਂ ਪਤਾ ਲੱਗਾ ਕਿ ਆਹ ਜੋ ਬੋਰਡ ਮੂਧੇ ਮੂੰਹ ਪਿਆ ਹੈ, ਇਹ ਪੰਜਾਬੀ ਰੰਗ-ਮੰਚ ਦੇ ਪਿਤਾਮਾ ਦੀ ਉਨ੍ਹਾਂ ਦੇ ਪਿੰਡ ਵਿੱਚ ਯਾਦ ਹੈ।ਅੱਜ ਪੰਜਾਬੀ ਰੰਗ-ਮੰਚ ਮਨ ਪੁੱਛਦਾ ਹੈ ਕਿ ਸੰਗੀਤ ਨਾਟਕ ਅਕੈਡਮੀ ਪੰਜਾਬ, ਭਾਸ਼ਾ ਵਿਭਾਗ, ਪੰਜਾਬੀ, ਪੰਜਾਬ, ਖੇਤੀਬਾੜੀ ਅਤੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਨਾਲ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲਿਆਂ ਦੇ ਰੰਗ-ਮੰਚ ਦੇ ਪਿਤਾਮਾ ਦੀ ਜਨਮ ਭੂਮੀ ਦਾ ਇਹ ਕੀ ਹਾਲ ਹੈ। ਇਹ ਅਸੀਂ ਭੂਤਕਾਲ ਕਿਸ ਤਰ੍ਹਾਂ ਸੰਭਾਲਿਆ ਹੈ, ਵਰਤਮਾਨ ਤੇ ਭਵਿੱਖ ਵੀ ਇਸ ਤਰ੍ਹਾਂ ਦਾ ਹੀ ਹੋਵੇਗਾ। ਸਵਾਲ ਤਾਂ ਇਹ ਉੱਠਦਾ ਹੈ ਕਿ ਅਸੀਂ ਅਤੇ ਸਾਡੇ ਬੁੱਧੀਜੀਵੀ ਅਤੇ ਅਦਾਰੇ ਪੰਜਾਬੀ ਰੰਗ-ਮੰਚ ਲਈ ਕਿੰਨੇ ਕੁ ਸੁਹਿਰਦ ਹਨ?

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਵਿੱਦਿਆ ਵੀਚਾਰੀ... ਬਨਾਮ ਵਪਾਰ : ਜਸਪ੍ਰੀਤ ਕੌਰ**

**ਕਸ਼ਮੀਰ ਗ੍ਰੇਟ ਲੇਕ ਟਰੈਕ : ਦੇਵ ਕੁਰਾਈਵਾਲਾ**

**'ਟੋਆ' ਦੀ ਪਰਖ ਪੜਚੋਲ : ਡਾ. ਜਸਵਿੰਦਰ ਕੌਰ ਬਿੰਦਰਾ**

**ਗੁਰਜੰਟ ਰਾਜੇਆਣਾ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ**

